0200/Beant kaur

PUNJAB VIDHAN SABHA

Tuesday, the 28th November, 2023

The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 2.00 P.M. Mr Speaker (Sardar Kultar Singh Sandhwan) in the Chair.

OBITUARY REFERENCES

ਮਾਣਯੋਗ ਸਪੀਕਰ : ਵਾਹਿਗੁਰੂ । ਅਕਾਲ ਚਲਾਣਿਆਂ ਦਾ ਵਰਨਣ। ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿਛੜ ਗਈਆਂ ਹਨ। ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਇਕੱਤਰ ਹੋਏ ਹਾਂ।

ਕੁਝ ਅਜਿਹੀਆਂ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਾ ਕੇ, ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ, ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਟ ਕਰੀਏ।

ਸਰਦਾਰ ਹਰਬੰਤ ਸਿੰਘ ਦਾਤੇਵਾਸ, ਸਾਬਕਾ ਵਿਧਾਇਕ ਸਾਨੂੰ ਮਿਤੀ 25 ਨਵੰਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 1.1.1949 ਨੂੰ ਪਿੰਡ ਦਾਤੇਵਾਸ, ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਉਹ ਸਾਲ 2002 ਵਿੱਚ ਬੁੱਢਲਾਡਾ ਵਿਧਾਨ ਸਭਾ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਹ ਮਾਰਕੀਟ ਕਮੇਟੀ ਦੇ ਚੇਅਰਮੈਨ ਅਤੇ ਪੰਚਾਇਤ ਯੂਨੀਅਨ, ਜ਼ਿਲ੍ਹਾ ਮਾਨਸਾ ਦੇ ਜਨਰਲ ਸਕੱਤਰ ਵੀ ਰਹੇ। ਉਹ ਲੈਂਡ ਮਾਰਟਗੇਜ ਬੈਂਕ ਦੇ ਚੇਅਰਮੈਨ ਅਤੇ ਡਾਇਰੈਕਟਰ ਵੀ ਰਹੇ। ਉਹ ਪਿੰਡ ਦਾਤੇਵਾਸ ਦੇ ਸਰਪੰਚ ਵੀ ਰਹੇ। ਇਸ ਤੋਂ ਇਲਾਵਾ ਉਨ੍ਹਾਂ ਵਲੋਂ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ।

ਸਰਦਾਰ ਅਮਰ ਸਿੰਘ ਸੁਖੀਜਾ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 31 ਜੁਲਾਈ, 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 14 ਜੂਨ, 1924 ਨੂੰ ਜ਼ਿਲ੍ਹਾ ਫਰੀਦਕੋਟ ਵਿਖੇ ਹੋਇਆ। ਉਨ੍ਹਾਂ ਵਲੋਂ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਭਰਪੂਰ ਯੋਗਦਾਨ ਪਾਇਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਰਿਆਸਤੀ ਪਰਜਾ ਮੰਡਲ ਲਹਿਰ ਵਿੱਚ ਵੀ ਹਿੱਸਾ ਪਾਇਆ। ਇਸ ਲਹਿਰ ਦੀ ਸ਼ੁਰੂਆਤ ਫਰੀਦਕੋਟ ਤੋਂ ਹੋਈ ਸੀ ਅਤੇ ਇਸ ਨਾਲ ਸਬੰਧਤ ਮੀਟਿੰਗਾਂ ਵੀ ਉਨ੍ਹਾਂ ਦੇ ਘਰ ਵਿਖੇ ਕੀਤੀਆਂ ਜਾ ਰਹੀਆਂ ਸਨ। ਜਿਨ੍ਹਾਂ ਵਿੱਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਕਈ ਹੋਰ ਉੱਘੀਆਂ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ ਸੀ। ਉਨ੍ਹਾਂ ਨੂੰ ਸਾਲ 2012 ਵਿੱਚ ਬਾਬਾ ਫਰੀਦ ਐਵਾਰਡ ਆਫ ਓਨੈਸਟੀ ਨਾਲ ਵੀ ਸਨਮਾਨਿਤ ਕੀਤਾ ਗਿਆ।

ਸ੍ਰੀ ਜਵਾਹਰ ਲਾਲ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਮਿਤੀ 19 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 15 ਨਵੰਬਰ, 1931 ਨੂੰ ਜ਼ਿਲ੍ਹਾ ਪੰਡਾਰਾ, ਮਹਾਰਾਸ਼ਟਰ ਵਿਖੇ ਹੋਇਆ। ਉਨ੍ਹਾਂ ਵਲੋਂ ਭਾਰਤ ਛੱਡੋ ਅੰਦੋਲਨ ਵਿੱਚ ਭਰਪੂਰ ਯੋਗਦਾਨ ਪਾਇਆ ਗਿਆ। ਇਨ੍ਹਾਂ ਦੋਹਾਂ ਸੁਤੰਤਰਤਾ ਸੰਗਰਾਮੀਆਂ ਨੇ ਆਪਣੀ ਲਗਨ, ਮਿਹਨਤ ਅਤੇ ਕੁਰਬਾਨੀ ਸਦਕਾ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਜਿਸ ਦਾ ਨਤੀਜਾ ਹੈ ਕਿ ਅੱਜ ਅਸੀਂ ਉਨ੍ਹਾਂ ਦੀ ਅਤੇ ਉਨ੍ਹਾਂ ਵਰਗੇ ਹੋਰ ਸੁਤੰਤਰਤਾ ਸੰਗਰਾਮੀਆਂ ਦੀਆਂ ਕੁਰਬਾਨੀਆਂ ਸਦਕਾ ਮਿਲੀ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਸਰਦਾਰ ਬਿਸ਼ਨ ਸਿੰਘ ਬੇਦੀ, ਉੱਘੇ ਖਿਡਾਰੀ ਵੀ ਸਾਨੂੰ ਮਿਤੀ 23 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 25 ਸਤੰਬਰ, 1946 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਉਹ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਰਹੇ। ਉਨ੍ਹਾਂ ਨੂੰ ਸਾਲ 1970 ਵਿੱਚ ਪਦਮਸ੍ਰੀ ਪੁਰਸਕਾਰ ਅਤੇ ਸਾਲ 2004 ਵਿੱਚ BCCI ਵਲੋਂ ਸੀ.ਕੇ ਨਾਇਡੂ ਅਚੀਵਮੈਂਟ ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਮਲੇਰਕੋਟਰਲਾ ਦੇ ਨਵਾਬ ਜਨਾਬ ਸ਼ੇਰ ਮੁਹੰਮਦ ਖਾਨ ਦੇ ਵੰਸ਼ ਦੀ ਅਖੀਰਲੀ ਪੀੜ੍ਹੀ ਦੀ ਅੰਤਿਮ ਬੇਗਮ ਮੁਨੱਵਰ-ਉਨ-ਨਿਸ਼ਾ ਵੀ ਸਾਨੂੰ ਮਿਤੀ 27 ਅਕਤੂਬਰ, 2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 20 ਜੁਲਾਈ, 1932 ਨੂੰ ਜ਼ਿਲ੍ਹਾ ਟੌਂਕ, ਰਾਜਸਥਾਨ ਵਿਖੇ ਹੋਇਆ। ਉਨ੍ਹਾਂ ਨੂੰ ਸਿੱਖ ਪੰਥ ਵਿੱਚ ਬੜੇ ਸਨਮਾਨ ਨਾਲ ਸਤਿਕਾਰਿਆ ਜਾਂਦਾ ਹੈ, ਕਿਉਂਜੋ ਉਨ੍ਹਾਂ ਦੇ ਵਡੇਰੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਸਰਬੰਸਦਾਨੀ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜਿਊਂਦੇ ਨੀਂਹਾਂ ਵਿੱਚ ਚਿਣਵਾਉਣ ਖਿਲਾਫ ਵਜ਼ੀਦ ਖਾਨ ਦੀ ਅਦਾਲਤ ਵਿੱਚ ਹਾਅ ਦਾ ਨਾਅਰਾ ਮਾਰਿਆ ਸੀ।

ਇਸ ਤੋਂ ਇਲਾਵਾ ਉੱਘੇ ਸਮਾਜ ਸੇਵੀ ਆਗੂ ਸ੍ਰੀ ਬਲਵੰਤ ਸਿੰਘ ਖੇੜਾ ਵੀ ਸਾਨੂੰ ਮਿਤੀ 25.11.2023 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 20.10.1935 ਨੂੰ ਚੱਕ ਨੰ: 14, ਤਹਿਸੀਲ ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ, ਹੁਣ ਪਾਕਿਸਤਾਨ ਵਿਖੇ ਹੋਇਆ। ਉਹ Servants of Peoples' Society ਦੇ ਉੱਘੇ ਮੈਂਬਰ ਸਨ, ਜਿਸ ਦਾ ਕਾਰਜ ਅਜ਼ਾਦੀ ਤੋਂ ਪਹਿਲਾਂ ਭਾਰਤੀ ਸਮਾਜ ਨੂੰ ਸਮਾਜਿਕ ਅਤੇ ਵਿਦਿਅਕ ਤੌਰ ਤੇ ਉੱਚਾ ਚੁੱਕਣਾ ਸੀ।

0200/Beant kaur/ Harjinder singh

0205/Karamjit kaur

ਉਨ੍ਹਾਂ ਵਲੋਂ ਹੁਸ਼ਿਆਰਪੁਰ ਟਾਈਮਜ਼ ਨਾਮਕ ਹਫਤਾਵਰ ਅਖ਼ਬਾਰ ਦੀ ਵੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਅਧਿਆਪਕ ਵਜੋਂ ਕੀਤੀ ਅਤੇ ਸਰਕਾਰੀ ਅਧਿਆਪਕ ਯੂਨੀਅਨ ਦੀ ਅਗਵਾਈ ਵੀ ਕੀਤੀ। ਉਨ੍ਹਾਂ ਵਲੋਂ ਪ੍ਰਾਇਮਰੀ ਸਕੂਲਾਂ ਲਈ ਵੱਖਰਾ ਡਾਇਰੈਕਟੋਰੇਟ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਵੀ ਨਿਭਾਈ ਗਈ। ਪ੍ਰੀਮਚਿਊਰ ਰਿਟਾਇਰਮੈਂਟ ਲੈਣ ਤੋਂ ਬਾਅਦ ਉਹ ਸਰਗਰਮ ਰਾਜਨੀਤੀ ਵਿਚ ਦਾਖ਼ਲ ਹੋਏ। ਉਨ੍ਹਾਂ ਵਲੋਂ ਲੋਕ

ਹਿਤ ਵਿੱਚ ਵੱਖ ਵੱਖ ਜਨਹਿਤ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ। ਉਨ੍ਹਾਂ ਵਲੋਂ ਭਿਆਨਕ ਅਤੇ ਦਰਦਨਾਕ ਮਾਲਟਾ ਬੋਟ ਹਾਦਸੇ ਦੀ ਕੀਤੀ ਗਈ ਪੈਰਵਾਈ ਨੂੰ ਵੀ ਕਦੇ ਨਹੀਂ ਭੁਲਾਇਆ ਜਾ ਸਕਦਾ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆਂ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਦਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਇਨ੍ਹਾਂ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਮੌਜੂਦਾ ਵਿਧਾਇਕ ਸਾਹਿਬਾਨ ਸ਼੍ਰੀ ਨਰੇਸ਼ ਪੁਰੀ ਦੇ ਮਾਤਾ ਸ਼੍ਰੀਮਤੀ ਕਾਮਿਨੀ ਪੁਰੀ ਪਤਨੀ ਸਵਰਗਵਾਸੀ ਸ਼੍ਰੀ ਰਘੁਨਾਥ ਸਹਾਏ ਪੁਰੀ, ਸਾਬਕਾ ਮੰਤਰੀ; ਸਰਦਾਰ ਮਨਜਿੰਦਰ ਸਿੰਘ ਲਾਲਪੁਰਾ ਜੀ ਦੇ ਮਾਤਾ ਸ਼੍ਰੀਮਤੀ ਬਲਬੀਰ ਕੌਰ; ਡਾਕਟਰ ਰਵਜੋਤ ਸਿੰਘ ਜੀ ਦੇ ਮਾਤਾ ਸ਼੍ਰੀਮਤੀ ਸੁਰਿੰਦਰ ਕੌਰ; ਸ਼੍ਰੀ ਅਮੋਲਕ ਸਿੰਘ ਦੇ ਮਾਤਾ ਸ਼੍ਰੀਮਤੀ ਕਰਤਾਰ ਕੌਰ ਵੀ ਪਿਛਲੇ ਸਮਿਆਂ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ।

ਸ਼੍ਰੀ ਹਰਸਿਮਰਨ ਸਿੰਘ ਫੌਜੀ, ਜੋ ਕਿ ਪਿੰਡ ਭਸੌੜ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਵੀ ਸਾਨੂੰ ਮਿਤੀ 26.10.2023 ਨੂੰ ਦੇਸ਼ ਦੀ ਰੱਖਿਆ ਕਰਦੇ ਹੋਏ ਸਦੀਵੀ ਵਿਛੋੜਾ ਦੇ ਗਏ ਹਨ।

ਸ਼੍ਰੀ ਜਸਪਾਲ ਸਿੰਘ, ਹੋਮ ਗਾਰਡ, ਵੀ ਸਾਨੂੰ ਸੁਲਤਾਨਪੁਰ ਲੋਧੀ ਵਿਖੇ ਪਿਛਲੇ ਸਮੇਂ ਵਾਪਰੇ ਹਾਦਸੇ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸ਼ੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ। ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖਸ਼ਣ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖਸ਼ੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ ਜੀ?

(**ਅਵਾਜ਼ਾਂ**: ਹਾਂ ਜੀ, ਹਾਂ ਜੀ।)

ਸਰਦਾਰ ਪਰਗਟ ਸਿੰਘ ਪੋਆਰ: ਸਪੀਕਰ ਸਾਹਿਬ, ਮੈਂ ਇੱਕ ਰਿਕੁਐਸਟ ਕਰਨੀ ਹੈ ਕਿ ਜਿਹੜੀ ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਕੌਰ , ਜਿਸ ਨੇ ਰੋਪੜ ਵਿਖੇ ਸੁਸਾਈਡ ਕੀਤਾ ਹੈ, ਉਸ ਲੜਕੀ ਦਾ ਨਾਮ ਜ਼ਰੂਰ ਇਸ ਲਿਸਟ ਵਿੱਚ ਪਾ ਲਵੋ ਕਿਉਂਕਿ ਉਹ ਸਾਡੀ ਬੜੀ ਹੋਣਹਾਰ ਲੜਕੀ ਸੀ ਔਰ ਅਸਿਸਟੈਂਟ ਪ੍ਰੋਫੈਸਰ ਸਿਲੈਕਟ ਹੋਈ ਸੀ। ਉਸ ਦਾ ਨਾਮ ਇਸ ਵਿੱਚ ਜ਼ਰੂਰ ਇਨਕਲੂਡ ਕਰ ਲਿਆ ਜਾਵੇ। ਮੈਂ ਤੁਹਾਨੂੰ ਇਹ ਬੇਨਤੀ ਕਰਦਾ ਹਾਂ।

ਡਾਕਟਰ ਰਾਜ ਕੁਮਾਰ: ਸਪੀਕਰ ਸਾਹਿਬ, ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਇਸ ਸੂਚੀ ਦੇ ਵਿੱਚ ਦਰਸ਼ਨ ਸਿੰਘ ਜੀ, ਬੇਲਦਾਰ, ਕੋਟਲਾ ਬਾਜਾ ਤੋਂ, ਜਿਹੜੇ ਗੈਰ ਕਾਨੂੰਨੀ ਮਾਈਨਿੰਗ ਦਾ ਵਿਰੋਧ ਕਰਨ ਗਏ ਸੀ, ਉਹ ਉਥੇ ਮਾਰੇ ਗਏ, ਉਨ੍ਹਾਂ ਦਾ ਨਾਮ ਵੀ ਇਸ ਸੂਚੀ ਵਿੱਚ ਜ਼ਰੂਰ ਸ਼ਾਮਲ ਕੀਤਾ ਜਾਵੇ।

ਮਾਣਯੋਗ ਸਪੀਕਰ: ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਮੋਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਉਪਰੰਤ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਕੀਤਾ ।)

SHORT ADJOURNMENT OF THE HOUSE

ਮਾਣਯੋਗ ਸਪੀਕਰ: ਸਦਨ ਅੱਜ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.10 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਅੱਜ ਮੰਗਲਵਾਰ, ਮਿਤੀ 28.11.2023 ਦੇ 2.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

0205/Karamjit kaur/ Harjinder singh

0230/harpreet singh

*2.30 ਵਜੇ ਬਾਅਦ ਦੁਪਹਿਰ) (ਇਸ ਸਮੇਂ *ਸਦਨ ਮੁੜ ਇਕੱਤਰ ਹੋਇਆ।)

STARRED QUESTIONS AND ANSWERS

ਮਾਣਯੋਗ ਸਪੀਕਰ: ਪ੍ਰਸ਼ਨ ਕਾਲ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਇਕ ਸੈਕਿੰਡ ਜੀ।

ਮਾਣਯੋਗ ਸਪੀਕਰ: ਜੀ, ਬਾਜਵਾ ਸਾਹਿਬ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਅਸੀਂ ਜਿਹੜੀ ਲਾਅ ਐਂਡ ਆਰਡਰ ਤੇ ਅਡਜਰਨਮੈਂਟ ਮੋਸ਼ਨ ਦਿੱਤੀ ਸੀ, ਉਸ ਦਾ ਕੀ ਬਣਿਆ?

ਮਾਣਯੋਗ ਸਪੀਕਰ: ਮੈਂ ਡਿਸਕਸ ਕਰਕੇ ਤੁਹਾਨੂੰ ਜਵਾਬ ਦੇ ਦਿੰਦਾ ਹਾਂ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਦੱਸਣਾ ਤਾਂ ਤੁਸੀਂ ਹੀ ਹੈ ਜੀ, ਕਿਸੇ ਕੋਲੋਂ ਪੁੱਛਣਾ ਤਾਂ ਨਹੀਂ।

ਮਾਣਯੋਗ ਸਪੀਕਰ: ਮੈਂ ਦੇਖ ਲੈਂਦਾ ਹਾਂ ਜੀ, ਤੁਹਾਡੀ ਆ ਗਈ ਹੈ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਅਜੇ ਤੁਸੀਂ ਵੇਖਿਆ ਹੀ ਨਹੀਂ।

ਮਾਣਯੋਗ ਸਪੀਕਰ: ਨਹੀਂ ਮੈਂ ਅਜੇ ਵੇਖੀ ਨਹੀਂ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਦੋ ਘੰਟੇ ਪਹਿਲਾਂ ਤਾਂ ਤੁਹਾਨੂੰ ਬੇਨਤੀ ਕੀਤੀ ਹੈ ਜੀ।

ਮਾਣਯੋਗ ਸਪੀਕਰ: ਆਪਾਂ ਹੁਣ ਅੱਗੇ ਚੱਲੀਏ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਲਾਅ ਐਂਡ ਆਰਡਰ ਤਾਂ ਪੰਜਾਬ ਵਿਚ ਸਾਰਿਆਂ ਤੋਂ ਵੱਧ ਅਹਿਮ ਮਸਲਾ ਹੈ। ਸਾਨੂੰ ਦੱਸ ਤਾਂ ਦਿਓ ਕਿ ਕੀ ਸਾਡੀ ਸੁਣਵਾਈ ਹੋਵੇਗੀ? ਜੇਕਰ ਨਹੀਂ ਹੋਵੇਗੀ ਤਾਂ ਅਸੀਂ ਕੋਈ ਹੋਰ ਫੋਰਮ ਵਰਤੀ ਲਈਏ। ਸਾਨੂੰ ਦੱਸੋ ਤਾਂ ਸਹੀ ਜੀ।

ਮਾਣਯੋਗ ਸਪੀਕਰ: ਬਾਜਵਾ ਸਾਹਿਬ, ਤੁਹਾਡੀ ਰਿਪ੍ਰੈਜ਼ੈਂਟੇਸ਼ਨ ਆ ਗਈ ਹੈ, ਉਹ ਮੈਨੂੰ ਦੇਖ ਲੈਣ ਦਿਓ। ਇਸ ਤੋਂ ਬਾਅਦ ਮੈਂ ਆਪਣਾ ਫੈਸਲਾ ਤੁਹਾਨੂੰ ਦੱਸ ਦਿਆਂਗਾ।

ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ): ਸਪੀਕਰ ਸਾਹਿਬ, ਜੇਕਰ ਕਿਸੇ ਤੋਂ ਪੁੱਛਣਾ ਹੈ ਤਾਂ ਪੁੱਛ ਕੇ ਦੱਸ ਦਿਓ। ਜੇਕਰ ਕੋਈ ਅਜਿਹੀ ਗੱਲ ਹੈ।

ਮਾਣਯੋਗ ਸਪੀਕਰ: ਤੁਹਾਡਾ ਸਪੀਕਰ ਪੜ੍ਹਿਆ ਲਿਖਿਆ ਹੈ। ਮੇਰਾ ਖਿਆਲ ਹੈ ਕਿ ਆਪਾਂ ਨੂੰ ਚੇਅਰ ਦੀ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ ਅਤੇ ਜਿਹੜੇ ਖਾਸ ਕਰਕੇ ਤਜਰਬੇਕਾਰ ਮੈਂਬਰ ਹਨ, ਉਨ੍ਹਾਂ ਤੋਂ ਇਸ ਗੱਲ ਦੀ ਵੱਧ ਤਵੱਕੋ ਕੀਤੀ ਜਾਂਦੀ ਹੈ। ਧੰਨਵਾਦ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਕਿੰਨਾ ਚਿਰ ਇੰਤਜ਼ਾਰ ਕਰੀਏ?

ਮਾਣਯੋਗ ਸਪੀਕਰ: ਮੈਂ ਤੁਹਾਨੂੰ ਬਾਅਦ ਵਿਚ ਦੱਸ ਦਿੰਦਾਂ ਹਾਂ। ਪ੍ਰਸ਼ਨ ਕਾਲ।

ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੂੰ ਜਾਰੀ ਕੀਤੀ ਰਾਸ਼ੀ ਦੇ ਵੇਰਵੇ

***865. ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਨੂੰ ਵੱਖ-ਵੱਖ ਸਕੀਮਾਂ ਅਧੀਨ ਕਰਜ਼ਾ ਦੇਣ ਲਈ ਵਿੱਤੀ ਸਾਲ 2023-24 ਦੌਰਾਨ ਕਿੰਨਾ ਬਜਟ ਉਪਬੰਧ ਕੀਤਾ ਗਿਆ ਹੈ;
ਅ) ਕਾਰਪੋਰੇਸ਼ਨ ਨੂੰ ਕਰਜ਼ਾ ਦੇਣ ਲਈ ਉਕਤ ਫੰਡ ਵਿਚੋਂ ਕਿੰਨੀ ਰਕਮ ਕਰਜ਼ਾ ਦੇਣ ਲਈ ਜਾਰੀ ਕੀਤੀ ਗਈ, ਜੇਕਰ ਨਹੀਂ ਕੀਤੀ ਗਈ ਤਾਂ ਇਸੇ ਦੇ ਕੀ ਕਾਰਨ ਹਨ ਅਤੇ ਸਾਲ 2023 ਦੌਰਾਨ ਕਿੰਨੇ ਲੋਕਾਂ ਨੂੰ ਕਾਰਪੋਰੇਸ਼ਨ ਵੱਲੋਂ ਕਰਜ਼ਾ ਦਿੱਤਾ ਗਿਆ ਹੈ;

ੲ) ਉਕਤ ਕਾਰਪੋਰੇਸ਼ਨ ਤੋਂ ਕਰਜ਼ਾ ਲੈਣ ਵਾਲਿਆਂ ਦੀ ਸਰਵਿਸ ਸ਼ਿਉਰਟੀ/ਗਾਰੰਟੀ ਦੇਣ ਲਈ ਆਮ ਰਾਜ ਪ੍ਰਬੰਧ ਵਿਭਾਗ (ਪੰਜਾਬ ਸਿਵਲ ਸਕੱਤਰੇਤ ਪ੍ਰਸ਼ਾਸਨ) ਨੂੰ ਸਾਲ 2021 ਤੋਂ ਹੁਣ ਤੱਕ ਕਿੰਨੇ ਕਰਮਚਾਰੀ/ਅਧਿਕਾਰੀਆਂ ਵੱਲੋਂ ਅਪਲਾਈ ਕੀਤਾ ਗਿਆ, ਕਿੰਨੇ ਕਰਮਚਾਰੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਕਿੰਨੇ ਕਰਮਚਾਰੀਆਂ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

ਡਾਕਟਰ ਬਲਜੀਤ ਕੌਰ: ਜਵਾਬ ਅਨੁਲੱਗ -ੳ ਅਨੁਸਾਰ ਹੈ ਜੀ।

ਅਨੁਲੱਗ - ੳ

ੳ) ਕਾਰਪੋਰੇਸ਼ਨ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਸਰਕਾਰ ਵੱਲੋਂ ਸਾਲ 2023-24 ਦੌਰਾਨ ਕੀਤੇ ਗਏ ਬਜਟ ਉਪਬੰਧ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਟੂ ਪੀ.ਐਸ.ਸੀ. ਐਫ.ਸੀ. ਸਕੀਮ (51 ਫੀਸਦੀ ਸਟੇਟ ਸ਼ੇਅਰ ਅਤੇ 49 ਫੀਸਦੀ ਸੈਂਟਰਲ ਸ਼ੇਅਰ) ਅਧੀਨ ਸਾਲ 2023-24 ਦੌਰਾਨ ਸਰਕਾਰ ਵੱਲੋਂ ਕੁੱਲ 12.98 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ ਜਿਸ ਵਿਚੋਂ 5.42 ਕਰੋੜ ਰੁਪਏ ਸਟੇਟ ਸ਼ੇਅਰ ਅਤੇ 7.56 ਕਰੋੜ ਰੁਪਏ ਸੈਂਟਰਲ ਸ਼ੇਅਰ ਦਾ ਹਿੱਸਾ ਸ਼ਾਮਲ ਹੈ।

2. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਕੈਪੀਟਲ ਸਬਸਿਡੀ ਅੰਡਰ ਬੈਂਕ ਟਾਈਅੱਪ ਲੋਨਿੰਗ ਪ੍ਰੋਗਰਾਮ ਥਰੂ ਪੀ.ਐਸ.ਸੀ.ਐਫ.ਸੀ. ਸਕੀਮ (100 ਫੀਸਦੀ ਸੈਂਟਰਲ ਸ਼ੇਅਰ) ਅਧੀਨ ਸਰਕਾਰ ਵੱਲੋਂ ਸਾਲ 2023-24 ਦੌਰਾਨ 5 ਕਰੋੜ ਰੁਪਏ ਦੇ ਬਜਟ ਦੀ ਮਨਜ਼ੂਰੀ ਦਿੱਤੀ ਗਈ ਹੈ।

3. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਬੈਕਐਂਡ ਸਬਸਿਡੀ ਇੰਨਸੈਂਟਿਵ ਸਕੀਮ ਫਾਰ ਲੋਨਜ਼ ਗਿਵਨ ਸਕੀਮ (100 ਫੀਸਦੀ ਸੈਂਟਰਲ ਸ਼ੇਅਰ) ਅਧੀਨ ਸਰਕਾਰ ਵੱਲੋਂ ਸਾਲ 2023-24 ਦੌਰਾਨ. 57 ਲੱਖ ਰੁਪਏ ਦੇ ਬਜਟ ਦੀ ਮਨਜ਼ੂਰੀ ਦਿੱਤੀ ਗਈ ਹੈ।

ਅ) ਕਾਰਪੋਰੇਸ਼ਨ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਤਹਿਤ ਸਰਕਾਰ ਵੱਲੋਂ ਸਾਲ 2023-24 ਦੌਰਾਨ ਜਾਰੀ ਕੀਤੇ ਗਏ ਫੰਡਜ਼ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਸ਼ੇਅਰ ਕੈਪੀਟਲ ਕੰਟਰੀਬਿਊਸ਼ਨ ਟੂ ਪੀ.ਐਸ.ਸੀ. ਐਫ.ਸੀ. ਸਕੀਮ (51 ਫੀਸਦੀ ਸਟੇਟ ਸ਼ੇਅਰ ਅਤੇ 49 ਫੀਸਦੀ ਸੈਂਟਰਲ ਸ਼ੇਅਰ) ਅਧੀਨ ਸਾਲ 2023-24 ਦੌਰਾਨ ਕੋਈ ਫੰਡਜ਼ ਜਾਰੀ ਨਹੀਂ ਕੀਤੇ ਗਏ ਹਨ। ਭਾਰਤ ਸਰਕਾਰ ਵੱਲੋਂ ਇਹ ਸਕੀਮ ਪੀ.ਐਫ.ਐਮ.ਐਸ. ਪੋਰਟਲ ਵਿਚ ਆਨਬੋਰਡ ਨਾ ਕਰਨ ਕਾਰਨ ਸਟੇਟ ਸ਼ੇਅਰ ਅਤੇ ਸੈਂਟਰ ਸ਼ੇਅਰ ਦੀ ਰਕਮ ਜਾਰੀ ਨਹੀਂ ਕੀਤੀ ਜਾ ਰਹੀ ਹੈ ਜਿਸ ਨੂੰ ਦਰੁਸਤ ਕਰਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

2. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਕੈਪੀਟਲ ਸਬਸਿਡੀ ਅੰਡਰ ਬੈਂਕ ਟਾਈ ਅੱਪ ਲੋਨਿੰਗ ਪ੍ਰੋਗਰਾਮ ਥਰੂ ਪੀ.ਐਸ.ਸੀ.ਐਫ.ਸੀ. ਸਕੀਮ (100 ਫੀਸਦੀ ਸੈਂਟਰ ਸ਼ੇਅਰ) ਅਧੀਨ ਸਰਕਾਰ ਵੱਲੋਂ ਸਾਲ 2023-24 ਦੌਰਾਨ 5 ਕਰੋੜ ਰੁਪਏ ਦੀ ਡਰਾਇੰਗ ਲਿਮਿਟ ਕਾਰਪੋਰੇਸ਼ਨ ਨੂੰ ਫਿਕਸ ਕੀਤੀ ਜਾ ਚੁੱਕੀ ਹੈ।

3. ਕਾਰਪੋਰੇਸ਼ਨ ਵੱਲੋਂ ਚਲਾਈ ਜਾ ਰਹੀ ਬੈਕਐਂਡ ਸਬਸਿਡੀ ਇੰਨਸੈਂਟਿਵ ਸਕੀਮ ਫਾਰ ਲੋਨਜ਼ ਗਿਵਨ ਸਕੀਮ (100 ਫੀਸਦੀ ਸੈਂਟਰਲ ਸ਼ੇਅਰ) ਅਧੀਨ ਸਰਕਾਰ ਵੱਲੋਂ ਸਾਲ 2023-24 ਦੌਰਾਨ 57 ਲੱਖ ਰੁਪਏ ਦੀ ਡਰਾਇੰਗ ਲਿਮਿਟ ਕਾਰਪੋਰੇਸ਼ਨ ਨੂੰ ਫਿਕਸ ਕੀਤੀ ਜਾ ਚੁੱਕੀ ਹੈ।

ਕਾਰਪੋਰੇਸ਼ਨ ਵੱਲੋਂ ਸਾਲ 2023-24 ਦੌਰਾਨ 286 ਲਾਭਾਪਾਤਰੀਆਂ ਨੂੰ 5.10 ਕਰੋੜ ਰੁਪਏ ਦਾ ਕਰਜ਼ਾ ਵੰਡਿਆ ਜਾ ਚੁੱਕਾ ਹੈ।

ੲ) ਸਾਲ 2021 ਤੋਂ ਹੁਣ ਤੱਕ ਕੇਵਲ 2 ਕਰਮਚਾਰੀਆਂ ਵੱਲੋਂ ਅਪਲਾਈ ਕੀਤਾ ਗਿਆ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਸ਼੍ਰੀ ਦਵਿੰਦਰ ਸਿੰਘ ਪੁੱਤਰ ਸ਼੍ਰੀ ਕਰਨੈਲ ਸਿੰਘ, ਨਿਜੀ ਸਕੱਤਰ ਵੱਲੋਂ ਕਾਰਪੋਰੇਸ਼ਨ ਵੱਲੋਂ ਕਰਜ਼ਾ ਲੈਣ ਵਾਲਿਆਂ ਦੀ ਸਰਵਿਸ ਸ਼ਿਉਰਟੀ/ਗਰੰਟੀ ਦੇਣ ਲਈ ਅਪਲਾਈ ਕੀਤਾ ਗਿਆ ਸੀ ਜਿਸ ਸਬੰਧੀ ਉਨ੍ਹਾਂ ਨੂੰ ਲੋੜੀਂਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ।

2. ਸ਼੍ਰੀ ਬਲਜੀਤ ਸਿੰਘ ਪੁੱਤਰ ਸ਼੍ਰੀ ਗੁਰਨਾਮ ਸਿੰਘ, ਸੀਨੀਅਰ ਸਹਾਇਕ ਵੱਲੋਂ ਅਪਲਾਈ ਕੀਤਾ ਗਿਆ ਸੀ ਪ੍ਰੰਤੂ ਪੰਜਾਬ ਵਿੱਤੀ ਨਿਯਮਾਵਲੀ ਜਿਲਦ-1 ਦੇ ਰੂਲ 5.9 ਵਿਚ ਦਰਜ ਉਪਬੰਧਾਂ ਅਨੁਸਾਰ ਕੇਵਲ ਕੋਰਟ ਦੇ ਹੁਕਮਾਂ

ਅਨੁਸਾਰ ਹੀ ਕਿਸੇ ਕਰਮਚਾਰੀ ਦੀ ਤਨਖਾਹ ਅਟੈਚ ਕਰਦੇ ਹੋਏ ਤਨਖਾਹ ਵਿਚੋਂ ਕਟੌਤੀ ਕੀਤੀ ਜਾ ਸਕਦੀ ਹੈ ਅਤੇ ਪੰਜਾਬ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਂਵਲੀ, 1966 ਦੇ ਨਿਯਮ 16(4)(i)(a) ਅਤੇ ਨਿਯਮ 2 (c) ਵਿਚ ਗਰੰਟਰ ਬਣਨ ਦਾ ਕੋਈ ਉਪਬੰਧ ਨਾ ਹੋਣ ਕਾਰਨ ਕਰਮਚਾਰੀ ਦੀ ਪ੍ਰਤੀਬੇਨਤੀ ਦਾਖਲ ਦਫ਼ਤਰ ਕਰ ਦਿੱਤੀ ਗਈ ਸੀ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਸਹੂਲਤ ਦੇਣ ਵਾਸਤੇ ਪੰਜਾਬ ਵਿੱਤੀ ਕਾਰਪੋਰੇਸ਼ਨ ਬਣਾਈ ਗਈ ਹੈ। ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਦੱਸਿਆ ਕਿ ਇਸ ਤਹਿਤ ਕੇਵਲ 5.10 ਕਰੋੜ ਰੁਪਿਆ ਜਾਰੀ ਕੀਤਾ ਗਿਆ ਹੈ ਜਦ ਕਿ ਮੇਰੇ ਕੋਲ ਬਜਟ ਦੀ ਕਾਪੀ ਹੈ। ਮਾਨਯੋਗ ਵਿੱਤ ਮੰਤਰੀ ਜੀ ਵੀ ਇੱਥੇ ਬੈਠੇ ਹਨ। ਇਨ੍ਹਾਂ ਨੇ ਕਿਹਾ ਸੀ ਕਿ ਸਾਲ 2022-23 ਦੌਰਾਨ 8678 ਕਰੋੜ ਰੁਪਿਆ ਅਨੁਸੂਚਿਤ ਜਾਤੀਆਂ ਦੀ ਭਲਾਈ ਵਾਸਤੇ ਖਰਚ ਕਰਾਂਗੇ ਅਤੇ ਖਾਸ ਕੰਪੋਨੈਂਟ ਤਹਿਤ ਅਨੁਸੂਚਿਤ ਜਾਤੀਆਂ ਲਈ ਸਾਲ 2023-24 ਦੌਰਾਨ 13878 ਕਰੋੜ ਰੁਪਿਆ ਹੋਰ ਰੱਖਾਂਗੇ। ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ ਕਿ ਆਮ ਆਦਮੀ ਪਾਰਟੀ ਦੇ 92 ਵਿਧਾਇਕ ਸਦਨ ਵਿਚ ਚੁਣੇ ਕੇ ਆਏ ਹੋਣ ਅਤੇ ਗਰੀਬਾਂ ਨੂੰ ਕਰਜ਼ਾ ਦੇਣ ਲਈ ਬਜਟ ਸਿਰਫ਼ 5 ਕਰੋੜ ਦਾ ਬਜਟ ਰੱਖਿਆ ਜਾਵੇ।

0230/harpreet singh/BS khokhar

0235/amandeep kaur

ਇਸ ਸਰਕਾਰ ਦੀ ਅੱਜ ਗਰੀਬਾਂ ਦੇ ਉਥਾਨ ਦੇ ਵਾਸਤੇ ਕਿਹੜੀ ਨੀਤੀ ਹੈ, ਤੁਸੀਂ ਉਨ੍ਹਾਂ ਨੂੰ ਕਿਵੇਂ ਉੱਪਰ ਲੈ ਕੇ ਆਓਗੇ? ਮਾਰਚ ਵਿੱਚ ਸਮਾਂ ਤਾਂ ਖਤਮ ਹੋ ਜਾਣਾ ਹੈ, ਕੀ ਸਰਕਾਰ ਦੋ ਤਿੰਨ ਮਹੀਨਿਆਂ ਦੇ ਅੰਦਰ ਅਜਿਹਾ ਕੋਈ ਪਲਾਨ ਬਣਾਏਗੀ ਕਿ ਗਰੀਬਾਂ ਨੂੰ ਬਜਟ ਦੇ ਅਨੁਸਾਰ ਜਿਹੜਾ ਬਜਟ ਸੈਂਕੜੇ ਕਰੋੜਾਂ ਰੁਪਿਆ ਦੇ ਵਿੱਚ ਹੈ, ਕੀ ਉਸ ਬਜਟ ਵਿੱਚੋਂ ਗਰੀਬਾਂ ਨੂੰ ਕੰਮ ਚਲਾਉਣ ਦੇ ਵਾਸਤੇ ਕੋਈ ਰਾਹਤ ਦਿੱਤੀ ਜਾਵੇਗੀ?

ਮੰਤਰੀ: ਆਨਰੇਬਲ ਸਪੀਕਰ ਸਾਹਿਬ, ਜਿਸ ਤਰ੍ਹਾਂ ਕਿ share capital contribution to PSCFC, ਸੈਂਟਰਲ ਗੌਰਮਿੰਟ ਵੱਲੋਂ ਪੀ.ਐਫ.ਐਮ.ਐਸ ਪੋਰਟਲ ਆਨਬੋਰਡ ਨਾ ਕਰਨ ਦੇ ਕਾਰਨ ਪੈਂਡਿੰਗ ਹੈ। ਉਸ ਦੇ ਲਈ ਸਾਡੀ ਪੂਰੀ ਕੋਸ਼ਿਸ਼ ਹੈ ਕਿ ਆਉਣ ਵਾਲੇ ਨੇੜਲੇ ਸਮੇਂ ਦੇ ਵਿੱਚ ਅਸੀਂ ਇਸ ਨੂੰ ਆਨ ਬੋਰਡ ਕਰਵਾ ਕੇ ਜਿਵੇਂ 286 ਲਾਭਪਾਤਰੀਆਂ ਨੂੰ ਅਸੀਂ ਪਹਿਲਾਂ ਇਹ ਲਾਭ ਦੇ ਚੁੱਕੇ ਹਾਂ ਤੇ 97 ਕੇਸ ਸਾਡੇ ਇਸੇ ਕਰਕੇ ਪੈਂਡਿੰਗ ਹਨ, ਉਸ ਦਾ ਅਸੀਂ ਜਲਦੀ ਨਿਪਟਾਰਾ ਕਰਾਂਗੇ। ਉਸ ਤੋਂ ਬਾਅਦ ਅਸੀਂ ਜਿਹੜਾ 1100 ਲਾਭਪਾਤਰੀਆਂ ਦਾ ਟਾਰਗੈਟ ਰੱਖਿਆ ਸੀ,ਉਸ ਨੂੰ ਵੀ ਅਸੀਂ ਛੇਤੀ ਨਿਪਟਾਉਣ ਦੀ ਕੋਸ਼ਿਸ਼ ਕਰਾਂਗੇ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, ਕੀ ਜਿਹੜਾ ਪੈਸਾ ਬਜਟ ਅਨੁਸਾਰ ਰੱਖਿਆ ਗਿਆ, ਕੀ ਇਸ ਨੂੰ ਖਰਚ ਕਰਨ ਲਈ ਕੋਈ ਸਮਾਂ ਸੀਮਾ ਤੈਅ ਕੀਤੀ ਜਾਏਗੀ?

ਮਾਣਯੋਗ ਸਪੀਕਰ: ਠੀਕ ਹੈ ਜੀ, ਹੋ ਗਿਆ ਜੀ। ਹੁਣ ਅਗਲਾ ਸਵਾਲ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, ਮੈਨੂੰ ਬੜੇ ਚਿਰ ਬਾਅਦ ਬੋਲਣ ਦਾ ਮੌਕਾ ਮਿਲਿਆ ਹੈ। ਸਰਕਾਰ ਨੇ ਕਿਹਾ ਸੀ ਕਿ 31000 ਰੁਪਏ ਤੋਂ 51000 ਰੁਪਏ ਸ਼ਗਨ ਸਕੀਮਾਂ ਦਾ ਦਿੱਤਾ ਜਾਵੇਗਾ। ਮੇਰਾ ਜ਼ਿਲ੍ਹਾ ਜਲੰਧਰ ਹੈ। ਇਸ ਸਕੀਮ ਅਧੀਨ ਇਸ ਸਾਲ ਦਾ ਇੱਕ ਵੀ ਪੈਸਾ ਲੋਕਾਂ ਨੂੰ ਨਹੀਂ ਮਿਲਿਆ । ਤੁਸੀਂ ਕਿਹਾ ਸੀ ਕਿ ਪੈਨਸ਼ਨ 1500 ਰੁਪਏ ਤੋਂ ਵਧਾ ਕੇ 2500 ਕਰਨੀ ਹੈ, ਪਰ ਇੱਕ ਨੂੰ ਵੀ ਪੈਨਸ਼ਨ ਨਹੀਂ ਦਿੱਤੀ ।

ਮਾਣਯੋਗ ਸਪੀਕਰ: ਇਹ ਜ਼ੀਰੋ ਆਵਰ ਵਿੱਚ ਪੁੱਛ ਲੈਣਾ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, ਮੈਨੂੰ ਬੋਲਣ ਦਿਓ ਪਲੀਜ਼। ਇਹ ਬਜਟ ਦੇ ਅੰਦਰ ਹੈ ਜੀ। ਜਿਹੜਾ ਪੈਨਸ਼ਨ ਦਾ ਪੈਸਾ ਹੈ ਉਸ ਬਾਰੇ ਸਮਾਜ ਭਲਾਈ ਮੰਤਰੀ ਜੀ ਨੇ ਦੱਸਣਾ ਹੈ। ਦੱਸੋ 1000 ਰੁਪਿਆ ਔਰਤਾਂ ਨੂੰ ਤੁਸੀਂ ਕਦੋਂ ਦੇਣਾ ਹੈ?

ਮਾਣਯੋਗ ਸਪੀਕਰ: ਇਹ ਵੱਖਰਾ ਸਵਾਲ ਬਣਦਾ ਹੈ।

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬਾਨ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਐਸ.ਸੀ. ਕਾਰਪੋਰੇਸ਼ਨ ਦੇ ਲੋਨ ਦਾ ਸਵਾਲ ਕੀਤਾ ਗਿਆ ਸੀ। ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਇਸ ਸਬੰਧੀ ਸਰਕਾਰ ਵੱਲੋਂ ਵੱਖ ਵੱਖ ਜਗ੍ਹਾ ਤੇ ਕੈਂਪ ਵੀ ਲਗਾਏ ਗਏ ਅਤੇ ਇਸ ਵਿੱਚ ਸਾਡੇ ਇਕੱਲੇ ਐਸ.ਸੀ ਭਰਾ ਹੀ ਨਹੀਂ ਹਨ, ਇਸ ਵਿੱਚ ਹੈਂਡੀਕੈਪਡ ਲੋਕ ਵੀ ਹੈ ਜਿਸ ਨੂੰ ਅਸੀਂ ਲੋਨ ਦਿੰਦੇ ਹਾਂ, ਉਨ੍ਹਾਂ ਲਈ ਵੀ ਲੋਨ ਦਿੱਤੇ ਗਏ। ਮੈਨੂੰ ਲਗਦਾ ਹੈ ਕਿ ਪਿਛਲੀਆਂ ਸਰਕਾਰਾਂ ਵਿੱਚ ਕਦੇ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਕੈਂਪ ਲਗਾ ਕੇ ਲੋਨ ਦਿੱਤੇ ਜਾਣ। ਸੋ ਅਸੀਂ ਇਹ ਨਿਵੇਕਲੀ ਪਹਿਲ ਵੀ ਕੀਤੀ ਸੀ। ਸਮਾਂ ਜ਼ਰੂਰ ਲੱਗ ਰਿਹਾ ਹੈ ਪਰ ਇਸ ਨੂੰ ਲਾਈਨ ਤੇ ਲੈ ਕੇ ਆਉਣ ਲਈ ਅਸੀਂ ਆਪਣੀ ਪੂਰੀ ਕੋਸ਼ਿਸ਼ ਕਰ ਰਹੇ ਹਾਂ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, 57 ਲੱਖ ਰੁਪਿਆ ਲੋਨ ਦਿੱਤਾ ਗਿਆ ਤੇ ਇਹ ਕਹਿ ਰਹੇ ਹਨ ਕਿ ਪੂਰੇ ਪੰਜਾਬ ਵਿੱਚ ਕੈਂਪ ਲਗਾਏ ਗਏ। ਮੰਤਰੀ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ। 57 ਲੱਖ ਰੁਪਿਆ ਹੀ ਲੋਨ ਦਾ ਦਿੱਤਾ ਗਿਆ ਤੇ ਕੈਂਪ ਤੁਸੀਂ ਪਤਾ ਨਹੀਂ ਪਾਕਿਸਤਾਨ ਵਿੱਚ ਜਾ ਕੇ ਲਗਾਏ ਹਨ। ਬੜੇ ਅਫਸੋਸ ਦੀ ਗੱਲ ਹੈ। ਪੈਸਾ ਵੀ ਤਾਂ ਦੱਸੋ ਕਿੰਨਾ ਦਿੱਤਾ ਗਿਆ ਹੈ?

ਮਾਣਯੋਗ ਸਪੀਕਰ: ਇਹ ਵੱਖਰਾ ਸਵਾਲ ਤੁਸੀਂ ਦੇ ਦਿਓ। ਇਹ ਜਵਾਬ ਦੇ ਦੇਣਗੇ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਕਿਸ ਤਰ੍ਹਾ ਹੈ ਜੀ?

ਮਾਣਯੋਗ ਸਪੀਕਰ: ਤੁਹਾਡੀਆਂ ਦੋ ਸਪਲੀਮੈਂਟਰੀਜ਼ ਹੋ ਗਈਆਂ ਹਨ।

ਸ੍ਰੀ ਸੁਖਵਿੰਦਰ ਸਿੰਘ ਕੋਟਲੀ: ਸਰ, ਸਪਲੀਮੈਂਟਰੀਜ਼ ਭਾਵੇਂ ਦੋ ਹੋ ਗਈਆਂ ਹਨ ਲੇਕਿਨ ਵਜ਼ੀਰ ਸਾਹਿਬ ਜਵਾਬ ਤਾਂ ਦੇਣ। ਕੋਈ ਸਮਾਂ ਬੱਧ ਤਾਂ ਕਰੋ।

ਮਾਣਯੋਗ ਸਪੀਕਰ: ਵਜ਼ੀਰ ਸਾਹਿਬ ਨੇ ਆਪਣਾ ਜਵਾਬ ਦੇ ਦਿੱਤਾ ਹੈ। ਜੇ ਹੋਰ ਕੋਈ ਡਿਟੇਲ ਚਾਹੀਦੀ ਹੈ ਤਾਂ ਲਿਖਤੀ ਤੌਰ ਤੇ ਇਨ੍ਹਾਂ ਨੂੰ ਦੇ ਦਿਓ, ਇਹ ਤੁਹਾਨੂੰ ਜਵਾਬ ਦੇ ਦੇਣਗੇ।

ਸ਼੍ਰੀ ਸੁਖਵਿੰਦਰ ਸਿੰਘ ਕੋਟਲੀ: 8,678 ਕਰੋੜ ਰੁਪਿਆ ਬਾਰੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਪੁਰਾਣੀ ਸਰਕਾਰ ਨਾਲੋਂ 17% ਇਸ ਦੇ ਵਿੱਚ ਵਾਧਾ ਕੀਤਾ। ਮੰਤਰੀ ਸਾਹਿਬ ਸਮਾਂ ਸੀਮਾਂ ਬਾਊਂਡ ਕਰ ਦੇਣ ਕਿ 31 ਮਾਰਚ ਤੋਂ ਪਹਿਲਾਂ ਜਿੰਨਾਂ ਵੀ ਪੈਸਾ ਰੱਖਿਆ ਗਿਆ ਹੈ ਅਸੀਂ ਇਸ ਨੂੰ ਰਿਲੀਜ਼ ਕਰਾਂਗੇ।

ਮਾਣਯੋਗ ਸਪੀਕਰ: ਠੀਕ ਹੈ। ਧੰਨਵਾਦ।

ਜ਼ੀਰਕਪੁਰ ਵਿਖੇ ਵੱਡਾ ਜਾਂ ਮਲਟੀ ਸਪੈਸ਼ਲਿਟੀ ਹਸਪਤਾਲ ਬਣਾਉਣਾ

*** 866. ਸਰਦਾਰ ਕੁਲਜੀਤ ਸਿੰਘ ਰੰਧਾਵਾ:** ਕੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਜ਼ੀਰਕਪੁਰ ਸ਼ਹਿਰ ਦੀ ਆਬਾਦੀ ਮੁਤਾਬਿਕ ਸ਼ਹਿਰ ਅੰਦਰ ਕੋਈ ਵੀ ਵੱਡਾ ਹਸਪਤਾਲ ਨਾ ਹੋਣ ਕਾਰਨ ਸ਼ਹਿਰ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਸਬੰਧੀ ਆਉਂਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਜ਼ੀਰਕਪੁਰ ਵਿਖੇ ਵੱਡਾ ਜਾਂ ਮਲਟੀ ਸਪੈਸ਼ਲਿਟੀ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ: ਜੇਕਰ ਹੈ ਤਾਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ;

ਅ) ਕੀ ਸਰਕਾਰ ਇਸ ਮੰਤਵ ਲਈ ਆਉਂਦੇ ਵਿੱਤੀ ਸਾਲ ਦੇ ਬਜਟ ਵਿੱਚ ਲੋੜੀਂਦੇ ਬਜਟ ਦਾ ਉਪਬੰਧ ਕਰੇਗੀ; ਜੇਕਰ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

ਡਾਕਟਰ ਬਲਬੀਰ ਸਿੰਘ: ਸ਼੍ਰੀਮਾਨ ਜੀ, ਨਹੀਂ ਜੀ, ਪੰਜਾਬ ਸਰਕਾਰ ਦੀ ਪਾਲਿਸੀ ਮੀਮੋ ਨੰ. 11/51/2021-3ਸਿ7(2ਸਿ7)/1669 ਮਿਤੀ 24.8.2021 ਅਨੁਸਾਰ ਹਰ ਸਬ-ਡਵੀਜ਼ਨ ਪੱਧਰ ਤੇ 100/50 ਬੈਡਾਂ ਦਾ ਇੱਕ ਸਬ ਡਵੀਜ਼ਨਲ ਹਸਪਤਾਲ ਹੋਵੇਗਾ ਜਦੋਂ ਕਿ ਜ਼ੀਰਕਪੁਰ ਸਬ-ਡਵੀਜ਼ਨ ਨਹੀਂ ਹੈ। ਇਸ ਲਈ ਸਰਕਾਰ ਦੀ ਪਾਲਿਸੀ ਅਨੁਸਾਰ ਜ਼ੀਰਕਪੁਰ ਵਿਖੇ ਵੱਡਾ ਜਾਂ ਮਲਟੀ-ਸਪੈਸ਼ਲਿਟੀ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਫਿਲਹਾਲ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ੀਰਕਪੁਰ ਵਿੱਚ ਆਲਰੈਡੀ ਇੱਕ ਕਮਿਊਨਿਟੀ ਹੈਲਥ ਸੈਂਟਰ ਕੰਮ ਕਰ ਰਿਹਾ ਹੈ ਜਿਸ ਵਿੱਚ ਸਪੈਸ਼ਲਿਸਟ ਮੈਡੀਕਲ, ਸਰਜੀਕਲ, ਪੀਡੀਐਟਰਿਕਸ, ਈਵਨ ਬੇਹੋਸ਼ੀ ਦੇ ਡਾਕਟਰ ਅਤੇ ਗਾਇਨੀ ਦੇ ਡਾਕਟਰ ਸਾਰੇ ਉਥੇ ਹਨ, ਉਥੇ 3 ਐਮਰਜੈਂਸੀਜ਼ ਵੀ ਹਨ ਅਤੇ ਐਮਰਜੈਂਸੀ ਸਰਵਿਸਿਜ਼ ਵੀ ਦੇ ਰਹੇ ਹਨ ਪਰ ਅਜੇ ਫਿਲਹਾਲ ਸਬ ਡਵੀਜ਼ਨ ਹਸਪਤਾਲ ਆਲਰੈਡੀ

ਡੇਰਾਬੱਸੀ ਦੇ ਵਿੱਚ ਕੰਮ ਕਰ ਰਿਹਾ ਹੈ, ਉਸ ਨੂੰ ਅਪਗਰੇਡ ਕਰਕੇ ਹਸਪਤਾਲ ਬਣਾਉਣ ਦੀ ਕੋਈ ਪਰਪੋਜ਼ਲ ਨਹੀਂ ਹੈ।

0235/amandeep kaur/BS khokhar

0240/Tarlochan Singh

ਸਰਕਾਰ ਦੇ ਵਿਚਾਰ ਅਧੀਨ ਹੈ ਕਿ ਇਸ ਦੇ ਬੈੱਡ 30 ਤੋਂ ਵਧਾ ਕੇ 50 ਕਰ ਦਿੱਤੇ ਜਾਣ। ਤਜਵੀਜ਼ ਹੈ ਕਿ CHC ਨੂੰ ਅਪਗਰੇਡ ਕਰਕੇ First Referral Unit ਜਿਸ ਨੂੰ ਅਸੀਂ FRU ਕਹਿੰਦੇ ਹਾਂ, ਬਣਾ ਦਿੱਤਾ ਜਾਵੇ, ਇਸ ਵਿੱਚ ਬੈੱਡ ਇਨਕਰੀਜ਼ ਕਰਨ ਦੀ ਤਜਵੀਜ਼ ਹੈ।

ਸਰਦਾਰ ਕੁਲਜੀਤ ਸਿੰਘ ਰੰਧਾਵਾ : ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜ਼ੀਰਕਪੁਰ ਪੰਜਾਬ ਦਾ ਉਹ ਹਲਕਾ, ਸ਼ਹਿਰ ਹੈ ਜਿਹੜਾ ਕਿ ਡੇਰਾਬੱਸੀ ਹਲਕੇ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦੀ ਆਬਾਦੀ 4 - ਸਾਢੇ 4 ਲੱਖ ਤੋਂ 5 ਲੱਖ ਦੇ ਕਰੀਬ ਹੋ ਚੁੱਕੀ ਹੈ। ਇਕੱਲੇ ਜ਼ੀਰਕਪੁਰ ਦੀ ਹੀ ਸਵਾ ਲੱਖ ਦੇ ਕਰੀਬ ਵੋਟ ਹੈ। ਸਾਡਾ ਉਸ ਹਸਪਤਾਲ ਨਾਲ ਗੁਜ਼ਾਰਾ ਨਹੀਂ ਹੁੰਦਾ, ਇਸ ਦਾ ਕਾਰਨ ਇਹ ਹੈ ਕਿ ਇੱਕ ਹਲਕੇ ਦੀ ਵੋਟ ਡੇਢ ਲੱਖ ਦੇ ਕਰੀਬ ਹੁੰਦੀ ਹੈ ਪਰੰਤੂ ਇਕੱਲੇ ਜ਼ੀਰਕਪੁਰ ਦੀ ਹੀ ਵੋਟ ਸਵਾ ਲੱਖ ਹੋ ਗਈ ਹੈ। ਮੈਂ ਆਪ ਦੇ ਜ਼ਰੀਏ ਸਰਕਾਰ ਦੇ ਅਤੇ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੈਨੂੰ ਲੱਗਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਜ਼ੀਰਕਪੁਰ ਇੱਕ ਅਲੱਗ ਹੀ ਹਲਕਾ ਬਣ ਜਾਵੇਗਾ। ਅੱਜ ਉਥੇ ਇੰਨੇ ਮਾੜੇ ਹਾਲਾਤ ਹਨ ਕਿ ਜੇਕਰ ਸਰਕਾਰ ਵੱਲੋਂ ਇਸ ਹਲਕੇ ਵਿੱਚ ਮੁਹੱਲਾ ਕਲੀਨਿਕ ਵਰਗੀ ਦਾਤ ਨਾ ਦਿੱਤੀ ਜਾਂਦੀ ਤਾਂ ਜ਼ੀਰਕਪੁਰ ਬਹੁਤ ਮਾੜੇ ਹਾਲਾਤਾਂ ਵਿੱਚੋਂ ਨਿਕਲਣਾ ਸੀ। ਮੇਰੀ ਸਰਕਾਰ ਨੂੰ ਅਪੀਲ ਹੈ, ਬੇਨਤੀ ਹੈ ਕਿ ਇਸ ਨੂੰ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਵਿਚਾਰਿਆ ਜਾਵੇ ਅਤੇ ਜ਼ੀਰਕਪੁਰ ਨੂੰ ਵੱਡਾ ਹਸਪਤਾਲ ਦਿੱਤਾ ਜਾਵੇ।

ਮਾਨਯੋਗ ਸਪੀਕਰ : ਤੁਸੀਂ ਅਪੀਲ ਨਹੀਂ ਕਰਨੀ ਹੈ, ਤੁਸੀਂ ਸਵਾਲ ਪੁੱਛਣਾ ਹੈ ਜੀ।

ਮੰਤਰੀ : ਸਰ, ਜ਼ੀਰਕਪੁਰ ਹਾਲੇ ਸਬ ਡਵੀਜ਼ਨ ਨਹੀਂ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਡੇਰਾਬੱਸੀ ਵਿੱਚ ਆਲਰੇਡੀ ਸਬ ਡਵੀਜ਼ਨਲ ਹਸਪਤਾਲ ਕੰਮ ਕਰ ਰਿਹਾ ਹੈ ਅਤੇ ਇਨ੍ਹਾਂ ਦੇ ਜ਼ਿਲ੍ਹੇ ਵਿੱਚ ਇੱਕ ਮੈਡੀਕਲ ਹਸਪਤਾਲ ਵਿੱਚ ਕੰਮ ਕਰ ਰਿਹਾ ਹੈ ਅਤੇ ਪਾਪੂਲੇਸ਼ਨ ਨਾਰਮਜ਼ ਦੇ ਹਿਸਾਬ ਨਾਲ ਉਥੇ ਕਮਿਊਨਿਟੀ ਹੈਲਥ ਸੈਂਟਰ ਹੀ ਅਲਾਊਡ ਹੈ ਲੇਕਿਨ ਅਸੀਂ ਮਾਨਯੋਗ ਮੈਂਬਰ ਸਾਹਿਬ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ, ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਇਸ ਹਸਪਤਾਲ ਦੀ ਕਪੈਸਿਟੀ ਵਧਾਈ ਜਾਵੇ ਅਤੇ ਅਸੀਂ ਇਸ ਦੇ ਬੈੱਡਜ਼ ਦੀ ਗਿਣਤੀ ਵਧਾ ਦਿਆਂਗੇ।

ਸਰਦਾਰ ਕੁਲਜੀਤ ਸਿੰਘ ਰੰਧਾਵਾ : ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜ਼ੀਰਕਪੁਰ ਜਿੱਥੇ ਕਿ ਅੱਜ ਬਹੁਤ ਜ਼ਿਆਦਾ ਆਬਾਦੀ ਹੋ ਚੁੱਕੀ ਹੈ। ਜਦੋਂ ਅਸੀਂ ਜਾਂਦੇ ਹਾਂ ਤਾਂ ਸਾਨੂੰ ਲੋਕਾਂ ਦੀਆਂ ਮੁਸ਼ਕਲਾਂ ਫੇਸ ਕਰਨੀਆਂ ਪੈਂਦੀਆਂ ਹਨ। ਮੈਂ ਮੰਤਰੀ ਸਾਹਿਬ ਨੂੰ ਅਤੇ ਸਰਕਾਰ ਨੂੰ ਅਪੀਲ ਕਰਾਂਗਾ ਕਿ ਜ਼ੀਰਕਪੁਰ ਨੂੰ ਕੋਈ ਬਹੁਤ ਵੱਡਾ ਹਸਪਤਾਲ ਦਿੱਤਾ ਜਾਵੇ।

ਮਾਨਯੋਗ ਸਪੀਕਰ : ਤੁਸੀਂ ਅਪੀਲ ਨਹੀਂ ਕਰਨੀ ਹੈ, ਤੁਸੀਂ ਸਵਾਲ ਪੁੱਛਣਾ ਹੈ।

ਹੜ੍ਹਾਂ ਦੌਰਾਨ ਹੋਏ ਫਸਲਾਂ ਅਤੇ ਘਰੇਲੂ ਸਮਾਨ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ

*** 867. ਰਾਣਾ ਇੰਦਰ ਪ੍ਰਤਾਪ ਸਿੰਘ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਹਾਲ ਹੀ ਵਿੱਚ ਹੜ੍ਹਾਂ ਦੌਰਾਨ ਜਿਨ੍ਹਾਂ ਦੀਆਂ ਫਸਲਾਂ ਅਤੇ ਘਰੇਲੂ ਸਾਮਾਨ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਕਿਸਾਨਾਂ ਦੇ ਨੁਕਸਾਨ ਦਾ ਅਨੁਮਾਨ ਲਗਾਉਣ ਅਤੇ ਮੁਆਵਜ਼ੇ ਦੀ ਅਦਾਇਗੀ ਲਈ ਕੀ ਮਾਪਦੰਡ ਅਪਣਾਏ ਗਏ ਹਨ?

ਅ) ਕੀ 5 ਏਕੜ ਜਾਂ ਇਸ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਉਕਤ ਮੁਆਵਜ਼ੇ ਵਿੱਚ ਸ਼ਾਮਲ ਕੀਤਾ ਗਿਆ ਹੈ, ਜੇਕਰ ਨਹੀ, ਤਾਂ ਇਸ ਦੇ ਕੀ ਕਾਰਨ ਹਨ?

ੲ) ਕੀ ਬਿਆਸ ਦਰਿਆ ਤੇ ਸਤਲੁਜ ਦਰਿਆ ਦੇ ਕੰਢੇ ਸਰਕਾਰੀ ਜ਼ਮੀਨ ਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਭਾਵੇਂ ਇਹ ਰਾਜ ਦੀ ਹੋਵੇ ਜਾਂ ਕੇਂਦਰ ਦੀ ਹੋਵੇ ਨੂੰ ਵੀ ਉਕਤ ਮੁਆਵਜ਼ਾ ਦਿੱਤਾ ਗਿਆ ਹੈ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

ਸ੍ਰੀ ਬ੍ਰਮ ਸ਼ੰਕਰ:_ਹਾਂ ਜੀ,

ੳ) ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 11.07.2023 (ਕਾਪੀ ਨੱਥੀ) ਵਿੱਚ ਨੁਕਸਾਨ ਦਾ ਮੁਆਵਜ਼ਾ, ਅਨੁਮਾਨ ਤੇ ਅਦਾਇਗੀ ਸਬੰਧੀ ਉਪਬੰਧ ਕੀਤਾ ਗਿਆ ਹੈ, ਜਿਸ ਅਨੁਸਾਰ ਫਸਲਾਂ ਅਤੇ ਘਰੇਲੂ ਸਮਾਨ ਦੇ ਹੋਏ ਨੁਕਸਾਨ ਸਬੰਧੀ ਰਾਹਤ ਰਾਸ਼ੀ ਜਾਰੀ ਕੀਤੀ ਜਾਂਦੀ ਹੈ।

ਅ) ਉਕਤ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 11.07.2023 ਅਨੁਸਾਰ ਕੇਵਲ 5 ਏਕੜ ਤੱਕ ਵਾਲੇ ਕਿਸਾਨਾਂ ਨੂੰ ਹੀ ਮੁਆਵਜ਼ੇ ਦੇਣ ਦਾ ਉਪਬੰਧ ਹੈ।

ੲ.) ਪੰਜਾਬ ਸਰਕਾਰ ਵੱਲੋਂ ਪੱਤਰ ਮਿਤੀ 24.07.2023 ਰਾਹੀਂ ਕੀਤੇ ਸਪੈਸ਼ਲ ਗਿਰਦਾਵਰੀ ਦੇ ਹੁਕਮਾਂ ਦੇ ਸਨਮੁੱਖ ਕੀਤੀ ਗਈ ਅਸੈਸਮੈਂਟ ਅਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਮਿਤੀ 11.07.2023 (ਕਾਪੀ ਨੱਥੀ) ਅਨੁਸਾਰ ਕਾਸ਼ਤਕਾਰਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਂਦਾ ਹੈ।

ਰਾਣਾ ਇੰਦਰ ਪ੍ਰਤਾਪ ਸਿੰਘ : ਮਾਨਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਦਿਨ ਪੰਜਾਬ ਵਿੱਚ ਹੜ੍ਹ ਆਏ ਸਨ, ਉਸ ਦਿਨ ਤਾਂ ਆਪਾਂ ਕਹਿੰਦੇ ਸੀ ਕਿ ਪੰਜਾਬ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ। ਸਾਨੂੰ ਸੈਂਟਰ ਤੋਂ ਪੈਸੇ ਲੈਣ ਦੀ ਲੋੜ ਨਹੀਂ ਹੈ। ਸਰਕਾਰ ਨੇ ਲੋਕਾਂ ਨਾਲ ਵਾਅਦਾ

ਕੀਤਾ ਸੀ ਕਿ ਚਾਹੇ ਕਿਸੇ ਦੀ ਪੂਰੀ ਫਸਲ ਖਰਾਬ ਹੋਈ ਹੋਵੇ, ਚਾਹੇ ਕਿਸੇ ਜ਼ਿਮੀਂਦਾਰ ਨੇ ਰੀ-ਸੋਇੰਗ ਕੀਤੀ ਹੋਵੇ ਜਾਂ ਇਸ ਤੋਂ ਇਲਾਵਾ ਸਰਕਾਰ ਨੇ ਕੁਝ ਹੋਰ ਚੀਜ਼ਾਂ ਵੀ ਐਗਰੀ ਕੀਤੀਆਂ ਸਨ ਕਿ ਅਸੀਂ ਕੰਪਨਸੇਸ਼ਨ ਦਿਆਂਗੇ, ਮੈਂ ਉਹ ਨਹੀਂ ਕਹਿਣਾ ਚਾਹੁੰਦਾ। But, at the end of the day, 6800 ਰੁਪਿਆ ਜ਼ਿਮੀਂਦਾਰਾਂ ਨੂੰ ਦੇ ਰਹੇ ਹੋ। ਪੰਜਾਬ ਸਰਕਾਰ ਸੀ.ਏ.ਸੀ.ਪੀ. ਨੂੰ ਲਿਖ ਕੇ ਦਿੰਦੀ ਹੈ ਕਿ ਝੋਨੇ ਦੀ ਕੀ ਕੋਸਟ ਆਉਂਦੀ ਹੈ, ਜਿਸ ਨਾਲ ਸਾਡੀ ਐਮ.ਐਸ.ਪੀ. ਡਿਸਾਈਡ ਹੁੰਦੀ ਹੈ। ਕੀ ਇਹ 6800 ਰੁਪਿਆ ਹੈ? ਜੇ ਇਸ ਤੋਂ ਵੱਧ ਹੈ ਤਾਂ ਆਪਾਂ ਪਿਛਲੇ 3-4 ਮਹੀਨਿਆਂ ਵਿੱਚ ਭਾਰਤ ਸਰਕਾਰ ਨਾਲ ਗੱਲ ਕਿਉਂ ਨਹੀਂ ਕੀਤੀ ਕਿ ਸਾਡੇ ਪੰਜਾਬ ਦੇ ਜ਼ਿਮੀਂਦਾਰ ਦੀ ਕੀ ਕੋਸਟ ਹੈ? ਜਿਹੜੀ ਕੋਸਟ ਹੈ, ਉਹ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਤੋਂ ਲੈਣੀ ਚਾਹੀਦੀ ਹੈ। ਇਸ ਬਾਰੇ ਮੰਤਰੀ ਜੀ ਦੱਸ ਦੇਣ ਕਿ ਕੀ ਹੋਇਆ ਹੈ?

ਜਿਹੜੇ 5 ਏਕੜ ਤੋਂ ਉਪਰ ਦੇ ਫਾਰਮਰ ਹਨ, ਉਨ੍ਹਾਂ ਬਾਰੇ ਮੰਤਰੀ ਜੀ ਨੇ ਦੱਸਿਆ ਹੈ ਕਿ ਭਾਰਤ ਸਰਕਾਰ ਦੀ ਫਲਾਣੀ ਤਰੀਕ ਦੀ ਨੋਟੀਫਿਕੇਸ਼ਨ ਹੈ। ਕੀ ਪੰਜਾਬ ਵਿੱਚ 5 ਏਕੜ ਤੋਂ ਜ਼ਿਆਦਾ ਦੇ ਕਿਸਾਨ, ਜਿਹੜੇ ਕਿ 10-15 ਏਕੜ ਵਾਲੇ ਹਨ, ਕੀ ਉਹ ਤਕੜੇ ਜ਼ਿਮੀਂਦਾਰ ਹਨ? ਕੀ ਉਹ ਆਪਣੇ ਘਰ ਦਾ ਗੁਜ਼ਾਰਾ ਕਰ ਸਕਦੇ ਹਨ, ਜੇਕਰ ਕਿਸੇ ਸਾਲ ਫਸਲ ਨਾ ਆਵੇ?

0240/Tarlochan Singh/Rajneesh kumar

0245/mehak

ਇਸ ਵਿੱਚ ਮੇਰਾ ਤੀਸਰਾ ਪੁਆਇੰਟ ਸੀ ਜਿਸ ਦਾ ਜਵਾਬ ਮੰਤਰੀ ਜੀ ਨੇ ਵਿੱਚ ਹੀ ਦੇ ਦਿੱਤਾ ਸੀ, ਮੈਂ ਪੁੱਛਿਆ ਸੀ ਕਿ ਜਿਹੜੇ ਜ਼ਿਮੀਂਦਾਰ ਸਰਕਾਰੀ ਜ਼ਮੀਨਾਂ ਤੇ ਪੰਜਾਹ ਪੰਜਾਹ ਸਾਲ ਤੋਂ ਕਾਸ਼ਤ ਕਰਦੇ ਸਨ ਉਨ੍ਹਾਂ ਦੇ ਨਾਂ ਤੇ ਗਿਰਦਾਵਰੀਆਂ/ਰਜਿਸਟਰੀਆਂ ਹੋਈਆਂ ਸੀ ਪਰ ਉਹ ਕੈਂਸਲ ਹੋ ਗਈਆਂ ਤੇ ਇਨ੍ਹਾਂ ਨੇ ਜਵਾਬ ਦਿੱਤਾ ਸੀ ਕਿ ਕਾਸ਼ਤਕਾਰਾਂ ਨੂੰ ਅਸੀਂ ਪੈਸੇ ਦਿਆਂਗੇ। ਅੱਜ ਜਿਹੜਾ ਬੰਦਾ ਜ਼ਮੀਨ ਤੇ ਖੇਤੀ ਕਰ ਰਿਹਾ ਹੈ ਤੇ ਗਿਰਦਾਵਰੀ ਉਸ ਦੇ ਨਾਂ ਹੈ ਤਾਂ ਉਹ ਕਾਸ਼ਤਕਾਰ ਮੰਨਿਆ ਜਾਂਦਾ ਹੈ ਪਰ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਵਿੱਚ ਕੋਈ ਕਲੈਰਿਟੀ ਨਹੀਂ ਹੈ ਕਿ ਉਨ੍ਹਾਂ ਜ਼ਿੰਮੀਦਾਰਾਂ ਨੂੰ ਹੜ੍ਹਾਂ ਦੀ ਕੰਪਨਸੇਸ਼ਨ ਦਿੱਤੀ ਜਾਵੇਗੀ ਜਾਂ ਨਹੀਂ। ਮੈਂ ਬੇਨਤੀ ਕਰਾਂਗਾ ਕਿ ਮੰਤਰੀ ਜੀ ਇਸ ਸਬੰਧੀ ਕਲੈਰਿਟੀ ਦੇਣ।

ਮੰਤਰੀ: ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਇਹ ਪਹਿਲੀ ਸਰਕਾਰ ਹੈ ਜਿਸ ਨੇ 6800/- ਰੁਪਏ ਪ੍ਰਤੀ ਏਕੜ ਪਨੀਰੀ ਉਤੇ ਮੁਆਵਜ਼ਾ ਦਿੱਤਾ। ਕਦੇ ਕਿਸੇ ਸਰਕਾਰ ਨੇ ਪਨੀਰੀ ਤੇ ਇੰਨਾ ਮੁਆਵਜ਼ਾ ਜਾਰੀ ਨਹੀਂ ਕੀਤਾ ਹੈ। ਇਸ ਦੇ ਨਾਲ ਹੀ ਸਪੈਸ਼ਲ ਗਿਰਦਾਵਰੀ ਅਲੱਗ ਕਰਵਾਈ ਗਈ ਹੈ, ਇਹ ਮੁਆਵਜ਼ਾ ਉਪਬੰਧਾਂ ਮੁਤਾਬਿਕ ਹੀ ਜਾਰੀ ਕੀਤਾ ਜਾਂਦਾ ਹੈ ਲੇਕਿਨ 6800/- ਰੁਪਏ ਦਾ ਮੁਆਵਜ਼ਾ ਅੱਜ ਤੱਕ ਨਹੀਂ ਦਿੱਤਾ ਜਾਂਦਾ ਸੀ ਲੇਕਿਨ ਫਿਰ ਵੀ ਦਿੱਤਾ ਗਿਆ। (ਥੰਪਿੰਗ) ਇਹ ਜ਼ਿਮੀਂਦਾਰਾਂ ਲਈ ਵੱਡਾ ਉਪਰਾਲਾ ਸੀ ਜਿਹੜਾ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਜੀ ਨੇ ਕੀਤਾ। ਜ਼ਿੰਮੀਦਾਰ ਵੀ ਇਸ ਗੱਲ ਤੋਂ ਬਹੁਤ ਖੁਸ਼ ਸਨ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੂੰ ਕਹੋ ਕਿ ਇਹ ਸੋਧ ਕਰ ਦੇਣ ਕਿਉਂਕਿ ਸਾਨੂੰ ਸਮਝ ਨਹੀਂ ਆ ਰਹੀ, ਇਹ ਪਨੀਰੀ ਤੇ ਮੁਆਵਜ਼ਾ ਦੇਣ ਦੀ ਗੱਲ ਕਹੀ ਜਾਂਦੇ ਹਨ। ਪਨੀਰੀ ਤਾਂ ਬੀਜ ਲਾਉਣ ਨੂੰ ਕਹਿੰਦੇ ਹਨ, ਇਨ੍ਹਾਂ ਨੇ ਜੀਰੀ ਤੇ ਮੁਆਵਜ਼ਾ ਕਹਿਣਾ ਸੀ ਕਿ 6800/- ਰੁਪਏ ਦਾ ਮੁਆਵਜ਼ਾ ਦਿੱਤਾ ਔਰ ਅਸੀਂ ਸਮਝ ਰਹੇ ਹਾਂ ਕਿ ਪਨੀਰੀ ਤੇ ਮੁਆਵਜ਼ਾ ਦੇ ਦਿੱਤਾ। ਜੇ ਪਨੀਰੀ ਅਤੇ ਜੀਰੀ ਵਿੱਚ ਕੋਈ ਫਰਕ ਨਹੀਂ ਹੈ ਤਾਂ ਫਿਰ ਠੀਕ ਹੈ।

ਮੰਤਰੀ: ਤੁਹਾਨੂੰ ਪਤਾ ਹੋਣਾ ਚਾਹੀਦਾ ਹੈ, ਜਦੋਂ ਬੀਜਦੇ ਹਨ ਤਾਂ ਉਸ ਨੂੰ ਪਨੀਰੀ ਕਹਿੰਦੇ ਹਨ।

ਮਾਣਯੋਗ ਸਪੀਕਰ: ਜੇ ਪਨੀਰੀ ਲਾਵਾਂਗੇ ਤਾਂ ਹੀ ਜੀਰੀ ਹੋਣੀ ਹੈ।

ਰਾਣਾ ਇੰਦਰ ਪ੍ਰਤਾਪ ਸਿੰਘ: ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਪੁਰਾਣੀਆਂ ਸਰਕਾਰਾਂ ਨੇ ਪੰਜ ਏਕੜ ਤੋਂ ਉਤੇ ਦੇ ਜ਼ਿੰਮੀਦਾਰਾਂ ਨੂੰ ਕੰਪਨਸੇਸ਼ਨ ਦਿੱਤੀ। ਪੰਜਾਬ ਸਰਕਾਰ ਦਾ ਇੱਕ ਪੁਰਾਣਾ ਆਰਡਰ ਹੈ ਜਿਸ ਨੂੰ ਕੱਢ ਕੇ ਦੇਖ ਲਿਆ ਜਾਵੇ ਜਿਸ ਵਿੱਚ ਲਿਖਿਆ ਹੋਇਆ ਹੈ ਕਿ ਜਿਹੜਾ ਬੰਦਾ ਕਾਸ਼ਤ ਕਰ ਰਿਹਾ ਹੈ, ਉਸ ਨੂੰ ਕੰਪਨਸੇਸ਼ਨ ਦਿੱਤੀ ਜਾਵੇ ਤੇ ਜਿਹੜੇ ਬੰਦੇ ਦੇ ਨਾਂ ਜ਼ਮੀਨ ਨਹੀਂ ਹੈ ਤੇ ਉਹ ਕਾਸ਼ਤ ਕਰਦਾ ਹੈ ਤਾਂ ਉਸ ਨੂੰ ਜ਼ਮੀਨ ਗਿਰਦਾਵਰੀ ਤੇ ਦਿੱਤੀ ਜਾਵੇ ਨਹੀਂ ਤਾਂ ਉਸ ਨੇ ਜਿਸ ਤੋਂ ਜ਼ਮੀਨ ਠੇਕੇ ਤੇ ਲਈ ਹੈ ਉਸ ਦੇ ਪ੍ਰੋਪਰ ਪੇਪਰ ਬਣਾ ਕੇ ਜ਼ਿਮੀਂਦਾਰਾਂ ਨੂੰ ਕੰਪਨਸੇਸ਼ਨ ਦਿੱਤੀ ਜਾਵੇ। ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਆਸ਼ਵਾਸਨ ਚਾਹੁੰਦਾ ਹਾਂ ਕਿ ਜਿਹੜੇ ਜਿਹੜੇ ਜ਼ਿਮੀਂਦਾਰ ਕਾਸ਼ਤ ਕਰ ਰਹੇ ਹਨ ਕੀ ਪੰਜਾਬ ਸਰਕਾਰ ਉਨ੍ਹਾਂ ਨੂੰ ਪ੍ਰੋਪਰ ਮੁਆਵਜ਼ਾ ਦੇਵੇਗੀ।

ਮਾਣਯੋਗ ਸਪੀਕਰ: ਜਿਨ੍ਹਾਂ ਦੀ ਮਲਕੀਅਤ ਨਹੀਂ ਹੈ ਤੇ ਕਾਸ਼ਤਕਾਰ ਹਨ, ਕੀ ਉਨ੍ਹਾਂ ਲਈ ਕੋਈ ਮੁਆਵਜ਼ਾ ਦੇਣ ਦਾ ਉਪਬੰਧ ਹੈ?

ਮੰਤਰੀ: ਬਿਲਕੁਲ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਮੁੱਖ ਮੰਤਰੀ ਜੀ ਨੇ ਪਹਿਲਾਂ ਹੀ ਇਹ ਸਾਰੇ ਨਿਰਦੇਸ਼ ਦਿੱਤੇ ਹਨ ਕਿ ਡਿਪਟੀ ਕਮਿਸ਼ਨਰ ਰਾਹੀਂ ਕਾਸ਼ਤਕਾਰ ਨੂੰ ਮੁਆਵਜ਼ਾ ਦਿੱਤਾ ਜਾਂਦਾ ਹੈ ਅਤੇ ਜੇਕਰ ਕਿਸੇ ਨੂੰ ਮੁਆਵਜ਼ਾ ਨਹੀਂ ਮਿਲਦਾ ਹੈ ਤਾਂ ਮੈਂ ਆਸ਼ਵਾਸਨ ਦਿੰਦਾ ਹਾਂ ਕਿ ਇਹ ਮੇਰੇ ਧਿਆਨ ਵਿੱਚ ਲਿਆ ਦੇਣ ਤਾਂ ਉਸ ਨੂੰ ਜ਼ਰੂਰ ਮੁਆਵਜ਼ਾ ਦਿੱਤਾ ਜਾਵੇਗਾ।

ਰਾਣਾ ਇੰਦਰ ਪ੍ਰਤਾਪ ਸਿੰਘ: ਧੰਨਵਾਦ ਜੀ। ਜਿਹੜਾ ਜਿਹੜਾ ਬੰਦਾ ਕਾਸ਼ਤਕਾਰ ਹੋਵੇਗਾ, ਉਨ੍ਹਾਂ ਦੀ ਲਿਸਟ ਮੈਂ ਲੈ ਕੇ ਆਵਾਂਗਾ ਤੇ ਕੰਪਨਸੇਸ਼ਨ ਤੁਸੀਂ ਪ੍ਰੋਵਾਈਡ ਕਰਨੀ ਹੈ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਵੈਸੇ ਤਾਂ ਜਿੰਪਾ ਜੀ ਨੇ ਵਿਸਤਾਰਪੂਰਵਕ ਦੱਸ ਦਿੱਤਾ ਹੈ ਤੇ ਸਾਰੇ ਹਾਊਸ ਨੂੰ, ਪ੍ਰੈਸ ਵਾਲਿਆਂ ਨੂੰ ਸਮਝ ਆ ਗਈ ਹੈ ਕਿ ਜੀਰੀ, ਪਨੀਰੀ ਵਿੱਚ ਕੀ ਫਰਕ ਹੈ ਪਰ ਜਿਹੜੀ ਮੰਤਰੀ ਸਾਹਿਬ ਨੇ 6800/- ਰੁਪਏ ਵਾਲੀ ਗੱਲ ਕਹੀ ਹੈ, ਅਸੀਂ 17 ਹਜ਼ਾਰ ਰੁਪਏ ਗੁਲਾਬੀ ਸੁੰਡੀ ਦਾ ਮੁਆਵਜ਼ਾ ਸਰਕਾਰ ਵਿੱਚ ਦਿੰਦੇ ਰਹੇ ਹਾਂ।

0245/mehak/Rajneesh kumar

0250/Sukhpiar Singh

ਪਰ ਮੈਂ ਇੱਕ ਗੱਲ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੱਕ ਕਿਸੇ ਮੁਰਗੀ ਜਾਂ ਬੱਕਰੀ ਦਾ ਮੁਆਵਜ਼ਾ ਦਿੱਤਾ ਗਿਆ ਹੈ ਜਾਂ ਨਹੀਂ ਦਿੱਤਾ ਗਿਆ? ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਮੁਰਗੀ ਤੇ ਬੱਕਰੀ ਦਾ ਵੀ ਮੁਆਵਜ਼ਾ ਦੇਵਾਂਗੇ। ਕੀ ਹੁਣ ਤੱਕ ਕਿਸੇ ਦੀ ਬੱਕਰੀ ਤੇ ਮੁਰਗੀ ਦਾ ਮੁਆਵਜ਼ਾ ਦਿੱਤਾ ਹੈ, ਕੀ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ?

ਮਾਣਯੋਗ ਸਪੀਕਰ: ਤੁਸੀਂ ਇਸ ਵਾਸਤੇ ਵੱਖਰਾ ਸਵਾਲ ਦੇ ਦਿਉ।

ਜੰਗਲਾਤ ਵਿਭਾਗ ਵਿੱਚ ਸੇਵਾ ਨਿਭਾਅ ਰਹੇ ਨੌਜਵਾਨਾਂ ਨੂੰ ਰੈਗੂਲਰ ਕਰਨਾ

***868. ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਜੰਗਲਾਤ ਵਿਭਾਗ ਵਿੱਚ ਸੂਬੇ ਦੇ ਨੌਜਵਾਨ 25-30 ਸਾਲਾਂ ਤੋਂ ਸੇਵਾ ਨਿਭਾਅ ਰਹੇ ਹਨ, ਜਿਨ੍ਹਾਂ ਨੂੰ ਹੁਣ ਤੱਕ ਰੈਗੂਲਰ ਨਹੀਂ ਕੀਤਾ ਗਿਆ;

ਅ) ਕੀ ਇਹ ਵੀ ਠੀਕ ਹੈ ਕਿ ਜੰਗਲਾਤ ਵਿਭਾਗ ਵਿੱਚ ਕੰਮ ਕਰ ਰਹੇ ਨੌਜਵਾਨਾਂ ਨੂੰ ਪੱਕਾ ਕਰਨ ਲਈ ਪੜ੍ਹੇ ਲਿਖੇ ਹੋਣ ਦੀ ਸ਼ਰਤ ਰੱਖੀ ਗਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸ਼ਰਤ ਨਾਲ 25-30 ਸਾਲਾਂ ਤੋਂ ਘੱਟ ਪੜ੍ਹੇ ਲਿਖੇ ਨੌਜਵਾਨ ਰੈਗੂਲਰ ਹੋਣ ਤੋਂ ਰਹਿ ਜਾਣਗੇ;

ੲ) ਜੇਕਰ ਉਪਰੋਕਤ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਰਕਾਰ ਉਕਤ ਨੌਜਵਾਨਾਂ ਦੇ ਭਵਿੱਖ ਅਤੇ ਉਨ੍ਹਾਂ ਦੁਆਰਾ ਨਿਭਾਈ ਗਈ 25-30 ਸਾਲ ਦੀ ਸੇਵਾ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਵੀ ਬਿਨਾਂ ਕਿਸੇ ਸ਼ਰਤ ਤੋਂ ਰੈਗੂਲਰ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ?

ਸ੍ਰੀ ਲਾਲ ਚੰਦ: ਸ੍ਰੀਮਾਨ ਜੀ,

ੳ) ਵਣ ਵਿਭਾਗ ਵਿੱਚ ਕੰਮ ਕਰਦੇ ਦਿਹਾੜੀਦਾਰ ਕਾਮਿਆਂ ਨੂੰ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀ ਗਈ ਪਾਲਿਸੀ ਮਿਤੀ 16.05.2023 ਅਨੁਸਾਰ 10 ਸਾਲ ਦੀ ਸੇਵਾ ਪੂਰੀ ਕਰਨ ਵਾਲੇ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਅ) ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀ ਗਈ ਪਾਲਿਸੀ ਮਿਤੀ 16.05.2023 ਵਿੱਚ ਉਮਰ ਅਤੇ ਵਿਦਿਅਕ ਯੋਗਤਾ ਸਬੰਧੀ ਦਰਸਾਈਆਂ ਸ਼ਰਤਾਂ ਅਨੁਸਾਰ ਹੀ ਦਿਹਾੜੀਦਾਰ ਕਾਮਿਆਂ ਨੂੰ ਰੈਗੂਲਰ ਕਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ੲ) ਇਸ ਬਾਰੇ ਦੱਸਿਆ ਜਾਂਦਾ ਹੈ ਕਿ ਵਣ ਵਿਭਾਗ ਪ੍ਰਸੋਨਲ ਵਿਭਾਗ ਵੱਲੋਂ ਨਿਰਧਾਰਤ ਕੀਤੀ ਪਾਲਿਸੀ ਨੂੰ ਲਾਗੂ ਕਰੇਗਾ।

ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ: ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ। ਮੈਂ ਮੰਤਰੀ ਸਾਹਿਬ ਤੋਂ ਤੁਹਾਡੇ ਮਾਰਫਤ ਇੱਕ ਗੱਲ ਪੁੱਛਣਾ ਚਾਹੁੰਦੀ ਹਾਂ ਕਿ ਪੁਰਾਣੀਆਂ ਸਰਕਾਰਾਂ ਵੇਲੇ ਪੁਰਾਣੇ ਸਮੇਂ ਵਿੱਚ ਅੱਜ ਤੋਂ 25-30 ਸਾਲ ਪਹਿਲਾਂ ਘੱਟ ਪੜ੍ਹੇ ਲਿਖੇ ਲੋਕ ਜਾਂ ਬਿਲਕੁਲ ਹੀ ਨਹੀਂ ਪੜ੍ਹੇ ਲਿਖੇ ਲੋਕ ਇਨ੍ਹਾਂ ਬੇਲਦਾਰ ਤੇ ਛੋਟੀਆਂ ਛੋਟੀਆਂ ਪੋਸਟਾਂ ਤੇ ਭਰਤੀ ਹੋ ਗਏ ਸਨ। ਹੁਣ ਉਹ ਰਿਟਾਇਰਮੈਂਟ ਦੀ ਕਗਾਰ ਤੇ ਹਨ। ਮੈਂ ਮੰਤਰੀ ਸਾਹਿਬ ਨੂੰ ਇੰਨਾ ਹੀ ਕਹਿਣਾ ਚਾਹਾਂਗੀ ਕਿ ਆਪਾਂ ਨਵੀਂ ਪਾਲਿਸੀ ਨਵੇਂ ਲੋਕਾਂ ਲਈ ਬਣਾ ਲਈ, ਚਲੋ ਸਾਰਿਆਂ ਨੂੰ ਪੱਕੇ ਹੋਣਾ ਚਾਹੀਦਾ ਹੈ, ਇਸ ਸਮੇਂ ਆਪਣੇ ਲੋਕਾਂ ਲਈ ਜ਼ਰੂਰਤ ਵੀ ਹੈ। ਕੀ ਮੰਤਰੀ ਸਾਹਿਬ ਕੋਈ ਇਹੋ ਜਿਹੀ ਤਜਵੀਜ਼ ਲੈ ਕੇ ਆਉਣਗੇ ਕਿ ਉਨ੍ਹਾਂ ਨੂੰ ਵੀ ਬੈਨੀਫਿਟ ਮਿਲ ਸਕੇ?

ਮੰਤਰੀ: ਸਪੀਕਰ ਸਾਹਿਬ, ਇਹ ਪਾਲਿਸੀ ਨਾ ਕੇਵਲ ਵਣ ਵਿਭਾਗ, ਪੰਜਾਬ ਤੇ ਬਲਕਿ ਸਾਰੇ ਵਿਭਾਗਾਂ ਤੇ ਲਾਗੂ ਹੁੰਦੀ ਹੈ। ਸੋ, ਅਸੀਂ ਸਤਿਕਾਰਯੋਗ ਮੈਂਬਰ ਸਾਹਿਬ ਦੀਆਂ ਭਾਵਨਾਵਾਂ ਬਾਰੇ ਸਬ ਕਮੇਟੀ ਨੂੰ ਜਾਣੂ ਕਰਵਾ ਦੇਵਾਂਗੇ।

ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਚੱਲ ਰਹੀਆਂ ਅਧਿਕਾਰਿਤ/ਅਣਅਧਿਕਾਰਤ ਕੈਬਾਂ/ਟੈਕਸੀਆਂ ਸਬੰਧੀ।

***869. ਸਰਦਾਰ ਕੁਲਵੰਤ ਸਿੰਘ**:- ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਪੰਜਾਬ ਦੇ ਮੁੱਖ ਸ਼ਹਿਰਾਂ ਖਾਸ ਕਰਕੇ, ਐਸ.ਏ.ਐਸ.ਨਗਰ ਜ਼ਿਲ੍ਹੇ ਦੇ ਸ਼ਹਿਰਾਂ ਅੰਦਰ ਕਿੰਨੀਆਂ ਕੈਬਾਂ/ਟੈਕਸੀਆਂ (ਜਿਵੇਂ ਕਿ ਉਬਰ, ਓਲਾ, ਬਲਾਬਲਾ, ਇਨਡਰਾਈਵ, ਰੈਪਿਡੋ ਆਦਿ) ਚਲ ਰਹੀਆਂ ਹਨ ਅਤੇ ਚਲ ਰਹੀਆਂ ਕੈਬਾਂ ਵਿੱਚੋਂ ਕਿੰਨੀਆਂ ਕੈਬਾਂ ਸਰਕਾਰ ਵੱਲੋਂ ਪ੍ਰਵਾਨਤ ਹਨ ਅਤੇ ਕਿੰਨੀਆਂ ਗੈਰ ਕਾਨੂੰਨੀ ਤੌਰ ਤੇ ਚੱਲ ਰਹੀਆਂ ਹਨ।

ਅ) ਕੀ ਸਰਕਾਰ ਵੱਲੋਂ ਭਾਗ (ੳ) ਵਿੱਚ ਦਰਸਾਈਆਂ ਕੈਬਾਂ ਤੋਂ ਕਿਸੇ ਪ੍ਰਕਾਰ ਦੀ ਫੀਸ ਵਸੂਲ ਕੀਤੀ ਜਾਂਦੀ ਹੈ, ਜੇਕਰ ਹਾਂ ਤਾਂ ਇਸ ਸਮੇਂ ਕਿੰਨੀਆਂ ਕੈਬਾਂ ਤੋਂ ਫੀਸ ਵਸੂਲ ਕੀਤੀ ਜਾ ਰਹੀ ਹੈ, ਪ੍ਰਤੀ ਕੈਬ ਫੀਸ ਕਿੰਨੀ ਹੈ ਅਤੇ ਪਿਛਲੇ 5 ਸਾਲਾਂ ਦੌਰਾਨ ਇਸ ਤਰ੍ਹਾਂ ਕਿੰਨੀ ਫੀਸ ਸਰਕਾਰ ਨੂੰ ਪ੍ਰਾਪਤ ਹੋਈ।

ੲ) ਕੀ ਅਣ-ਅਧਿਕਾਰਤ ਚੱਲ ਰਹੀਆਂ ਕੈਬਾਂ ਦੇ ਵਿਰੁੱਧ ਸਰਕਾਰ ਵੱਲੋਂ ਹੁਣ ਤੱਕ ਕਿਹੜੀ ਕਾਰਵਾਈ ਕੀਤੀ ਗਈ ਹੈ?

ਸ੍ਰੀ ਲਾਲਜੀਤ ਸਿੰਘ ਭੁੱਲਰ: ਮਾਣਯੋਗ ਸਪੀਕਰ ਸਾਹਿਬ,

ੳ) ਭਾਰਤ ਸਰਕਾਰ ਦੁਆਰਾ ਜਾਰੀ ਐਗਰੀਗੇਟਰ ਗਾਈਡਲਾਈਨਜ਼-2020 ਅਨੁਸਾਰ ਪੰਜਾਬ ਵਹੀਕਲ ਐਗਰੀਗੇਟਰ ਡਰਾਫਟ ਰੂਲਜ਼-2023 ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਰੂਲ ਦੇ ਤਹਿਤ ਕੈਬ/ਟੈਕਸੀਆਂ (ਜਿਵੇਂ ਕਿ ਉਬਰ, ਓਲਾ, ਬਲਾਬਲਾ, ਇਨਡਰਾਈਵ, ਰੈਪਿਡੋ) ਨੂੰ ਲਾਇਸੰਸ ਜਾਰੀ ਕੀਤਾ ਜਾਣਾ ਹੈ।

ਅ) ਨਹੀਂ ਜੀ।

ੲ) ਨਹੀਂ ਜੀ।

ਸਰਦਾਰ ਕੁਲਵੰਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਐਗਰੀਗੇਟਰ ਗਾਈਡਲਾਈਨਜ਼-2023 ਦੇ ਰੂਲਜ਼ ਹਨ, ਇਹ ਕਦੋਂ ਤੱਕ ਬਣ ਜਾਣਗੇ? ਕਿਉਂਕਿ ਹਜ਼ਾਰਾਂ ਹੀ ਟੈਕਸੀਆਂ ਬਿਨਾਂ ਲਾਇਸੰਸ ਤੋਂ ਅਨ-ਅਥੋਰਾਈਜ਼ਡ ਤਰੀਕੇ ਨਾਲ ਸ਼ਹਿਰਾਂ ਵਿੱਚ ਘੁੰਮ ਰਹੀਆਂ ਹਨ ਔਰ ਜਿਹੜੀਆਂ ਟੈਕਸੀਆਂ ਨੇ ਲਾਇੰਸਸ ਲਏ ਹੋਏ ਹਨ, ਉਨ੍ਹਾਂ ਨੂੰ ਅਣਅਥੋਰਾਈਜ਼ਡ ਟੈਕਸੀਆਂ ਬਹੁਤ ਨੁਕਸਾਨ ਪਹੁੰਚਾ ਰਹੀਆਂ ਹਨ। ਇਸ ਨਾਲ ਪੰਜਾਬ ਸਰਕਾਰ ਦਾ ਬੜਾ ਵੱਡਾ ਵਿੱਤੀ ਨੁਕਸਾਨ ਵੀ ਹੋ ਰਿਹਾ ਹੈ। ਕੀ ਮੰਤਰੀ ਜੀ ਮੈਨੂੰ ਇਹ ਦੱਸਣਗੇ ਕਿ ਇਹ ਰੂਲਜ਼ ਕਦੋਂ ਤੱਕ ਬਣ ਕੇ ਤਿਆਰ ਹੋ ਜਾਣਗੇ, ਕਦੋਂ ਤੱਕ ਲਾਗੂ ਕਰ ਦਿੱਤੇ ਜਾਣਗੇ?

ਮੰਤਰੀ: ਇਹ ਲਾਇਸੰਸ ਜਲਦੀ ਹੀ ਪੰਜਾਬ ਸਰਕਾਰ ਵੱਲੋਂ ਆਪਣੇ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਕਰ ਦਿੰਦੇ ਹਾਂ। ਬਾਕੀ ਉਬਰ, ਓਲਾ ਕੰਪਨੀ ਦੀਆਂ ਗੱਡੀਆਂ ਤਕਰੀਬਨ ਚੰਡੀਗੜ੍ਹ ਰਜਿਸਟਰਡ ਹਨ। ਜਿਹੜੀਆਂ ਪੰਜਾਬ ਦੀਆਂ ਪੀਲੀ ਪਲੇਟ ਤੇ ਟੈਕਸੀਆਂ ਚਲਦੀਆਂ ਹਨ, ਉਨ੍ਹਾਂ ਤੋਂ ਪੰਜਾਬ ਸਰਕਾਰ ਨੂੰ ਕਮਰਸ਼ੀਅਲ ਗੱਡੀਆਂ ਦੀ ਇਨਕਮ ਆ ਰਹੀ ਹੈ। ਜਿਹੜੀ ਕੋਈ ਗੱਡੀ ਇਨ੍ਹਾਂ ਕੰਪਨੀਆਂ ਵਿੱਚ ਵਾਈਟ ਪਲੇਟ ਤੇ ਚਲਦੀ ਹੈ, ਜੇ ਉਸ ਦਾ ਪਤਾ ਚਲਦਾ ਹੈ, ਫਿਰ ਉਸ ਨੂੰ ਫੜ ਕੇ ਚਲਾਨ ਕੀਤਾ ਜਾਂਦਾ ਹੈ।

ਸਰਦਾਰ ਕੁਲਵੰਤ ਸਿੰਘ: ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿ ਰਹੇ ਹਨ ਕਿ ਚਲਾਨ ਕੀਤਾ ਜਾਂਦਾ ਹੈ, ਮੈਨੂੰ ਨਹੀਂ ਲੱਗਦਾ ਕਿ ਕੋਈ ਇਸ ਤਰ੍ਹਾਂ ਦੀ ਗੱਲ ਹੁੰਦੀ ਹੈ ਕਿਉਂਕਿ ਮੈਂ ਬਹੁਤ ਵਾਰ ਧਿਆਨ ਵਿੱਚ ਲਿਆਂਦਾ ਹੈ। ਮੇਰੇ ਏਰੀਏ ਮੋਹਾਲੀ ਵਿੱਚ ਇੰਟਰਨੈਸ਼ਨਲ ਏਅਰਪੋਰਟ ਪੈਂਦਾ ਹੈ ਅਤੇ ਉੱਥੇ ਹਜ਼ਾਰਾਂ ਦੀ ਤਾਦਾਦ ਵਿੱਚ ਟੈਕਸੀਆਂ ਆਉਂਦੀਆਂ ਹਨ, ਜਿਹੜੀਆਂ ਅਥੋਰਾਈਜ਼ਡ ਵੀ ਹੁੰਦੀਆਂ ਹਨ ਅਤੇ ਅਣਅਥੋਰਾਈਜ਼ਡ ਵੀ ਹੁੰਦੀਆਂ ਹਨ। ਮੈਂ ਬੜੀ ਵਾਰੀ ਟਰਾਂਸਪੋਰਟ ਕਮਿਸ਼ਨਰ ਨੂੰ ਵੀ ਲੈਟਰ ਲਿਖਿਆ ਹੈ, ਐਸ.ਐਸ.ਪੀ. ਨੂੰ ਵੀ ਲੈਟਰ ਲਿਖਿਆ ਹੈ ਔਰ ਮੈਂ ਇਨ੍ਹਾਂ ਗੱਲਾਂ ਬਾਰੇ ਟਰਾਂਸਪੋਰਟ ਵਿਭਾਗ ਨੂੰ ਵੀ ਲੈਟਰ ਲਿਖੇ ਹਨ ਕਿ ਉੱਥੇ ਅਨ-ਅਥੋਰਾਈਜ਼ਡ ਟੈਕਸੀਆਂ ਖੜ੍ਹਦੀਆਂ ਹਨ ਅਤੇ ਉੱਥੇ ਅਥੋਰਾਈਜ਼ਡ ਤੇ ਅਣਅਥੋਰਾਈਜ਼ਡ ਟੈਕਸੀਆਂ ਵਾਲਿਆਂ ਦਾ ਹਮੇਸ਼ਾ ਹੀ ਝਗੜਾ ਹੁੰਦਾ ਰਹਿੰਦਾ ਹੈ, ਹਰ ਵੇਲੇ ਲੜਾਈ ਹੁੰਦੀ ਰਹਿੰਦੀ ਹੈ ਔਰ ਕਿਸੇ ਦਿਨ ਉੱਥੇ ਇੱਕ ਵੱਡੀ ਲੜਾਈ ਹੋਣੀ ਹੈ ਜਿਸ ਨਾਲ ਕੋਈ ਵੱਡਾ ਜਾਨੀ ਤੇ ਮਾਲੀ ਨੁਕਸਾਨ ਹੋ ਸਕਦਾ ਹੈ।

0250/Sukhpiar Singh/Monika sharma

0255/Manika Rani

ਉਥੇ ਕੋਈ ਕਿਸੇ ਕਿਸਮ ਦਾ ਐਕਸ਼ਨ ਨਹੀਂ ਹੁੰਦਾ ਹੈ। ਮੈਂ ਸਾਰਿਆਂ ਨੂੰ ਲਿਖ ਕੇ ਵੀ ਦੇਖ ਲਿਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਉਥੇ ਅਨ-ਅਥੋਰਾਈਜ਼ਡ ਟੈਕਸੀਆਂ ਖੜ੍ਹੀਆਂ ਦੇਖੀਆਂ ਜਾ ਸਕਦੀਆਂ ਹਨ। ਉਨ੍ਹਾਂ ਵਿੱਚ ਕੁਝ ਅਥੋਰਾਈਜ਼ਡ ਹਨ ਅਤੇ ਕਈਆਂ ਨੇ ਤਾਂ ਪੀਲੀ ਪਲੇਟ ਵੈਸੇ ਹੀ ਲਗਾਈ ਹੁੰਦੀ ਹੈ, ਜਦੋਂਕਿ ਉਹ ਟੈਕਸੀਆਂ ਪੀਲੀ ਪਲੇਟ ਵਾਲੀਆਂ ਨਹੀਂ ਹੁੰਦੀਆਂ ਹਨ। ਕੀ ਮੰਤਰੀ ਜੀ ਯਕੀਨ ਦਿਵਾਉਣਗੇ ਕਿ ਜਿਹੜੇ ਅਨ-ਅਥੋਰਾਈਜ਼ਡ ਟੈਕਸੀਆਂ ਚਲਾ ਰਹੇ ਹਨ, ਕੀ ਉਨ੍ਹਾਂ ਉੱਤੇ ਕੋਈ ਕਾਰਵਾਈ ਕੀਤੀ ਜਾਵੇਗੀ?

ਮੰਤਰੀ: ਜਿਹੜੀ ਯੈਲੋ ਪਲੇਟ ਸਾਡੀ ਟੈਕਸੀ ਏਅਰਪੋਰਟ ਤੇ ਜਾਂਦੀ ਹੈ, ਉਹ ਤਾਂ ਅਥੋਰਾਈਜ਼ਡ ਟੈਕਸੀ ਹੈ। ਇਸ ਤੋਂ ਇਲਾਵਾ ਜਿਹੜੀ ਕੋਈ ਵਾਈਟ ਪਲੇਟ ਟੈਕਸੀ ਏਅਰਪੋਰਟ ਤੇ ਜਾਂਦੀ ਹੈ, ਜਿਹੜੀ ਐਮ.ਐਲ.ਏ. ਸਾਹਿਬ ਦੇ ਧਿਆਨ ਵਿੱਚ ਹੈ ਤਾਂ ਤਾਂ ਮੈਂਬਰ ਸਾਹਿਬ ਸਾਨੂੰ ਇਨਫਰਮੇਸ਼ਨ ਦੇ ਦੇਣ ਤਾਂ ਉਨ੍ਹਾਂ ਦਾ ਬਕਾਇਦਾ ਚਲਾਨ ਕੀਤਾ ਜਾਵੇਗਾ, ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਕੁਲਵੰਤ ਸਿੰਘ: ਸਰ, ਮੈਂ ਬੜੀ ਵਾਰੀ ਲਿਖ ਕੇ ਦੇ ਦਿੱਤਾ ਹੈ।

ਮਾਣਯੋਗ ਸਪੀਕਰ: ਮੰਤਰੀ ਜੀ ਅੱਜ ਐਮ.ਐਲ.ਏ. ਸਾਹਿਬ ਤੁਹਾਡੇ ਕੋਲੋਂ ਆਸਵਾਸ਼ਨ ਚਾਹੁੰਦੇ ਹਨ, ਤੁਸੀਂ ਇੰਸਪੈਕਸ਼ਨ ਕਰ ਲਓ।

ਮੰਤਰੀ: ਬਿਲਕੁਲ ਜੀ, ਜਿਹੜੀ ਕੋਈ ਅਨ-ਅਥੋਰਾਈਜ਼ਡ ਟੈਕਸੀ ਚਲਦੀ ਹੈ ਤਾਂ ਉਨ੍ਹਾਂ ਉੱਤੇ ਸਖਤ ਕਾਰਵਾਈ ਕਰਾਂਗੇ।

ਮਾਣਯੋਗ ਸਪੀਕਰ: ਧੰਨਵਾਦ ਜੀ।

ਨੈਸ਼ਨਲ ਹਾਈਵੇ 254 ਰਾਮਪੁਰਾ ਤੋਂ ਫੂਲ ਰੋਡ ਦੀ ਰਿਪੇਅਰ ਕਰਨਾ

***870. ਸ਼੍ਰੀ ਬਲਕਾਰ ਸਿੰਘ ਸਿੱਧੂ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇ 254 ਰਾਮਪੁਰਾ ਤੋਂ ਫੂੱਲ ਤੱਕ ਥਾਂ ਥਾਂ ਤੇ ਟੁੱਟਿਆ ਹੋਇਆ ਹੈ, ਜਿਸ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ ਅਤੇ ਇਹ ਰੋਜ਼ਾਨਾ ਹੀ ਦੁਰਘਟਨਾਵਾਂ ਦਾ ਕਾਰਨ ਬਣ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

ਸਰਦਾਰ ਹਰਭਜਨ ਸਿੰਘ: ਸਪੀਕਰ ਸਾਹਿਬ, ਇਹ ਸੈਕਸ਼ਨ ਆਰ.ਡੀ. 70.500 ਤੋਂ 82.200 ਤੱਕ ਐਨ.ਐਚ. 254 ਦਾ ਹਿੱਸਾ ਹੈ। ਇਹ ਠੀਕ ਹੈ ਕਿ ਸੀਵਰੇਜ ਠੀਕ ਹੋਣ ਕਾਰਨ ਸੜਕ ਦਾ ਕੁੱਝ ਹਿੱਸਾ 6 ਜਗ੍ਹਾ ਤੋਂ ਖਸਤਾ ਹੋ ਚੁੱਕਾ ਹੈ। ਸੜਕ ਦੇ ਇਸ ਹਿੱਸੇ ਲਈ ਬਾਈਪਾਸ ਬਣਾਏ ਜਾਣ ਦੀ ਤਜਵੀਜ਼ ਹੈ, ਜਿਸ ਦੀ ਭੌਂ ਪ੍ਰਾਪਤੀ ਦਾ ਕੰਮ ਪ੍ਰਗਤੀ ਅਧੀਨ ਹੈ। ਸੜਕ ਦੇ ਇਸ ਹਿੱਸੇ ਦੀ ਰਿਪੇਅਰ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।ਰੀਜਨਲ ਦਫ਼ਤਰ, ਸੜਕ ਆਵਾਜਾਈ ਅਤੇ ਰਾਜਮਾਰਗ ਵਿਭਾਗ (ਮੋਰਥ), ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸ਼ਾਰਟ ਟਰਮ ਮੇਨਟੀਨੈਂਸ ਕੰਟਰੈਕਟ ਅਧੀਨ ਇਸ ਹਿੱਸੇ ਦੀ ਰਿਪੇਅਰ ਦਾ ਤਖਮੀਨਾਂ ਮੰਡਲ ਦਫ਼ਤਰ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ। ਸੀਵਰੇਜ ਦੀ ਲੀਕੇਜ਼ ਦਾ ਹੱਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਤਖਮੀਨਾ ਮੰਨਜ਼ੂਰ ਹੋਣ ਉਪਰੰਤ ਅਤੇ ਸੀਵਰੇਜ ਦੀ ਲੀਕੇਜ਼ ਦਾ ਹੱਲ ਹੋਣ ਉਪਰੰਤ ਇਸ ਦੀ ਰਿਪੇਅਰ ਦਾ ਕੰਮ ਕਰਵਾ ਦਿੱਤਾ ਜਾਵੇਗਾ।

ਸ੍ਰੀ ਬਲਕਾਰ ਸਿੰਘ ਸਿੱਧੂ: ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਸਵਾਲ ਲਗਾਇਆ ਸੀ, ਉਥੇ ਹਰ ਰੋਜ਼ ਚੌਥੇ ਪੰਜਵੇਂ ਦਿਨ ਐਕਸੀਡੈਂਟ ਹੋ ਜਾਂਦਾ ਹੈ। ਜਿਸ ਕਾਰਨ ਚਾਰ-ਪੰਜ ਡੈੱਥਾਂ ਵੀ ਹੋ ਚੁੱਕੀਆਂ ਹਨ। ਇਹ ਨੈਸ਼ਨਲ ਹਾਈਵੇਜ਼ ਹੈ, ਇਸ ਨੂੰ ਰਿਪੇਅਰ ਕਰਨਾ ਚਾਹੀਦਾ ਹੈ।

ਮਾਣਯੋਗ ਸਪੀਕਰ: ਸਰਦਾਰ ਹਰਭਜਨ ਸਿੰਘ ਜੀ, ਮੈਂ ਤੁਹਾਡੇ ਪਿੰਡ ਗਿਆ ਸੀ, ਉਹ ਸੜਕ ਬੜੀ ਸੋਹਣੀ ਬਣੀ ਹੋਈ ਸੀ, ਦੂਜੀ ਇਹ ਵੀ ਬਣਾ ਦਿਓ।

ਮੰਤਰੀ: ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ, ਸਾਰੀਆਂ ਉਦਾਂ ਹੀ ਬਣਾ ਦਿਆਂਗੇ। ਜਿਵੇਂ ਜੰਡਿਆਲਾ ਦੀਆਂ ਸੜਕਾਂ ਹਨ, ਉਸ ਤਰ੍ਹਾਂ ਦੀਆਂ ਬਣਾ ਦੇਵਾਂਗੇ।

ਮਾਣਯੋਗ ਸਪੀਕਰ: ਜਲਦੀ ਬਣਾ ਦਿਓ।

ਮੰਤਰੀ: ਸਪੀਕਰ ਸਾਹਿਬ, ਜਿਹੜੀ ਮਾਣਯੋਗ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ, ਇਹ ਸਿਰਫ ਸੀਵਰੇਜ ਦੀ ਲੀਕੇਜ ਹੋਣ ਕਾਰਨ ਸੜਕ ਛੇ ਜਗ੍ਹਾ ਤੋਂ ਟੁੱਟੀ ਹੈ। ਸਾਡੇ ਪੂਰੇ ਧਿਆਨ ਵਿੱਚ ਹੈ। ਅਸੀਂ ਸੀਵਰੇਜ ਵਿਭਾਗ ਨਾਲ ਪੂਰੀ ਤਰ੍ਹਾਂ ਤਾਲਮੇਲ ਕਾਇਮ ਰੱਖਿਆ ਹੋਇਆ ਹੈ। ਔਰ ਬਹੁਤ ਜਲਦ ਸੀਵਰੇਜ ਦਾ ਕੰਮ ਮੁਕੰਮਲ ਹੋਣ ਉਪਰੰਤ ਇਸ ਸੜਕ ਦੀ ਰਿਪੇਅਰ ਦਾ ਕੰਮ ਸ਼ੁਰੂ ਕਰਵਾ ਦੇਵਾਂਗੇ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 871

ਮਾਣਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਜੈਤੋ ਨਗਰ ਕੌਂਸਲ ਅਧੀਨ ਆਉਂਦੇ ਸੀਵਰੇਜ ਸਿਸਟਮ ਜੋ ਕਿ ਸੀਵਰੇਜ ਬੋਰਡ ਅਧੀਨ ਆਉਂਦੇ ਹਨ ਦੇ ਮੈਨਟੈਂਨਸ ਫੰਡਾਂ ਦੇ ਵੇਰਵੇ

***872. ਸ੍ਰੀ ਅਮੋਲਕ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਹਲਕਾ ਜੈਤੋ ਦੇ ਨਗਰ ਕੋਸਲ ਅਧੀਨ ਆਉਦੇ ਦੇ ਸੀਵਰੇਜ ਸਿਸਟਮ ਜੋ ਕਿ ਸੀਵਰੇਜ ਬੋਰਡ ਅਧੀਨ ਆਉਦੇ ਹਨ ਲਈ ਹਰ ਮਹੀਨੇ ਮੈਨਟੇਨਸ ਲਈ ਕੋਈ ਫੰਡ ਜਾਰੀ ਕੀਤੇ ਜਾਂਦੇ ਹਨ; ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿੰਨੀ ਰਕਮ ਦਿੱਤੀ ਜਾਂਦੀ ਹੈ, ਕੀ ਇਹ ਰਕਮ ਕਿਸੇ ਪ੍ਰਾਈਵੇਟ ਠੇਕੇਦਾਰ ਕੋਲ ਹੈ। ਜੇਕਰ ਅਜਿਹਾ ਹੈ ਤਾਂ ਉਸ ਕੋਲ ਕਿੰਨੇ ਪੈਸੇ ਹਰ ਮਹੀਨੇ ਜਾਂਦੇ ਹਨ ਜਦਕਿ ਉੱਥੇ ਕਦੇ ਵੀ ਸਫਾਈ ਜਾਂ ਮੈਨਟੇਨਸ ਨਹੀ ਹੋਈ?

ਸਰਦਾਰ ਬਲਕਾਰ ਸਿੰਘ: (ੳ) ਹਾਂ ਜੀ। ਇਹ ਠੀਕ ਹੈ ਕਿ ਨਗਰ ਕੌਂਸਲ ਜੈਤੋ ਅਧੀਨ ਆਉਂਦੇ ਸੀਵਰੇਜ ਸਿਸਟਮ ਦੀ ਮੈਨਟੈਂਨਸ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਅਧੀਨ ਹੈ, ਇਸ ਲਈ ਹਰ ਮਹੀਨੇ ਸਥਾਨਕ ਸਰਕਾਰ ਵਲੋਂ 2/11 ਵੈਟ ਸ਼ੇਅਰ (ਹੁਣ ਜੀ.ਐਸ.ਟੀ) ਦੀ ਰਕਮ ਸੀਵਰੇਜ ਬੋਰਡ ਨੂੰ ਭੇਜੀ ਜਾਂਦੀ ਹੈ। (ਅ) ਭਾਗ (ੳ) ਅਨੁਸਾਰ ਰੈਵੀਨਿਊ ਅਤੇ ਵੈਟ ਸ਼ੇਅਰ ਦੀ ਪ੍ਰਾਪਤੀ ਤਕਰੀਬਨ 3.98 ਲੱਖ ਰੁਪਏ ਪ੍ਰਤੀ ਮਹੀਨਾ ਹੁੰਦੀ ਹੈ। ਜੈਤੋ ਸ਼ਹਿਰ ਦੀ ਸੀਵਰੇਜ ਦੀ ਦੇਖਭਾਲ ਦਾ ਕੰਮ ਇੱਕ ਪ੍ਰਾਈਵੇਟ ਏਜੰਸੀ ਮੈਂਸ. ਸਾਹਪੁਰਜੀ ਪਲੋਨਜੀ ਕੰਪਨੀ ਨੂੰ ਦਿੱਤਾ ਹੋਇਆ ਹੈ। ਇਸ ਕੰਪਨੀ ਨੂੰ ਉਪਰੋਕਤ ਰਾਸ਼ੀ ਦੀ ਪ੍ਰਤੀ ਮਹੀਨਾ ਅਦਾਇਗੀ ਕੀਤੀ ਜਾਂਦੀ ਹੈ। ਜਦੋਂ ਕਦੇ ਕੋਈ ਸੀਵਰੇਜ ਦੀ ਦੇਖਭਾਲ ਸਬੰਧੀ ਸ਼ਿਕਾਇਤ ਆਉਂਦੀ ਹੈ ਤਾਂ ਤੁਰੰਤ ਕਾਰਵਾਈ ਕਰਦੇ ਹੋਏ ਸ਼ਿਕਾਇਤ ਦਾ ਨਿਵਾਰਨ ਕੀਤਾ ਜਾਦਾ ਹੈ। ਇਸ ਕੰਪਨੀ ਦੇ ਕੰਮ ਦੀ ਲਗਾਤਾਰ ਮੌਨੀਟੀਰਿੰਗ ਕੀਤੀ ਜਾ ਰਹੀ ਹੈ ਅਤੇ ਉਸ ਤੋਂ ਸਹੀ ਢੰਗ ਨਾਲ ਕੰਮ ਕਰਵਾਏ ਜਾਣ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਜਦੋਂ ਕਦੇ ਕੰਪਨੀ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਪਾਈ ਜਾਦੀ, ਤਾਂ ਉਸ ਨੂੰ ਜੁਰਮਾਨਾ ਵੀ ਕੀਤਾ ਜਾਂਦਾ ਹੈ। ਜੇਕਰ ਭਵਿੱਖ ਵਿਚ ਵੀ ਕੰਪਨੀ ਦੇ ਕੰਮ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਨਹੀ ਆਉਂਦਾ ਤਾਂ ਇਸ ਕੰਪਨੀ ਦੇ ਖਿਲਾਫ ਐਗਰੀਮੈਂਟ ਅਨੁਸਾਰ ਬਣਦੀ ਕਾਰਵਾਈ ਆਰੰਭੀ ਜਾਵੇਗੀ ਅਤੇ ਕੰਪਨੀ ਦੇ ਰਿਸਕ ਐਂਡ ਕੌਸਟ ਤੇ ਸੀਵਰੇਜ ਦੀ ਦੇਖਭਾਲ ਦਾ ਕੰਮ ਕਰਵਾਇਆ ਜਾਵੇਗਾ ਅਤੇ ਸ਼ਹਿਰ ਵਾਸੀਆ ਨੂੰ ਸੀਵਰੇਜ ਦੀ ਮੈਨਟੀਨੈਂਸ ਨੂੰ ਲੈ ਕੇ ਕੋਈ ਦਿੱਕਤ ਨਹੀ ਆਉਣ ਦਿੱਤੀ ਜਾਵੇਗੀ।

0255/Manika Rani/Monika sharma

0300/Gurpreet kaur

ਮਾਣਯੋਗ ਸਪੀਕਰ:ਮੰਤਰੀ ਜੀ, ਕਹਿੰਦੇ ਹਨ ਕਿ ਜਿਹੜੇ ਰੋਗ ਨਾਲ ਬੱਕਰੀ ਮਰ ਗਈ ਉਹੀ ਰੋਗ ਪਠੋਰੇ ਨੂੰ। ਕੋਟਕਪੂਰੇ ਵੀ ਇਹੀ ਹਾਲ ਹੈ ਅਤੇ ਉਸ ਦਾ ਕੰਮ ਵੀ ਇਸ ਕੰਪਨੀ ਕੋਲ ਹੀ ਹੈ। ਜਿੰਨੀ ਦੇਰ ਤੱਕ ਇਸ ਕੰਪਨੀ ਦੇ ਮੁਲਾਜ਼ਮ ਧਰਨੇ ਤੇ ਨਹੀਂ ਬੈਠਦੇ, ਉੱਨੀ ਦੇਰ ਤੱਕ ਕੰਪਨੀ ਉਨ੍ਹਾਂ ਨੂੰ ਤਨਖਾਹ ਵੀ ਨਹੀਂ ਦਿੰਦੀ। ਤੁਸੀਂ ਦੱਸਿਆ ਕਿ ਹਰ ਮਹੀਨੇ ਸਰਕਾਰ ਵੱਲੋਂ ਉਨ੍ਹਾਂ ਨੂੰ ਪੈਸਾ ਚਲਾ ਜਾਂਦਾ ਹੈ। ਇਸ ਤੇ ਕੋਈ ਸਖਤ ਕਾਰਵਾਈ ਕਰਨੀ ਪਵੇਗੀ। ਜਦੋਂ ਅਸੀਂ ਆਪੋਜ਼ੀਸ਼ਨ ਵਿੱਚ ਸੀ ਵੀ ਉਦੋਂ ਵੀ ਇਹੀ ਸਵਾਲ ਚੁੱਕਿਆ ਗਿਆ ਸੀ। ਇਸ ਤੇ ਸਖਤ ਕਾਰਵਾਈ ਕਰਨ ਦੀ ਲੋੜ ਹੈ।

ਸ੍ਰੀ ਅਮੋਲਕ ਸਿੰਘ: ਸਰ, ਮੇਰਾ ਇਹੀ ਸਵਾਲ ਸੀ ਕਿ ਜੇਕਰ ਮੇਨਟੇਂਸ ਦੇ ਪੈਸੇ ਦਿੱਤੇ ਜਾਂਦੇ ਹਨ ਤਾਂ ਉਹ ਕਿਸ ਨੂੰ ਦਿੱਤੇ ਜਾਂਦੇ ਹਨ ਕਿਉਂਕਿ ਮਹੀਨੇ ਦਾ ਚਾਰ ਲੱਖ ਰੁਪਿਆ ਕੰਪਨੀ ਨੂੰ ਦੇਣ ਦੇ ਬਾਵਜੂਦ ਵੀ ਉੱਥੇ ਕੰਮ ਨਾ ਹੋਣ ਇਹ ਤਾਂ ਬਹੁਤ ਬੇਤੁਕੀ ਜਿਹੀ ਗੱਲ ਹੈ। ਮੇਰਾ ਇਹੀ ਸਵਾਲ ਹੈ ਕਿ ਅਸੀਂ ਕੰਪਨੀ ਦੀ ਮਾੜੀ ਕਾਰਗੁਜ਼ਾਰੀ ਨੂੰ ਲੈ ਕੇ ਇਨ੍ਹਾਂ ਨੂੰ ਬਲੈਕਲਿਸਟ ਕਰਕੇ ਕੰਟਰੈਕਟ ਤੋੜ ਸਕਦੇ ਹਾਂ? ਜੇਕਰ ਕੰਟਰੈਕਟ ਤੋੜ ਸਕਦੇ ਹਾਂ ਤਾਂ ਉਸ ਨੂੰ ਤੋੜਿਆ ਜਾਵੇ ਅਤੇ ਪੈਸੇ ਨਗਰ ਕੌਂਸਲ ਅਤੇ ਸੀਵਰੇਜ ਬੋਰਡ ਨੂੰ ਇਹ ਪੈਸੇ ਦਿੱਤੇ ਜਾਣ ਤਾਂ ਕਿ ਉੱਥੇ ਚੰਗੇ ਤਰੀਕੇ ਨਾਲ ਕੰਮ ਹੋ ਸਕੇ।

ਮਾਣਯੋਗ ਸਪੀਕਰ: ਮਾਨਯੋਗ ਮੰਤਰੀ ਜੀ, ਜਵਾਬ ਦਿਓ।

ਮੰਤਰੀ: ਹਾਂ ਜੀ, ਅਸੀਂ ਇਨ੍ਹਾਂ ਨੂੰ ਐਗਜ਼ਾਮਿਨ ਕਰਕੇ ਉਨ੍ਹਾਂ ਖਿਲਾਫ ਬਲੈਕਲਿਸਟ ਕਰਾਂਗੇ।

ਮਾਣਯੋਗ ਸਪੀਕਰ: ਇਹ ਕੰਮ ਜਲਦ ਤੋਂ ਜਲਦ ਕੀਤਾ ਜਾਵੇ ਕਿਉਂਕਿ ਲੋਕ ਬਹੁਤ ਔਖੇ ਹਨ।

ਮੰਤਰੀ: ਠੀਕ ਹੈ ਜੀ।

ਸ੍ਰੀ ਅਮੋਲਕ ਸਿੰਘ: ਧੰਨਵਾਦ ਜੀ। ਜੇਕਰ ਇਹ ਕੰਮ ਹੋ ਜਾਂਦਾ ਹੈ ਤਾਂ ਸਾਡੇ ਵੱਲੋਂ ਬਹੁਤ ਬਹੁਤ ਧੰਨਵਾਦ ਹੈ ਜੀ।

ਡੇਰਾਬੱਸੀ ਤੋਂ ਈਸਾਪੁਰ ਵਾਇਆ ਸਤਾਬਗੜ੍ਹ ਕਾਜ਼-ਵੇਅ ਬਣਾਉਣਾ

*873. **ਸਰਦਾਰ ਕੁਲਜੀਤ ਸਿੰਘ ਰੰਧਾਵਾ**: ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿੱਚ ਡੇਰਾਬੱਸੀ ਤੋਂ ਈਸਾਪੁਰ ਵਾਇਆ ਸਤਾਬਗੜ੍ਹ ਕਾਜ਼-ਵੇਅ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਦੀ ਤਾਜਾ ਸਥਿਤੀ ਕੀ ਹੈ; ਇਸ ਬਾਰੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

ਸਰਦਾਰ ਗੁਰਮੀਤ ਸਿੰਘ ਖੁੱਡੀਆਂ: ਮਾਣਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਈਸਾਪੁਰ ਤੋਂ ਸਤਾਬਗੜ੍ਹ ਦੀ ਲਿੰਕ ਸੜਕ ਨਾ ਹੋਣ ਕਾਰਨ ਕਾਜ਼ ਵੇਅ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

ਸਰਦਾਰ ਕੁਲਜੀਤ ਸਿੰਘ ਰੰਧਾਵਾ: ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਪੰਜਵਾਂ ਵਿਧਾਨ ਸਭਾ ਦਾ ਸੈਸ਼ਨ ਹੈ। ਮੈਂ ਪਹਿਲੇ ਸੈਸ਼ਨ ਵਿੱਚ ਵੀ ਇਹੀ ਗੱਲ ਕੀਤੀ ਸੀ। ਜਿੰਨੇ ਵੀ ਮੈਂਬਰ ਸਾਹਿਬਾਨ, ਮੰਤਰੀ ਸਾਹਿਬਾਨ ਹਨ ਜਦੋਂ ਦਿੱਲੀ ਤੋਂ ਆਉਂਦੇ ਹਨ ਅੰਬਾਲੇ ਤੋਂ ਚੰਡੀਗੜ੍ਹ ਜਾਣ ਦਾ ਇੱਕੋ ਹੀ ਰਸਤਾ ਡੇਰਾਬੱਸੀ ਹੈ। ਜਾਮ ਵਿੱਚ ਫਸੇ ਸਾਰੇ ਲੋਕ ਦੁਰ ਅਸੀਸਾਂ ਦਿੰਦੇ ਹਨ। ਸਭ ਤੋਂ ਪਹਿਲਾਂ ਇਹੀ ਪੁੱਛਦੇ ਹਨ ਕਿ ਇੱਥੇ ਐਮ.ਐਲ.ਏ. ਕੌਣ ਹੈ। ਇਹ ਐਮ.ਐਲ.ਏ. ਦਾ ਕੰਮ ਨਹੀਂ ਹੈ ਇਹ ਸਰਕਾਰ ਦਾ ਕੰਮ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 20 ਪਿੰਡ ਅਤੇ ਇੱਕ ਡੇਰਾਬੱਸੀ ਸ਼ਹਿਰ ਵਿੱਚ ਜੇਕਰ ਇੱਕ ਕਾਜ਼ ਵੇਅ ਬਣਾ ਦਿੱਤਾ ਜਾਵੇ ਤਾਂ ਜ਼ੀਰਕਪੁਰ ਅਤੇ ਡੇਰਾਬੱਸੀ ਦੇ ਜਾਮ ਤੋਂ ਲੋਕਾਂ ਨੂੰ ਨਿਜਾਤ ਮਿਲ ਸਕਦੀ ਹੈ। ਮੰਤਰੀ ਸਾਹਿਬ, ਇਹ ਕਿੰਨੀ ਦੇਰ ਤੱਕ ਕਾਜ਼-ਵੇਅ ਬਣਾ ਕੇ ਦਿੱਤਾ ਜਾਵੇਗਾ।

ਮੰਤਰੀ: ਈਸਾਪੁਰ ਪਿੰਡ ਤੋਂ 18 ਫੁੱਟ ਸੜਕ ਨੈਸ਼ਨਲ ਹਾਈਵੇਅ ਚੰਡੀਗੜ੍ਹ N.H 22 ਨਾਲ ਜੁੜਿਆ ਹੋਇਆ ਹੈ। ਸਤਾਬਗੜ੍ਹ ਦੀ 18 ਫੁੱਟ ਸੜਕ O.D.R 9 ਨੰਬਰ ਰਾਹੀਂ ਨੈਸ਼ਨਲ ਹਾਈਵੇਅ ਨਾਲ ਚੰਡੀਗੜ੍ਹ ਨਾਲ ਜੁੜਿਆ ਹੋਇਆ ਹੈ। ਚੰਡੀਗੜ੍ਹ N.H 22 ਨਾਲ ਪਟਿਆਲਾ ਨਾਲ ਜੁੜਿਆ ਹੋਇਆ ਹੈ। ਇਸ ਲਈ ਇਹ ਰਸਤਾ ਕੱਚਾ ਹੈ ਅਤੇ ਕੱਚੇ ਰਸਤੇ ਵਿੱਚ ਇਹ ਨਹੀਂ ਬਣਾਏ ਜਾ ਸਕਦੇ।

ਸਰਦਾਰ ਕੁਲਜੀਤ ਸਿੰਘ ਰੰਧਾਵਾ: ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇੱਕ ਦਿਨ ਸ਼ਾਮ ਨੂੰ ਅਸੀਂ ਉਸੇ ਪੁਆਇੰਟ ਤੇ ਗਏ ਸੀ ਅਤੇ ਲਗਭਗ ਜੇਕਰ ਇੱਕ ਕਿੱਲੇ ਦੇ ਅੰਦਰ ਕਾਜ਼-ਵੇਅ ਬਣ ਜਾਵੇ ਤਾਂ ਲੱਖਾਂ ਲੋਕ ਰੋਜ਼ ਜਾਮ ਵਿੱਚ ਫਸਣ ਤੋਂ ਬਚ ਸਕਦੇ ਹਨ। ਮੈਂ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜਦੋਂ ਕੈਬਨਿਟ ਦੀ ਮੀਟਿੰਗ ਹੁੰਦੀ ਹੈ ਤਾਂ ਇਸ ਕਾਜ਼ ਵੇਅ ਵੱਲ ਧਿਆਨ ਦਿੱਤਾ ਜਾਵੇ। ਸਵਾ ਲੱਖ ਲੋਕਾਂ ਦੇ ਰੋਜ਼ ਜਾਮ ਵਿੱਚ ਫਸਣ ਨਾਲ ਹਿਮਾਚਲ, ਪੰਜਾਬ, ਹਰਿਆਣਾ ਅਤੇ ਯੂ.ਪੀ. ਦੇ ਸਾਰੇ ਲੋਕ ਪਰੇਸ਼ਾਨ ਹੁੰਦੇ ਹਨ। ਮੰਤਰੀ ਸਾਹਿਬ, ਜੇਕਰ ਸਰਕਾਰ ਹਿੰਮਤ ਕਰੇ ਤਾਂ ਪੰਜਾਬ ਦੇ ਲੋਕ ਤੁਹਾਨੂੰ ਬਹੁਤ ਅਸੀਸਾਂ ਦੇਣਗੇ। ਧੰਨਵਾਦ ਜੀ।

ਮਾਣਯੋਗ ਸਪੀਕਰ: ਮੰਤਰੀ ਸਾਹਿਬ, ਅਸੀਸਾਂ ਲੈ ਲਵੋ ।

ਮੰਤਰੀ: ਮੈਂ ਮਾਣਯੋਗ ਐਮ.ਐਲ.ਏ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕਿਸੇ ਵੇਲੇ ਮੈਂ ਵੀ ਉੱਥੇ ਆ ਜਾਵਾਂਗਾ ਅਤੇ ਅਸੀਂ ਦੇਖ ਵੀ ਲਵਾਂਗੇ। ਸਮੇਂ ਦੀ ਲੋੜ ਮੁਤਾਬਿਕ ਸਰਕਾਰ ਜੋ ਕਰ ਸਕਦੀ ਹੈ ਉਹ ਕੰਮ ਜ਼ਰੂਰ ਕੀਤਾ ਜਾਵੇਗਾ।

ਮਾਣਯੋਗ ਸਪੀਕਰ: ਧੰਨਵਾਦ ਜੀ।

ਸਰਦਾਰ ਕੁਲਜੀਤ ਸਿੰਘ ਰੰਧਾਵਾ: ਮੈਂ ਰਾਤ ਨੂੰ ਦਿਖਾ ਕੇ ਲਿਆਇਆ ਸੀ ਅਤੇ ਹੁਣ ਮੰਤਰੀ ਸਾਹਿਬ ਨੂੰ ਦਿਨ ਵਿੱਚ ਜਾ ਕੇ ਦਿਖਾ ਕੇ ਲਿਆਵਾਂਗਾ। ਧੰਨਵਾਦ ਜੀ।

0300/Gurpreet kaur/Shubham jain

0305/Rajneet Kaur

ਸਾਲ 2022-23 ਅਤੇ 2023-24 ਦੌਰਾਨ ਰਾਜ ਪੈਨਸ਼ਨਰਾਂ ਦੀ ਗਿਣਤੀ

***874. ਸ੍ਰੀ ਅਵਤਾਰ ਸਿੰਘ ਜੂਨੀਅਰ** : ਕੀ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਸਾਲ 2022-23 ਅਤੇ ਸਾਲ 2023-24 ਦੌਰਾਨ ਰਾਜ ਵਿੱਚ ਪੈਨਸ਼ਨਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਸਾਲ 2022-23 ਅਤੇ ਸਾਲ 2023-24 ਵਿੱਚ ਕਿੰਨੇ ਵਿਅਕਤੀਆਂ ਦੀ ਪੈਨਸ਼ਨ ਕਿਸ ਮਾਪਦੰਡ ਅਧੀਨ ਰੋਕੀ ਗਈ/ਰੱਦ ਕੀਤੀ ਗਈ?

ਡਾਕਟਰ ਬਲਜੀਤ ਕੌਰ : ਸ੍ਰੀਮਾਨ ਜੀ, (ੳ) ਸਾਲ 2022-23 ਦੌਰਾਨ ਰਾਜ ਵਿੱਚ ਪੈਨਸ਼ਨਰਾਂ ਦੀ ਗਿਣਤੀ 31,56,679 ਸੀ ਅਤੇ ਸਾਲ 2023-24 ਦੌਰਾਨ (ਮਹੀਨਾ ਅਕਤੂਬਰ 2023) ਰਾਜ ਵਿੱਚ ਪੈਨਸ਼ਨਰਾਂ ਦੀ ਗਿਣਤੀ 32,92,967 ਹੈ।

ਅ) ਵਿਭਾਗੀ ਪੈਨਸ਼ਨ ਨਿਯਮ/ਮਾਪਦੰਡ ਅਨੁਸਾਰ ਸਾਲ 2022-23 ਦੌਰਾਨ ਲਾਭਪਾਤਰੀਆਂ ਦਾ ਸਰਵੇ ਕਰਵਾਇਆ ਗਿਆ, ਜਿਸ ਅਨੁਸਾਰ 90,248 ਲਾਭਪਾਤਰੀਆਂ ਦੀ ਪੈਨਸ਼ਨ ਰੋਕੀ/ਰੱਦ ਕੀਤੀ ਗਈ ਅਤੇ ਸਾਲ 2023-24 ਦੌਰਾਨ 37,108 ਲਾਭਪਾਤਰੀਆਂ ਦੀ ਪੈਨਸ਼ਨ ਰੋਕੀ/ਰੱਦ ਕੀਤੀ ਗਈ।

ਸ੍ਰੀ ਅਵਤਾਰ ਸਿੰਘ ਜੂਨੀਅਰ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਮੰਤਰੀ ਸਾਹਿਬਾ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਡੇਢ ਸਾਲ ਦੇ ਕਾਰਜਕਾਲ ਦੌਰਾਨ ਲਗਭਗ 01 ਲੱਖ, 27 ਹਜ਼ਾਰ ਪੈਨਸ਼ਨਰਾਂ ਦੀ ਪੈਨਸ਼ਨ ਕੱਟੀ ਗਈ। ਇਸ ਵਿੱਚੋਂ ਜਿੰਨੀ ਕੁ ਮੈਨੂੰ ਸਮਝ ਹੈ ਕਿ ਜ਼ਿਮੀਦਾਰਾਂ ਦੇ 65 ਹਜ਼ਾਰ ਤੋਂ ਵੱਧ ਦੀ ਪੈਨਸ਼ਨ ਕੱਟੀ ਗਈ ਹੈ। ਜਿਸ ਵਿੱਚ ਉਨ੍ਹਾਂ ਦੀ ਇਨਕਮ ਦਾ ਮਾਪਦੰਡ ਇਹ ਹੈ ਕਿ 60 ਹਜ਼ਾਰ ਤੋਂ ਵੱਧ ਇਨਕਮ ਨਹੀਂ ਹੋਣੀ ਚਾਹੀਦੀ ਹੈ। ਮੇਰੀ ਬੇਨਤੀ ਹੈ ਕਿ ਇਨ੍ਹਾਂ ਦੇ ਮਹਿਕਮੇ ਦੇ ਰੂਲ ਇਹ ਕਹਿੰਦੇ ਹਨ ਜਿਹੜੇ ਜ਼ਿਮੀਦਾਰ ਦਾ ਢਾਈ ਏਕੜ ਤੱਕ ਦੀ ਜ਼ਮੀਨ ਤੇ ਮਾਲਕਾਨਾ ਹੱਕ ਹੈ, ਉਸਦੀ ਪੈਨਸ਼ਨ ਨਹੀਂ ਲੱਗ ਸਕਦੀ। ਅੱਜ ਭਾਵੇਂ ਉਹ ਗੰਨੇ ਦਾ ਉਤਪਾਦਨ ਕਰਦਾ ਹੋਵੇ, ਰਾਈਸ ਜਾਂ ਵੀਟ ਦਾ ਕਰਦਾ ਹੈ, ਇਸ ਦੇ ਨਾਲ ਸਾਲ ਦੀ ਤਕਰੀਬਨ ਤਿੰਨ ਲੱਖ ਰੁਪਏ ਤੱਕ ਇਨਕਮ ਹੋ ਜਾਂਦੀ ਹੈ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਮਹਿਕਮੇ ਨੂੰ ਇਸ ਦੇ ਵਿੱਚ ਰਿਵਾਈਜ਼ ਕਰਨਾ ਚਾਹੀਦਾ ਹੈ ਕਿ ਸਲਾਨਾ ਇਨਕਮ ਢਾਈ ਲੱਖ ਰੁਪਏ ਹੋਣੀ ਚਾਹੀਦੀ ਹੈ। ਦੂਜੀ ਮੇਰੀ ਬੇਨਤੀ ਇਹ ਹੈ ਕਿ ਪੈਨਸ਼ਨ 1500 ਰੁਪਏ ਤੋਂ ਵਧਾ ਕੇ 2500 ਰੁਪਏ ਕਦੋਂ ਤੱਕ ਕੀਤੀ ਜਾਵੇਗੀ? ਸਰ, ਪੰਜਾਬ ਵਿਧਾਨ ਸਭਾ ਦੇ ਵਿੱਚ ਦਿ ਪੰਜਾਬ ਮਿਨੀਮਮ ਵੇਜਿਜ ਐਕਟ 1950 ਪਾਸ ਹੋਇਆ ਸੀ, ਉਸ ਅਨੁਸਾਰ ਪੰਜਾਬ ਵਿੱਚ ਅਨਸਕਿੱਲਡ ਲੇਬਰ ਲਈ ਮਿਨੀਮਮ ਵੇਜਿਜ਼ 10 ਹਜ਼ਾਰ 736 ਰੁਪਏ

ਪ੍ਰਤੀ ਮਹੀਨਾ ਦੇਣੀ ਚਾਹੀਦੀ ਹੈ। ਇਹ ਲੇਬਰ ਡਿਪਾਰਟਮੈਂਟ ਦੀ 01.09.2023 ਦੀ ਨੋਟੀਫਿਕੇਸ਼ਨ ਹੈ। ਅਗਰ ਕੋਈ ਸੈਮੀ ਸਕਿੱਲਡ ਵਰਕਰ ਹੈ, ਉਸ ਨੂੰ 11 ਹਜ਼ਾਰ 516 ਰੁਪਏ ਮਿਨੀਮਮ ਵੇਜਿਜ, ਪ੍ਰਤੀ ਮਹੀਨਾ ਦਿੱਤਾ ਜਾਵੇਗਾ। ਸਰ, ਸਭ ਤੋਂ ਵਚਿੱਤਰ ਗੱਲ ਇਹ ਹੈ ਕਿ ਜਿਹੜਾ minimum rate of attached labour in agriculture (unskilled) ਹੈ, ਉਸ ਵਿੱਚ 73 ਹਜ਼ਾਰ ਰੁਪਏ ਮਿਲਣਾ ਚਾਹੀਦਾ ਹੈ। ਇਸ ਤਰ੍ਹਾਂ ਜਿਹੜਾ ਖੁਦ ਜ਼ਿਮੀਦਾਰ ਹੈ, ਉਹ 60 ਹਜ਼ਾਰ ਰੁਪਏ ਤੋਂ ਉੱਪਰ ਇਨਕਮ ਵਾਲਾ ਪੈਨਸ਼ਨ ਨਹੀਂ ਲੈ ਸਕਦਾ ਪਰੰਤੂ ਜਿਹੜਾ ਉਸ ਕੋਲ ਲੇਬਰ ਦਾ ਕੰਮ ਕਰ ਰਿਹਾ ਹੈ, ਉਸ ਨੂੰ ਪੈਨਸ਼ਨ ਮਿਲ ਰਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿੱਚ ਕਦੋਂ ਤੱਕ ਦਰੁਸਤੀ ਕੀਤੀ ਜਾਵੇਗੀ?

ਮੰਤਰੀ : ਆਨਰੇਬਲ ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਕਨਫਿਊਜ਼ਨ ਦੂਰ ਕਰਨੀ ਚਾਹੁੰਦੀ ਹਾਂ। ਜਿਹੜੇ ਹੁਣ 37,108 ਲਾਭਪਾਤਰੀਆਂ ਦੀ ਪੈਨਸ਼ਨ ਕੱਟੀ ਗਈ ਹੈ, ਉਨ੍ਹਾਂ ਵਿੱਚ ਕਿਸਾਨਾਂ ਨੂੰ ਇਨਕਲੂਡ ਨਹੀਂ ਕੀਤਾ ਗਿਆ ਹੈ। ਇਨ੍ਹਾਂ ਵਿੱਚ 'ਜੇ 'ਫਾਰਮ ਹੋਲਡਰ ਵਾਲਿਆਂ ਦਾ ਸਰਵੇਅ ਜ਼ਰੂਰ ਕਰਵਾਇਆ ਗਿਆ ਹੈ ਪਰੰਤੂ ਜਿਨ੍ਹਾਂ ਦੀ ਪੈਨਸ਼ਨ ਰੋਕੀ ਗਈ ਹੈ, ਉਨ੍ਹਾਂ ਵਿੱਚ ਡੈੱਡ ਬੈਨੀਫਿਸ਼ਰੀ ਦੀ ਗਿਣਤੀ 36058 ਸੀ। ਬਾਕੀ ਜਿਹੜੇ ਗੌਰਮਿੰਟ ਤੋਂ ਪੈਨਸ਼ਨ ਲੈ ਰਹੇ ਸੀ, ਉਨ੍ਹਾਂ ਦੀ ਗਿਣਤੀ 574 ਤੇ ਬਾਕੀ ਜਿਹੜੇ 476 ਸਨ, ਉਹ ਐਨ.ਆਰ.ਆਈ. ਸਨ। ਅਸੀਂ ਕਿਸੇ ਵੀ ਕਿਸਾਨ ਦੀ ਪੈਨਸ਼ਨ 'ਜੇ' ਫਾਰਮ ਦੇ ਆਧਾਰ ਤੇ ਨਹੀਂ ਕੱਟੀ ਹੈ। ਢਾਈ ਏਕੜ ਜ਼ਮੀਨ ਵਾਲੇ, ਪੰਜ ਏਕੜ ਵਾਲੇ ਜਾਂ ਸੇਮ ਗ੍ਰਸਤ ਹਨ ਜਾਂ ਜਿਨ੍ਹਾਂ ਦੀ ਜ਼ਮੀਨ ਉਪਜਾਊ ਨਹੀਂ ਹੈ, ਉਨ੍ਹਾਂ ਕਿਸਾਨਾਂ ਨੂੰ ਵੀ ਪੈਨਸ਼ਨ ਦਿੱਤੀ ਜਾ ਰਹੀ ਹੈ। ਸੋ, ਇਸ ਵਿੱਚ ਦਰੁਸਤੀ ਦੀ ਲੋੜ ਹੈ ਕਿ ਕਿਸੇ ਵੀ ਕਿਸਾਨ ਦੀ ਪੈਨਸ਼ਨ ਨਹੀਂ ਕੱਟੀ ਗਈ ਹੈ।

ਸ੍ਰੀ ਅਵਤਾਰ ਸਿੰਘ ਜੂਨੀਅਰ : ਸਰ, ਮੈਂ ਤੁਹਾਡੇ ਮਾਰਫਤ ਵਜ਼ੀਰ ਸਾਹਿਬਾ ਦਾ ਧੰਨਵਾਦ ਕਰਦਾ ਹਾਂ। ਜਿਹੜਾ ਇਨ੍ਹਾਂ ਦੇ ਸਵਾਲ ਦਾ ਜਵਾਬ ਆਇਆ ਹੈ, ਉਹ ਸੰਖੇਪ ਵਿੱਚ ਆਇਆ ਹੈ। ਇਸ ਵਿੱਚ 90, 000 ਪਿਛਲੇ ਸਾਲ ਕੱਟੀ ਗਈ ਤੇ 37,000 ਇਸ ਸਾਲ ਕੱਟੀ ਗਈ ਹੈ। ਪਹਿਲਾ ਇਸ਼ੂ ਇਹ ਹੈ ਕਿ ਕੀ 90,000 ਦੇ ਵਿੱਚ ਵੀ ਕਿਸੇ ਜ਼ਿਮੀਦਾਰ ਦੀ ਪੈਨਸ਼ਨ ਕੱਟੀ ਗਈ ਹੈ? ਦੂਜਾ ਮੇਰਾ ਸਵਾਲ ਸੀ ਕਿ ਕੀ ਸਰਕਾਰ ਦੀ ਕੋਈ ਤਜਵੀਜ਼ ਹੈ ਕਿ ਪੈਨਸ਼ਨ 1500 ਤੋਂ 2500 ਰੁਪਏ ਕਰਨੀ ਹੈ? ਤੀਜਾ ਮੇਰਾ ਸਵਾਲ ਇਹ ਸੀ ਕਿ ਡਿਪਾਰਟਮੈਂਟ ਦਾ ਰੂਲ ਕਹਿੰਦਾ ਹੈ ਕਿ ਜਿਸ ਦੀ 60 ਹਜ਼ਾਰ ਰੁਪਏ ਐਨੂਅਲ ਇਨਕਮ ਹੈ, ਉਸ ਦੀ ਪੈਨਸ਼ਨ ਨਹੀਂ ਲੱਗ ਸਕਦੀ, ਕੀ ਸਰਕਾਰ ਇਸ ਵਿੱਚ ਕੋਈ ਬੜੋਤਰੀ (ਵਾਧਾ) ਕਰ ਰਹੀ ਹੈ? ਕਿਉਂਕਿ ਲੇਬਰ ਡਿਪਾਰਟਮੈਂਟ ਦਾ ਰੂਲ ਕਹਿੰਦਾ ਹੈ ਕਿ ਮਿਨੀਮਮ ਵੇਜਿਜ ਇੱਕ ਲੱਖ ਰੁਪਏ ਹੋਣੀ ਚਾਹੀਦੀ ਹੈ।

0305/Rajneet Kaur/Shubham jain

0310/Kuldeep kaur

ਕੀ ਵਜ਼ੀਰ ਸਾਹਿਬਾ ਦੀ ਤਜਵੀਜ਼ ਦੇ ਵਿੱਚ ਇਹ ਹੈ ਕਿ ਇਸ ਨੂੰ ਵਧਾ ਕੇ ਅਸੀਂ 1 ਲੱਖ 20 ਹਜ਼ਾਰ ਰੁਪਏ ਤੱਕ ਲੈ ਕੇ ਜਾਈਏ। ਸਾਡੇ ਲਾਭਪਾਤਰੀ ਹੋਰ ਵੱਧ ਸਕਦੇ ਹਨ। ਇਹ ਤਿੰਨ ਸਵਾਲ ਸਨ, ਇਨ੍ਹਾਂ ਤਿੰਨਾਂ ਦਾ ਮੈਨੂੰ ਜਵਾਬ ਨਹੀਂ ਮਿਲਿਆ ਹੈ। ਸਰ, ਮੇਰੀ ਪਹਿਲੀ ਸਪਲੀਮੈਂਟਰੀ ਹੈ।

ਮੰਤਰੀ: ਸਪੀਕਰ ਸਾਹਿਬ, ਮੈਂ 2022-23 ਦਾ ਵੀ ਕਲੀਅਰ ਕਰਨਾ ਚਾਹੁੰਦੀ ਹਾਂ ਕਿ ਜਿਸ ਵਿੱਚ ਅਸੀਂ 90 ਹਜ਼ਾਰ ਪੈਨਸ਼ਨਰਾਂ ਦੀ ਪੈਨਸ਼ਨ ਕੱਟੀ ਗਈ ਹੈ, ਉਸ ਵਿੱਚ ਐਨ.ਆਰ.ਆਈ. 20571 ਸਨ ਔਰ ਬਾਕੀ ਡੈੱਡ ਬੈਨੀਫਿਸ਼ਰੀਜ਼ ਸਨ ਜਿਸ ਵਿੱਚ ਅਸੀਂ ਕਿਸਾਨਾਂ ਨੂੰ ਇਨਕਲੂਡ ਨਹੀਂ ਕੀਤਾ ਸੀ। ਜਿੱਥੋਂ ਤੱਕ ਅਸੀਂ 1500 ਤੋਂ 2500 ਪੈਨਸ਼ਨ ਕਰਨ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਵੀ ਪਰਪੋਜ਼ਲ ਬਣਾ ਕੇ ਫਾਈਨਾਂਸ ਡਿਪਾਰਟਮੈਂਟ ਨੂੰ ਭੇਜਿਆ ਗਿਆ ਹੈ। ਹੁਣ ਜਦੋਂ ਹੀ ਫਾਈਨਾਂਸ ਡਿਪਾਰਟਮੈਂਟ ਵੱਲੋਂ ਕੋਈ ਸੰਕੇਤ ਮਿਲਦਾ ਹੈ ਤਾਂ ਅਸੀਂ ਇਸ ਤੇ ਕੰਮ ਕਰਨ ਲਈ ਤਿਆਰ ਹਾਂ।

ਸ੍ਰੀ ਅਵਤਾਰ ਸਿੰਘ ਜੂਨੀਅਰ: ਸਰ, ਮੇਰੇ ਤੀਜੇ ਸਵਾਲ ਦਾ ਜਵਾਬ ਨਹੀਂ ਆਇਆ ਹੈ।

ਮਾਣਯੋਗ ਸਪੀਕਰ: ਮੇਰੇ ਕੋਲ ਤੁਹਾਡੇ ਸਵਾਲ ਦਾ ਸਿਰਫ ੳ ਤੇ ਅ ਭਾਗ ਆਇਆ ਹੈ। ਤੀਜਾ ਭਾਗ ਨਹੀਂ ਆਇਆ ਹੈ। ਜਿਹੜਾ ਤੁਹਾਡਾ ਤੀਜਾ ਸਵਾਲ ਹੈ, ਉਹ ਵੱਖਰਾ ਸਵਾਲ ਦੇ ਦੇਵੋ then we will get it.

ਸ੍ਰੀ ਅਵਤਾਰ ਸਿੰਘ ਜੂਨੀਅਰ: ਸਰ, ਮੇਰੇ ਸਵਾਲ ਦਾ ਜਵਾਬ ਤਾਂ ਦੇ ਦੇਵੋ, ਸਪਲੀਮੈਂਟਰੀ ਇਸ ਲਈ ਹੀ ਤਾਂ ਰੱਖੀ ਗਈ ਹੈ।

ਮਾਣਯੋਗ ਸਪੀਕਰ: ਜੇਕਰ ਮੰਤਰੀ ਸਾਹਿਬ ਸਪੀਲਮੈਂਟਰੀ ਦਾ ਜਵਾਬ ਦੇਣਾ ਚਾਹੁੰਦੇ ਹਨ ਤਾਂ ਦੇ ਸਕਦੇ ਹਨ ਅਦਰਵਾਈਜ਼ ਤੁਸੀਂ ਜਿਹੜਾ ਸਵਾਲ ਪੁੱਛਿਆ ਹੈ ਉਸ ਵਿੱਚ ਇਹ ਹੈ ਕਿ ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਸਾਲ 2022-23 ਅਤੇ ਸਾਲ 2023-24 ਦੌਰਾਨ ਰਾਜ ਵਿੱਚ ਪੈਨਸ਼ਨਰਾਂ ਦੀ ਗਿਣਤੀ ਕਿੰਨੀ ਹੈ ਉਸਦਾ ਜਵਾਬ ਤੁਹਾਨੂੰ ਮਿਲ ਗਿਆ ਹੈ। ਸਾਲ ਸਾਲ 2022-23 ਅਤੇ ਸਾਲ 2023-24 ਵਿੱਚ ਕਿੰਨੇ ਵਿਅਕਤੀਆਂ ਦੀ ਪੈਨਸ਼ਨ ਕਿਸ ਮਾਪਦੰਡ ਅਧੀਨ ਰੋਕੀ ਗਈ, ਰੱਦ ਕੀਤੀ ਗਈ, ਉਸ ਦਾ ਵੀ ਤੁਹਾਨੂੰ ਜਵਾਬ ਮਿਲ ਗਿਆ ਹੈ। ਹੁਣ ਜੇ ਇਸ ਨਾਲ ਸਬੰਧਤ ਕੋਈ ਸਪਲੀਮੈਂਟਰੀ ਹੈ ਤਾਂ ਦੱਸੋ।

ਸ੍ਰੀ ਅਵਤਾਰ ਸਿੰਘ ਜੂਨੀਅਰ: ਸਪੀਕਰ ਸਾਹਿਬ ਅਗਰ ਆਪਾਂ ਕੋਈ ਪੈਨਸ਼ਨ ਲਗਾਈ ਹੈ ਜਾਂ ਕੱਟੀ ਹੈ ਤਾਂ ਉਹ ਕਿਸੇ ਰੂਲ ਤਹਿਤ ਹੀ ਕੱਟੀ ਹੋਵੇਗੀ। ਸੋ, ਮੈਂ ਉਹ ਹੀ ਕਹਿ ਰਿਹਾ ਹਾਂ ਕਿ ਉਸ ਰੂਲ ਦੇ ਤਹਿਤ ਜਿਹੜੀ 60 ਹਜ਼ਾਰ ਰੁਪਏ ਦੀ ਲਿਮਟ ਹੈ, ਕੀ ਉਸ ਨੂੰ ਵਧਾਉਣ ਦੀ ਸਰਕਾਰ ਕੋਈ ਤਜਵੀਜ਼ ਰੱਖੇਗੀ? ਮੈਂ ਤਾਂ ਦੂਜਾ ਸਵਾਲ ਹੀ ਨਹੀਂ ਪੁੱਛਿਆ ਹੈ।

ਮਾਣਯੋਗ ਸਪੀਕਰ: ਜੀ ਮੰਤਰੀ ਜੀ, ਕੀ ਇਸ ਲਿਮਟ ਨੂੰ ਘਟਾਉਣ-ਵਧਾਉਣ ਦੀ ਕੋਈ ਤਜਵੀਜ਼ ਹੈ?

ਮੰਤਰੀ: ਆਨਰੇਬਲ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਹ ਤਜਵੀਜ਼ ਆਪ ਜੀ ਵੱਲੋਂ ਹੀ ਪੇਸ਼ ਹੋਈ ਹੈ। ਸੋ, ਇਸ ਤੇ ਵੀ ਵਿਚਾਰ ਕਰ ਲਿਆ ਜਾਵੇਗਾ।

ਪੰਜਾਬ ਵਿੱਚ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੇ ਵੇਰਵੇ

***875. 1. ਸਰਦਾਰ ਪ੍ਰਤਾਪ ਸਿੰਘ ਬਾਜਵਾ** :

2. ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਵਿੱਚ ਇਸ ਵਕਤ ਕੁੱਲ ਕਿੰਨੇ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਇਨ੍ਹਾਂ ਤੇ ਕੁੱਲ ਕਿੰਨਾ ਖਰਚਾ ਆਇਆ;

ਅ) ਉਪਰੋਕਤ ਮੁਹੱਲਾ ਕਲੀਨਿਕਾਂ ਵਿੱਚ ਹੁਣ ਤੱਕ ਕਿੰਨੇ ਨਵੇਂ ਡਾਕਟਰ ਇਨ੍ਹਾਂ ਕਲੀਨਿਕਾਂ ਦਾ ਪ੍ਰਬੰਧਨ ਚਲਾਉਣ ਲਈ ਭਰਤੀ ਕੀਤੇ ਗਏ;

ੲ) ਅਜਿਹੇ ਕਲੀਨਿਕ ਖੋਲ੍ਹੇ ਜਾਣ ਤੇ ਕਿੰਨੇ ਸਿਹਤ ਕੇਂਦਰ ਪ੍ਰਭਾਵਿਤ ਹੋਏ, ਵੇਰਵੇ ਸਹਿਤ ਦੱਸਿਆ ਜਾਵੇ;

ਸ) ਇਹਨਾਂ ਕਲੀਨਿਕਾਂ ਵਿੱਚ ਆਮ ਆਦਮੀ ਪਾਰਟੀ ਦੇ ਕਿੰਨੇ ਮੰਤਰੀਆਂ, ਵਿਧਾਕਿਆਂ ਅਤੇ ਹੋਰਨਾਂ ਅਹੁਦੇਦਾਰਾਂ ਨੇ ਇਲਾਜ ਪ੍ਰਾਪਤ ਕੀਤਾ, ਬਾਰੇ ਵੀ ਸਪੱਸ਼ਟ ਕੀਤਾ ਜਾਵੇ?

ਡਾਕਟਰ ਬਲਬੀਰ ਸਿੰਘ : ਸ੍ਰੀਮਾਨ ਜੀ, ਮੈਂ ਤੁਹਾਡੇ ਮਾਰਫਤ ਸਾਡੇ ਵਿਰੋਧੀ ਧਿਰ ਦੇ ਨੇਤਾ ਸਾਡੇ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ

ੳ) ਰਾਜ ਵਿੱਚ ਇਸ ਵਕਤ ਤੱਕ ਕੁੱਲ 664 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ। ਆਮ ਆਦਮੀ ਕਲੀਨਿਕਾਂ ਉਪਰ ਹੁਣ ਤੱਕ ਲਗਭਗ 229.48 ਕਰੋੜ ਰੁਪਏ ਖਰਚ ਆਇਆ ਹੈ। (ਥੰਪਿੰਗ) ਸਰ, ਤੁਹਾਡੇ ਮਾਧਿਅਮ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਨੇ ਸਾਡੇ ਫੰਡ ਬੰਦ ਕਰ ਦਿੱਤੇ ਸਨ। ਇਹ ਸਾਰਾ ਖਰਚਾ ਮਾਨ ਸਾਹਿਬ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। (ਥੰਪਿੰਗ)

ਅ) ਇਨ੍ਹਾਂ ਆਮ ਆਦਮੀ ਕਲੀਨਿਕਾਂ ਵਿੱਚ ਹੁਣ ਤੱਕ 664 ਨਵੇਂ ਮੈਡੀਕਲ ਅਫਸਰਾਂ ਨੂੰ ਇੰਮਪੈਨਲਡ ਕੀਤਾ ਗਿਆ ਹੈ। ਇਨ੍ਹਾਂ ਦੇ ਨਾਲ ਨਰਸਾਂ, ਫਾਰਮਾਸਿਸਟ ਅਤੇ ਹੈਲਪਰ ਆਦਿ ਕੁੱਲ ਮਿਲਾ ਕੇ ਤਕਰੀਬਨ 2600 ਲੋਕਾਂ ਨੂੰ ਰੁਜ਼ਗਾਰ ਵੀ ਮਿਲਿਆ ਹੈ। (ਥੰਪਿੰਗ)

ੲ) ਆਮ ਆਦਮੀ ਕਲੀਨਿਕ ਖੋਲ੍ਹੇ ਜਾਣ ਤੇ ਕੋਈ ਵੀ ਸਿਹਤ ਕੇਂਦਰ ਪ੍ਰਭਾਵਿਤ ਨਹੀਂ ਹੋਇਆ ਹੈ ਕਿਉਂਕਿ ਅਸੀਂ ਸਾਰਾ ਸਟਾਫ ਨਵਾਂ ਰੱਖਿਆ ਹੈ। ਇਨ੍ਹਾਂ ਨੂੰ ਅਸੀਂ ਕੰਪਿਊਟਰ, ਟੈਬਲੇਟ, ਸਾਰਾ ਸਾਜ਼ੋ ਸਮਾਨ ਨਵਾਂ ਖਰੀਦ ਕੇ ਦਿੱਤਾ ਹੈ। ਜਿਹੜੀਆਂ ਬਹੁਤ ਪੁਰਾਣੀਆਂ ਬਿਲਡਿੰਗਾਂ ਸਨ, ਉਨ੍ਹਾਂ ਦੀ ਮੇਜਰ ਰਿਪੇਅਰ ਕਰਕੇ ਉਨ੍ਹਾਂ ਨੂੰ ਰੈਨੋਵੇਟ ਕਰਕੇ ਅਤੇ ਏਅਰ ਕੰਡੀਸ਼ਨਿੰਗ ਕਰਕੇ ਬਿਲਕੁਲ ਮਾਡਰਨ ਏਅਰ ਕੰਡੀਸ਼ਨਿੰਗ ਬਣਾ ਕੇ ਦਿੱਤਾ ਹੈ। ਇਨ੍ਹਾਂ ਵਿੱਚ ਡਾਕਟਰ, ਨਰਸ ਅਤੇ ਫਾਰਮਾਸਿਸਟ ਵੀ ਹਨ। ਇਹ ਸਾਰਾ ਹੀ ਡਿਜ਼ੀਟਲ ਮਾਡਲ ਹੈ ਔਰ ਪੂਰਾ ਕੰਪਿਊਟਰਾਈਜ਼ਡ ਹੈ।

ਸ) ਇਹਨਾਂ ਕਲੀਨਿਕਾਂ ਵਿੱਚ ਰਾਜ ਦੇ ਸਮੂਹ ਨਾਗਰਿਕਾਂ ਨੂੰ ਮੁਫਤ ਇਲਾਜ ਪ੍ਰਦਾਨ ਕੀਤਾ ਜਾ ਰਿਹਾ ਹੈ। ਕਿਸੇ ਵੀ ਪਾਰਟੀ ਨਾਲ ਸਬੰਧਤ ਨੁਮਾਇੰਦੇ ਨੂੰ ਪ੍ਰਦਾਨ ਕੀਤੇ ਇਲਾਜ ਸਬੰਧੀ ਕੋਈ ਵੇਰਵਾ ਮੌਜੂਦ ਨਹੀਂ ਹੈ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਤੁਹਾਡੇ ਮਾਰਫਤ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਦੇ ਸਾਹਮਣੇ ਆਮ ਆਦਮੀ ਪਾਰਟੀ ਵਾਲੇ ਬੈਠੇ ਹਨ, ਇਹ ਸਾਰੇ ਹੀ ਆਮ ਆਦਮੀ ਕਲੀਨਿਕਾਂ ਵਿੱਚ ਜਾਂਦੇ ਹਨ। ਇਹ ਸਾਰੇ ਹੀ ਆਮ ਆਦਮੀ ਹਨ। ਇਹ ਸਾਰੇ ਹੀ ਉੱਥੋਂ ਇਲਾਜ ਕਰਵਾਉਂਦੇ ਹਨ। ਸਰ, ਜਿਹੜਾ ਤੁਹਾਡੇ ਸੱਜੇ ਪਾਸੇ ਬੈਠੇ ਹਨ ਅਤੇ ਖੱਬੇ ਪਾਸੇ ਖੂੰਜੇ ਵਿੱਚ ਬੈਠੇ ਹਨ, ਇਹ ਵੀ ਆਮ ਆਦਮੀ ਕਲੀਨਿਕਾਂ ਵਿੱਚੋਂ ਇਲਾਜ ਕਰਵਾਉਂਦੇ ਹਨ। ਮੈਂ ਖੁਦ ਸਰ, ਵਾਹਿਗੁਰੂ ਕੀ ਕਿਰਪਾ ਨਾਲ ਦਵਾਈ ਦੀ ਲੋੜ ਨਹੀਂ ਪਈ ਪਰ ਮੈਂ ਜਦੋਂ ਵੀ ਉੱਥੇ ਜਾਂਦਾ ਹਾਂ ਤਾਂ ਬੀ.ਪੀ. ਅਕਸਰ ਚੈੱਕ ਕਰਵਾਉਂਦਾ ਹਾਂ।

0310/Kuldeep kaur/Abhishek gautam

0315/Pawan sharma

ਸਰ, ਮੈਨੂੰ ਖੁਦ ਨੂੰ, ਵਾਹਿਗੁਰੂ ਜੀ ਦੀ ਕਿਰਪਾ ਨਾਲ ਦਵਾਈ ਦੀ ਲੋੜ ਨਹੀਂ ਪਈ ਪਰ ਮੈਂ ਜਦੋਂ ਵੀ ਉੱਥੇ ਜਾਂਦਾ ਹਾਂ ਤਾਂ ਆਪਣਾ ਬੀ.ਪੀ. ਚੈੱਕ ਕਰਵਾਉਂਦਾ ਹਾਂ। ਜਿਹੜੇ ਮੇਰੇ ਸਾਹਮਣੇ ਸਤਿਕਾਰਯੋਗ ਮੈਂਬਰ ਬੈਠੇ ਹਨ, ਮੈਂ ਉਨ੍ਹਾਂ ਨੂੰ ਵੀ ਕਹਾਂਗਾ ਕਿ ਉੱਥੇ ਲੰਘਦੇ ਵੜਦੇ ਜ਼ਰੂਰ ਜਾਓ, ਇੱਕ ਵਾਰੀ ਜ਼ਰੂਰ ਉੱਥੇ ਜਾ ਕੇ ਦੇਖੋ, ਬੀ.ਪੀ. ਜਾਂ Eye Sight ਚੈੱਕ ਕਰਵਾ ਲਓ, ਕੋਈ ਹਰਜ ਨਹੀਂ ਹੈ। ਇਸ ਤੋਂ ਇਲਾਵਾ ਜਿਹੜੇ ਆਮ ਆਦਮੀ ਕਲੀਨਿਕ ਹਨ, ਇਹ ਵਿਧਾਇਕਾਂ ਜਾਂ ਮੰਤਰੀ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਬਲਕਿ ਤਿੰਨ ਕਰੋੜ ਆਮ ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਏ ਗਏ ਹਨ ਅਤੇ ਇਨ੍ਹਾਂ ਵਿੱਚੋਂ 80 ਲੱਖ ਲੋਕਾਂ ਨੇ ਇਲਾਜ ਕਰਵਾਇਆ ਹੈ। ਸਰ, ਮੈਂ ਕਨਕਲੂਡ ਕਰਨ ਲਗਾ ਹਾਂ ਜੀ। ਸਰ, ਪਿੱਛੇ ਜਿਹੇ ਨੈਰੋਬੀ ਕੀਨੀਆ ਵਿੱਚ ਇੱਕ ਬੜਾ ਵੱਡਾ ਸਮਿਟ "ਗਲੋਬਲ ਹੈਲਥ ਸਪਲਾਈ ਚੈਨ ਸਮਿਟ" ਹੋਇਆ ਸੀ ਅਤੇ ਉਸ ਦੇ ਵਿੱਚ 85 ਕੰਟਰੀਜ਼ ਨੇ ਹਿੱਸਾ ਲਿਆ ਸੀ। ਸਰ, ਇੰਡੀਆ ਤੋਂ ਪੰਜਾਬ ਦੀ ਐਂਟਰੀ ਸੀ ਅਤੇ 85 ਕੰਟਰੀਜ਼ ਵਿੱਚੋਂ ਪਹਿਲੇ ਨੰਬਰ ਤੇ ਆਈ ਹੈ (ਥੰਪਿੰਗ) ਅਤੇ ਇਸ ਨੂੰ Best Model "Last Mile Delivery of Drugs" ਮੰਨਿਆ ਗਿਆ ਹੈ। ਇਹ ਇਨ੍ਹਾਂ ਦੀ ਜਾਣਕਾਰੀ ਵਾਸਤੇ ਹੈ। ਸਰ, ਇੱਕ ਹੋਰ ਚੀਜ਼ ਹੈ ਜੀ। ਇਹ ਕਲੀਨਿਕ ਪਹਿਲਾਂ ਦਿੱਲੀ ਚਲਦੇ ਸਨ। ਇੱਕ Knowledge Share Agreement ਦਿੱਲੀ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਹੋਇਆ ਸੀ। ਇਹ ਸਾਡੇ ਮੁੱਖ ਮੰਤਰੀ ਸਾਹਿਬ ਦੀ ਸਿਆਣਪ ਸੀ ਕਿ ਉਨ੍ਹਾਂ ਨੇ ਦੁਬਾਰਾ ਸਾਰਾ ਕੁਝ ਕਰਨ ਦੀ ਬਜਾਇ, ਜਿਹੜਾ ਉਨ੍ਹਾਂ ਦਾ ਤਜ਼ਰਬਾ ਸੀ, ਉਨ੍ਹਾਂ ਨੇ ਜਿੰਨੇ ਚਾਰ ਸਾਲ ਵਿੱਚ ਆਮ ਆਦਮੀ ਕਲੀਨਿਕ ਖੋਲ੍ਹੇ ਸਨ, ਸਾਡੇ ਮੁੱਖ ਮੰਤਰੀ ਸਾਹਿਬ ਨੇ ਇੱਕ ਸਾਲ ਦੇ ਵਿੱਚ ਉਨੇ ਕਲੀਨਿਕ ਇੱਕ ਸਾਲ ਵਿੱਚ ਖੋਲ੍ਹੇ ਹਨ(ਥੰਪਿੰਗ)।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਮੈਂ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ। ਇੱਕ failed case ਦੇ ਚੰਗੇ ਵਕੀਲ ਹਨ, ਬਹੁਤ ਅੱਛੇ ਵਕੀਲ ਹਨ। ਮੈਂ ਸਾਰਿਆਂ ਤੋਂ ਪਹਿਲਾਂ ਆਪਣੇ ਮਿੱਤਰ ਹੈਲਥ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ 664 ਆਮ ਆਦਮੀ ਕਲੀਨਿਕ ਖੋਲ੍ਹੇ ਹਨ। ਮੇਰੇ ਅਸੈਂਬਲੀ ਹਲਕੇ ਕਾਦੀਆਂ ਦੇ ਵਿੱਚ ਕਿੰਨੇ ਖੋਲ੍ਹੇ ਹਨ ?

ਟਰਾਂਸਪੋਰਟ ਮੰਤਰੀ (ਸ੍ਰੀ ਲਾਲਜੀਤ ਸਿੰਘ ਭੁੱਲਰ) (ਬੈਠੇ, ਬੈਠੇ): ਇਹ ਤੁਸੀਂ ਆਪ ਦੱਸੋ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਮੈਂ ਕਿਉਂ ਦੱਸਣਾ ਹੈ। ਮੈਂ ਸਵਾਲ ਇਨ੍ਹਾਂ ਨੂੰ ਪੁੱਛਿਆ ਹੈ ਕਿ ਤੁਹਾਨੂੰ ਪੁੱਛਿਆ ਹੈ। ਇਨ੍ਹਾਂ ਨੇ ਇੰਨੀ ਵਕਾਲਤ ਕਰ ਲਈ ਹੈ। He is short of answers, he has not done his homework.

ਮਾਣਯੋਗ ਸਪੀਕਰ: ਵੈਸੇ ਤਾਂ ਇਹ ਸਵਾਲ ਵੱਖਰਾ ਬਣਦਾ ਹੈ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਆਪਣੀਆਂ ਵਕਾਲਤਾਂ ਜਿੰਨੀਆਂ ਮਰਜ਼ੀਆਂ ਕਰ ਲੈਣ। ਵੱਖਰਾ ਸਵਾਲ ਕਿਹੜੀ ਗੱਲ ਦਾ ਬਣਦਾ ਹੈ ਜੀ। He has to be prepared. ਤੁਸੀਂ ਕੋਈ ਵੀ ਬਾਹਰਲੀ ਪਾਰਲੀਮੈਂਟ ਜਾਂ ਆਪਣੀ ਪਾਰਲੀਮੈਂਟ ਵੇਖ ਲਓ, ਜਿੱਥੇ ਮੰਤਰੀ ਨੂੰ ਸਵਾਲ ਨਹੀਂ ਆਉਂਦਾ, He is given marching orders. You cannot ask another question. ਛੇ ਮਹੀਨਿਆਂ ਬਾਅਦ ਸੈਸ਼ਨ ਆਉਂਦਾ ਹੈ, ਤੁਹਾਡੇ ਸਾਰੇ ਸਵਾਲ ਬਾਸੇ ਹੋ ਜਾਂਦੇ ਹਨ।

ਮਾਣਯੋਗ ਸਪੀਕਰ: ਮੰਤਰੀ ਜੀ ਜਵਾਬ ਦੇਣਾ ਚਾਹੁੰਦੇ ਹਨ।

ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਬੈਠੇ ਬੈਠੇ): ਸਰ ਸਵਾਲ ਤਾਂ ਪੰਜਾਬ ਦਾ ਸੀ।

ਮਾਣਯੋਗ ਸਪੀਕਰ: ਹਾਂ ਜੀ, ਸਵਾਲ ਤਾਂ ਪੰਜਾਬ ਦਾ ਸੀ। ਹਾਂ ਜੀ, ਮੰਤਰੀ ਜੀ।

ਮੰਤਰੀ : ਮਾਣਯੋਗ ਸਪੀਕਰ ਸਾਹਿਬ, ਜੋ ਬਾਜਵਾ ਸਾਹਿਬ ਦਾ ਸਵਾਲ ਹੈ, ਮੇਰੇ ਕੋਲ ਜਿਹੜਾ ਡਾਟਾ ਹੈ, ਉਹ ਜ਼ਿਲ੍ਹੇ ਵਾਈਜ਼ ਹੈ ਅਤੇ ਗੁਰਦਾਸਪੁਰ ਦੇ ਵਿੱਚ 35 ਆਮ ਆਦਮੀ ਕਲੀਨਿਕ ਕੰਮ ਕਰ ਰਹੇ ਹਨ(ਥੰਪਿੰਗ)। ਸਰ, ਇਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਕੰਢੀ ਏਰੀਏ ਵਾਸਤੇ (ਹੁਸ਼ਿਆਰਪੁਰ, ਗੁਰਦਾਸਪੁਰ, ਪਠਾਨਕੋਟ) ਵਿੱਚ 70 ਨਵੇਂ ਆਮ ਆਦਮੀ ਕਲੀਨਿਕ ਮਨਜ਼ੂਰ ਕਰ ਦਿੱਤੇ ਹਨ (ਥੰਪਿੰਗ)।

ਮਾਣਯੋਗ ਸਪੀਕਰ: ਇਹ ਇਨ੍ਹਾਂ ਨਾਲ ਸਬੰਧਿਤ ਕੁਝ ਹੋਰ ਪੁੱਛਣਾ ਚਾਹੁੰਦੇ ਹਨ। ਹਾਂ ਜੀ, ਬਾਜਵਾ ਸਾਹਿਬ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਇਨ੍ਹਾਂ ਦਾ ਕੋਈ ਵੀ ਕਲੀਨਿਕ ਲੀਡਰ ਆਫ ਆਪੋਜ਼ੀਸ਼ਨ ਦੇ ਹਲਕੇ ਵਿੱਚ ਨਹੀਂ ਹੈ। ਜੇਕਰ ਆਪਾਂ 117 ਹਲਕਿਆਂ ਦੀ average ਕੱਢ ਲਈਏ ਤਾਂ on the average, minimum 5 ਆਮ ਆਦਮੀ ਕਲੀਨਿਕ ਇੱਕ ਅਸੈਂਬਲੀ ਹਲਕੇ ਵਿੱਚ ਆਉਣੇ ਚਾਹੀਦੇ ਸਨ। ਮੇਰੇ ਹਲਕੇ ਵਿੱਚ ਇੱਕ ਵੀ ਨਹੀਂ ਹੈ। ਮੈਨੂੰ ਇਨ੍ਹਾਂ ਨੂੰ ਮਿਲਣ ਦੀ ਕੀ ਲੋੜ ਹੈ? (ਵਿਘਨ) Why Should I meet him. ਤੁਸੀਂ ਕਹਿੰਦੇ ਹੋ ਕਿ ਇੱਕ ਵੀ ਸਿੰਗਲ ਪੁਰਾਣਾ ਹਸਪਤਾਲ ਤੇ ਇਸ ਚੀਜ਼ ਦਾ ਕੋਈ affect ਨਹੀਂ ਪਿਆ ਹੈ। ਸਾਡੇ ਕਿਸੇ ਪੁਰਾਣੇ ਹਸਪਤਾਲ (ਕਾਦੀਆਂ, ਧਾਰੀਵਾਲ, ਕਾਹਨੂੰਵਾਨ, ਭੈਣੀ ਮੀਆਂ ਖਾਨ) ਵਿੱਚ ਕੋਈ ਡਾਕਟਰ ਨਹੀਂ, ਕੋਈ ਸਟਾਫ ਨਹੀਂ, ਕੋਈ ਦਵਾਈ ਨਹੀਂ, ਕੋਈ ਮਸ਼ੀਨ ਨਹੀਂ। ਤੁਸੀਂ ਕਹਿੰਦੇ ਹੋ ਕਿ affect ਨਹੀਂ ਹੋਇਆ। ਤੁਸੀਂ ਸਾਰਾ ਸਿਸਟਮ ਚਲਦਾ ਚੋੜ ਕਰ ਦਿੱਤਾ ਅਤੇ ਨਵਾਂ ਕੰਮ ਆਰੰਭ ਕਰ ਦਿੱਤਾ।

ਮਾਣਯੋਗ ਸਪੀਕਰ: ਸਵਾਲ ਪੁੱਛ ਲਵੋ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਇਹ ਸਵਾਲ ਹੀ ਹੈ, ਹੋਰ ਕੀ ਦੱਸ ਰਿਹਾ ਹਾਂ? ਸਾਰਾ ਕੰਮ ਚੌੜ ਕਰ ਦਿੱਤਾ। It is complete fail system. He is an advocate for a dead case. He is flogging a dead horse. ਅਗਲੀ ਤੀਜੀ ਗੱਲ, ਡਾਕਟਰ ਸਾਹਿਬ ਮੈਨੂੰ assurance ਦਿਉ You are very good minister. ਮੈਂ ਤੁਹਾਡੀ ਇੱਜ਼ਤ, ਕਦਰ ਕਰਦਾ ਹਾਂ। ਮੈਨੂੰ on the Floor of the House assure ਕਰੋ ਕਿ ਘੱਟੋ ਘੱਟ ਮੇਰੇ ਹਲਕੇ ਵਿੱਚ, ਬਾਕੀ ਹਲਕੇ ਦੀ ਗੱਲ ਤਾਂ ਛੱਡ ਦੇਈਏ, ਕਦੋਂ ਤੱਕ ਤੁਸੀਂ ਡਾਕਟਰ, ਸਟਾਫ, ਇਕੂਪਮੈਂਟਸ ਅਤੇ ਮੈਡੀਸਨ ਪੂਰੀਆਂ ਕਰ ਦੇਵੋਗੇ? and I have spoken to you a number of times and have also requested you a number of times. It is not for the first time, I am speaking to you.

0315/Pawan sharma/Abhishek Gautam

0320/Beant kaur

On the Floor of the House ਇਹ ਦੱਸਿਆ ਜਾਵੇ ਕਿ ਲਿਸਟਾਂ ਕਦੋਂ ਤੱਕ ਪੂਰੀਆਂ ਕਰ ਦਿਓਗੇ?

ਮੰਤਰੀ : ਸਰ, ਮੈਂ ਬਾਜਵਾ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ, ਪ੍ਰਧਾਨ ਜੀ ਨੇ ਵੀ ਸਵਾਲ ਪੁੱਛਿਆ ਸੀ, ਜਿਹੜੀਆਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਹੋਈਆਂ ਹਨ, ਉਸ ਵਾਸਤੇ ਕੋਡ ਲੱਗਣ ਤੋਂ ਪਹਿਲਾਂ ਜਿੰਨੇ ਇਨ੍ਹਾਂ ਦੇ ਸਬ ਡਵੀਜ਼ਨਲ ਹਸਪਤਾਲ ਹਨ, ਉਨ੍ਹਾਂ ਵਿੱਚ ਐਕਸਰੇ ਮਸ਼ੀਨਾਂ ਵੀ ਲਗਾ ਦਿਆਂਗੇ ਅਤੇ ਦਵਾਈਆਂ ਵੀ ਪਹੁੰਚਾ ਦਿਆਂਗੇ। (ਥੰਪਿੰਗ)

Sardar Partap Singh Bajwa : This is assurance? If this is assurance, then I am thankful.

Mr. Speaker : Yes.

ਮੰਤਰੀ : ਸਰ, ਪੂਰੀ ਐਸ਼ੋਰੈਂਸ ਲੈ ਲਓ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਹਾਲੇ ਪਹਿਲੀ ਤਾਂ ਪਹੁੰਚ ਲੈਣ ਦਿਓ। (ਵਿਘਨ, ਸ਼ੋਰ) ਕਿਰਪਾ ਕਰਕੇ ਮੈਨੂੰ ਇਹ ਦੱਸੋ ਕਿ ਤੁਹਾਡੇ ਮੁੱਖ ਮੰਤਰੀ ਜਾਂ ਕੋਈ ਮੰਤਰੀ ਜਾਂ ਕੋਈ ਐਮਐਲਏ, ਕੋਈ ਆਈ.ਏ.ਐਸ, ਆਈ.ਪੀ.ਐਸ ਅਫਸਰ ਤੁਹਾਡੀ ਕਲੀਨਿਕ ਵਿੱਚ ਗਿਆ ਹੈ? ਇੱਕ ਵੀ ਓ.ਪੀ.ਡੀ ਸਲੀਪ ਹੈ ਤਾਂ ਦਿਖਾਓ ? (ਵਿਘਨ, ਸ਼ੋਰ)

ਮਾਣਯੋਗ ਸਪੀਕਰ : ਆਪਾਂ ਹੁਣ ਸਮਅੱਪ ਕਰੀਏ। ਬਾਜਵਾ ਸਾਹਿਬ, ਤੁਸੀਂ ਬੈਠੋ ਜੀ। (ਵਿਘਨ, ਸ਼ੋਰ) ਮੰਤਰੀ ਜੀ ਜਵਾਬ ਦੇਣਗੇ।

ਸ੍ਰੀ ਰਜਨੀਸ਼ ਕੁਮਾਰ ਦਹੀਯਾ: ਕੋਈ ਬਿਮਾਰ ਹੀ ਨਹੀਂ ਹੋਇਆ।(ਵਿਘਨ, ਸ਼ੋਰ)

ਮਾਣਯੋਗ ਸਪੀਕਰ : ਬੈਠੋ ਜੀ। ਸਾਰੇ ਬੈਠੋ। ਮੰਤਰੀ ਜੀ ਬੋਲ ਰਹੇ ਹਨ। ਮੰਤਰੀ ਜੀ, ਤੁਸੀਂ ਬੋਲੋ।

ਸਰਦਾਰ ਪ੍ਰਤਾਪ ਸਿੰਘ ਬਾਜਵਾ : ਮੇਰੀ ਗੱਲ ਸੁਣੋ, ਜਿਹੜਾ ਬਿਮਾਰ ਹੁੰਦਾ ਹੈ ਉਹ ਸਿੱਧਾ ਅਪੋਲੋ ਹਸਪਤਾਲ, ਦਿੱਲੀ ਜਾਂਦਾ ਹੈ।

ਮੰਤਰੀ : ਜੋ ਬਾਜਵਾ ਸਾਹਿਬ ਦਾ ਅਹੁਦਾ ਹੈ, ਉਸ ਦਾ 117 ਅਸੰਬਲੀ ਸੈਗਮੈਂਟਸ ਨਾਲ ਸਬੰਧ ਹੈ। ਸਾਡੇ ਮੁੱਖ ਮੰਤਰੀ ਸਾਹਿਬ ਅਲੱਗ ਸੋਚਦੇ ਹਨ। ਉਨ੍ਹਾਂ ਨੇ 117 ਅਸੰਬਲੀ ਸੈਗਮੈਂਟਸ ਬਾਰੇ ਮੈਨੂੰ ਕਿਹਾ ਹੈ ਕਿ ਡਾਕਟਰ ਸਾਹਿਬ, ਜਿੰਨੇ ਸਰਕਾਰੀ ਹਸਪਤਾਲ ਹਨ, ਬਜਟ ਦੀ ਕੋਈ ਪਰਵਾਹ ਨਹੀਂ ਕਰਨੀ, ਪੈਸੇ ਮੈਂ ਦੇਵਾਂਗਾ। ਉਨ੍ਹਾਂ ਨੇ ਦਵਾਈਆ ਵਾਸਤੇ ਪੈਸੇ ਦੇ ਦਿੱਤੇ ਹਨ, ਅਸੀਂ ਦਵਾਈਆਂ ਖਰੀਦ ਰਹੇ ਹਾਂ। ਸਰ, ਤੁਹਾਡੇ ਸਾਰੇ ਇਲਾਕਿਆਂ ਵਿੱਚ ਪਹੁੰਚਾਵਾਂਗੇ। ਇਸ ਤੋਂ ਇਲਾਵਾ ਐਕਸਰੇ ਮਸ਼ੀਨਾਂ ਦੇਵਾਂਗੇ। ਮੈਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਾਂਗਾ ਕਿ ਡਿਸਟ੍ਰਿਕਟ ਹੈਲਥ ਕਮੇਟੀਆਂ ਬਣਾਈਆਂ ਹੋਈਆਂ ਹਨ, ਜਿੱਥੇ ਜਿੱਥੇ ਮੁਹੱਲਾ ਕਲੀਨਿਕ ਚਾਹੀਦੇ ਹਨ, ਉਨ੍ਹਾਂ ਦੀ ਲਿਸਟ ਬਣਾ ਕੇ ਉਨ੍ਹਾਂ ਨੂੰ ਦੱਸੋ, ਗੱਲ ਕਰੋ।

Mr. Speaker : Thank you.

ਮੰਤਰੀ : ਸਾਡੇ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਪਹਿਲਾਂ ਆਪੋਜ਼ੀਸ਼ਨ ਵਾਲਿਆਂ ਦੇ ਹਲਕੇ ਵਿੱਚ ਖੋਲ੍ਹੋ।

Mr. Speaker : Thank you. ਰਾਜਾ ਵੜਿੰਗ ਜੀ, ਤੁਸੀਂ ਬੋਲੋ। (ਵਿਘਨ, ਸ਼ੋਰ)

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਅਤੇ ਨਾਲ ਹੀ ਥੋੜ੍ਹੇ ਜਿਹੇ ਅੰਕੜੇ ਵੀ ਦੱਸਣਾ ਚਾਹਾਂਗਾ। ਇਹ ਜਿਹੜੇ ਮੰਤਰੀ ਸਾਹਿਬ ਹਨ, ਇਨ੍ਹਾਂ ਤੋਂ ਮੈਂ ਅੱਜ ਤੋਂ ਤਕਰੀਬਨ 11 ਮਹੀਨੇ ਪਹਿਲਾਂ ਗਿੱਦੜਬਾਹਾ ਹਸਪਤਾਲ ਬਾਰੇ ਇੱਕ ਸਵਾਲ ਪੁੱਛਿਆ ਸੀ ਕਿਉਂਕਿ ਗਿੱਦੜਬਾਹਾ ਹਸਪਤਾਲ last government ਵਿੱਚ ਪੰਜਾਬ ਦਾ ਨੰ:1 ਹਸਪਤਾਲ ਸੀ। ਇਸ ਦੀ ਕਾਇਆ ਕਲਪ ਕਾਰਨ, ਕੇਂਦਰ ਸਰਕਾਰ ਨੇ ਸਾਨੂੰ 15 ਲੱਖ ਰੁਪਏ ਦਾ ਅਵਾਰਡ ਦਿੱਤਾ ਸੀ। This is the award copy (at this stage, a copy was being shown) and photograph of the hospital. It was the best Hospital of the sub division, ਜਿਹੜਾ ਕਿ 100 ਬੈਡਿਡ ਹੈ। ਇਨ੍ਹਾਂ ਨੇ ਹੁਣ ਜੋ ਕਿਹਾ ਹੈ ਅਤੇ ਮੈਂ ਕਹਿੰਦਾ ਹਾਂ ਕਿ ਇਹ ਮਜ਼ਾਕ ਵਾਲੀ ਗੱਲ ਨਹੀਂ ਹੈ, ਜੋ ਅਸੀਂ ਹੈਲਥ ਸਿਸਟਮਜ਼ ਬਾਰੇ ਇਕ ਦੂਜੇ ਨੂੰ ਕਰੀਏ ਕਿਉਂਕਿ ਇਹ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਮਾਮਲਾ ਹੈ। ਇਨ੍ਹਾਂ ਨੇ ਠੀਕ ਕਿਹਾ ਹੈ ਕਿ 664 ਆਮ ਆਦਮੀ ਕਲੀਨਿਕ ਖੁੱਲ੍ਹ ਗਏ ਹਨ। Thank you so much. ਤੁਸੀਂ ਤਾੜੀਆਂ ਮਾਰੀਆਂ, no problem. ਕੌਣ ਉਥੇ ਗਏ, ਨਹੀਂ ਗਏ, ਕੋਈ ਦਿੱਕਤ ਨਹੀਂ। ਤੁਸੀਂ ਉਨ੍ਹਾਂ ਤੇ 229 ਕਰੋੜ ਰੁਪਿਆ ਲਾ ਦਿੱਤਾ। ਮੈਂ ਇਸ ਹਸਪਤਾਲ ਨੂੰ best hospital ਬਣਾਉਣ ਵਾਸਤੇ ਤਕਰੀਬਨ 1.5 ਕਰੋੜ ਰੁਪਿਆ ਲਾਇਆ ਸੀ। You can check the record of the hospital, if you want that, you are a Cabinet Minister. ਤੁਸੀਂ ਪੁੱਛ ਲਓ। ਡੇਢ ਕਰੋੜ ਵਾਲਾ ਮੇਰਾ ਹਸਪਤਾਲ ਪੰਜਾਬ ਦਾ ਨੰ: 1 ਹਸਪਤਾਲ ਬਣ ਗਿਆ। ਹੁਣ ਮਜ਼ਾਕ ਕਿੱਥੇ ਹੋ ਰਿਹਾ ਹੈ? ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ।

0320/Beant kaur/ Harjinder singh

0325/Karamjit kaur

ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਅੰਦਰ 13500 ਪਿੰਡ ਹੈ। ਤੁਸੀਂ ਕਾਦੀਆਂ ਦੀ ਗੱਲ ਕੀਤੀ। ਅੱਜ ਇਨ੍ਹਾਂ ਕੋਲ 1217 ਦਿਨ ਬਾਕੀ ਰਹਿ ਗਏ ਹਨ। ਇਨ੍ਹਾਂ ਦੇ 20 ਮਹੀਨੇ ਬੀਤ ਚੁੱਕੇ ਹਨ। ਅਗਰ ਰੋਜ਼ਾਨਾ ਇੱਕ ਮੁਹੱਲਾ ਕਲੀਨਿਕ ਖੋਲ੍ਹੋਗੇ, one Mohalla Clinic in one village everyday, ਤਾਂ ਤੁਸੀਂ 1217 ਮੁਹੱਲਾ ਕਲੀਨਿਕ ਖੋਲ੍ਹ ਸਕਦੇ ਹੋ। ਯਾਨੀ ਕਿ ਤੁਸੀਂ ਪ੍ਰੋਮਿਸ ਕੀਤਾ ਸੀ ਕਿ ਅਸੀਂ ਹਰ ਪਿੰਡ ਵਿੱਚ ਮੁਹੱਲਾ ਕਲੀਨਿਕ ਖੋਲ੍ਹਾਂਗਾ, ਤਾਂ ਉਹ ਪੂਰਾ ਨਹੀਂ ਹੋਣਾ। ਚਲੋ, ਛੱਡੋ ਪਰ ਮੇਰੀ ਇੱਕ ਬੇਨਤੀ ਹੈ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ। ਸਰ, ਆਪਾਂ ਕਿਸੇ ਨੂੰ ਤਾਹਨੇ ਮਿਹਣੇ ਨਹੀਂ ਦੇ ਰਹੇ।

ਮਾਣਯੋਗ ਸਪੀਕਰ: ਤਾਹਨੇ ਦੀ ਗੱਲ ਨਹੀਂ। ਗੱਲ ਇਹ ਹੈ ਕਿ ਇਹ ਡਿਬੇਟ ਨਹੀਂ ਹੈ, ਇਹ ਕੁਐਸਚਨ ਆਵਰ ਹੈ। ਜੇਕਰ ਤੁਹਾਡੇ ਕੋਲ ਕੋਈ ਮੁਹੱਲਾ ਕਲੀਨਿਕਾਂ ਦੇ ਨਾਲ ਸਬੰਧਤ ਕੁਐਸਚਨ ਹੈ, ਜਾਂ ਕੋਈ ਗੱਲ ਹੈ ਤਾਂ ਉਹ ਕਰ ਲਵੋ। ਨਹੀਂ ਤਾਂ ਮੈਂ ਅਗਲੇ ਸਵਾਲ ਤੇ ਚੱਲਿਆ ਹਾਂ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਮੈਂ ਉਹੀ ਪੁੱਛ ਰਿਹਾ ਹਾਂ, ਪਰ ਇਵੇਂ ਨਾ ਕਰੋ। ਮੈਨੂੰ ਉਮੀਦ ਹੈ ਕਿ ਮੰਤਰੀ ਸਾਹਿਬ ਇਸ ਦਾ ਕੋਈ ਹੱਲ ਕਰ ਦੇਣਗੇ ਔਰ ਸਰਕਾਰ ਤੋਂ ਉਮੀਦ ਹੈ। ਪਰ ਕੁਝ ਕਰੋ। ਸਪੀਕਰ ਸਾਹਿਬ, ਪਿਛਲੇ ਸਾਲ ਨਾਲੋਂ 21 ਪਰਸੈਂਟ ਡੇਂਗੂ ਰੇਸ਼ੋ ਇਸ ਵਾਰ ਵਧ ਚੁੱਕੀ ਹੈ। ਸਵੇਰੇ ਪੰਜ ਬੰਦੇ ਮਰ ਚੁੱਕੇ ਹਨ।

ਮਾਣਯੋਗ ਸਪੀਕਰ: ਵੜਿੰਗ ਸਾਹਿਬ, ਇੱਕ ਮਿੰਟ ਗੱਲ ਸੁਣੋ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਵੋ, ਜੇ ਪੂਰਾ ਨਹੀਂ ਸੁਣਨਾ। No expert of Dengue (at this stage news cutting being shown in the House), ਆਹ ਲੱਗਿਆ ਹੋਇਆ ਹੈ। ਸਰ, ਸਾਡੇ ਕੋਲ ਸਬ ਡਵੀਜ਼ਨ ਤੇ 117 ਹਸਪਤਾਲ ਹਨ। ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਤੇ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੁਹੱਲਾ ਕਲੀਨਿਕ ਤਾਂ 13500 ਇਨ੍ਹਾਂ ਤੋਂ ਨਹੀਂ ਖੁਲਣੇ। ਕ੍ਰਿਪਾ ਕਰਕੇ ਮੰਤਰੀ ਸਾਹਿਬ ਦੱਸਿਆ ਜਾਵੇ ਕਿ ਕੀ ਕੋਈ ਅਜਿਹੀ ਤਜਵੀਜ਼ ਹੈ ਕਿ ਜਿਹੜੇ ਸਬ ਡਵੀਜ਼ਨ ਲੈਵਲ ਤੇ 100-100 ਬੈਡਿਡ ਹਸਪਤਾਲ ਹਰ ਵਿਧਾਨ ਸਭਾ ਹਲਕੇ ਵਿੱਚ ਹਨ, ਕੀ ਉਨ੍ਹਾਂ ਤੇ ਕੋਈ ਦੋ-ਦੋ ਕਰੋੜ ਰੁਪਿਆ ਲਗਾਉਣ ਦੀ ਤਜਵੀਜ਼ ਹੈ? ਤੁਸੀਂ ਕਿਹਾ ਸੀ ਕਿ ਰਾਜਾ ਜੀ, ਮੈਂ ਸਾਲ ਵਿੱਚ ਸਾਰੇ ਡਾਕਟਰ ਪੂਰੇ ਕਰ ਦੇਵਾਂਗਾ। ਅੱਜ ਫਲੋਰ ਆਫ ਦਿ ਹਾਊਸ ਤੇ ਤੁਸੀਂ ਕਹਿ ਰਹੇ ਹੋ ਕਿ ਮੈਨੂੰ ਸੱਤ ਮਹੀਨੇ ਹੋਰ ਦੇ ਦਿਉ। ਜਦੋਂ ਕੋਡ ਲੱਗ ਗਿਆ, ਮੈਂ ਉਦੋਂ ਕਰ ਦੇਵਾਂਗਾ। What is this? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਹਸਪਤਾਲਾਂ ਵਿੱਚ ਕਦੋਂ ਤੱਕ ਡਾਕਟਰ ਪੂਰੇ ਕਰ ਦਿਉਗੇ? ਮੇਰੇ ਹਸਪਤਾਲ ਵਿੱਚ ਵੀ ਅੱਜ ਇੱਕ ਹੀ ਡਾਕਟਰ ਹੈ। ਸਾਰੇ ਹਸਪਤਾਲਾਂ ਵਿੱਚ ਹੀ ਇਹ ਹਾਲਤ ਹੈ।

ਮਾਣਯੋਗ ਸਪੀਕਰ: ਠੀਕ ਹੈ ਜੀ। ਬੈਠੋ ਰਾਜਾ ਜੀ। ਮੰਤਰੀ ਜੀ ਜਵਾਬ ਦੇ ਦੇਣਗੇ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਮਾਨਸਾ ਵਿੱਚ ਬੰਦੇ ਮਰ ਗਏ ਹਨ, ਰਾਤ ਦੋ ਬੰਦੇ ਸੜਕ ਤੇ ਹੀ ਮਰ ਗਏ ਹਨ। ਇਹ ਹਾਲਾਤ ਹਨ ਜੀ। ਆਹ ਹੁਣੇ ਹੁਣੇ ਕਲਾਨੌਰ ਦੀ ਖਬਰ ਆਈ ਹੈ, ਪੰਜ ਮਿੰਟ ਪਹਿਲਾਂ ਇਨ੍ਹਾਂ ਦੇ (ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਵੱਲ ਇਸ਼ਾਰਾ) ਫੋਨ ਤੇ ਖਬਰ ਆਈ ਹੈ, ਉਥੇ ਸੀ.ਐਸ.ਸੀ. ਹੈ, ਉਥੇ ਕੋਈ ਡਾਕਟਰ ਨਾ ਹੋਣ ਦੇ ਕਾਰਨ ਅੱਜ ਫੇਰ ਹੁਣੇ ਮੌਤ ਹੋਈ ਹੈ। ਸਾਨੂੰ ਕਦੋਂ ਤੱਕ ਡਾਕਟਰ ਪੂਰੇ ਮਿਲ ਜਾਣਗੇ?

ਮਾਣਯੋਗ ਸਪੀਕਰ: ਬੈਠੋ ਜੀ। ਮੰਤਰੀ ਜੀ ਜਵਾਬ ਦੇ ਰਹੇ ਹਨ।

ਮੰਤਰੀ: ਸਰ, ਸਾਨੂੰ ਕਈ ਵਾਰ ਥੋੜ੍ਹਾ ਜਿਹਾ ਪਿਛੇ ਝਾਤੀ ਮਾਰਨੀ ਪੈਂਦੀ ਹੈ। ਮੈਂ ਚੈਲਿੰਜ ਕਰਦਾ ਹਾਂ ਜੀ ਕਿ ਪਿਛਲੇ 30 ਸਾਲ ਦੇ ਵਿੱਚ ਜੇ ਇਨ੍ਹਾਂ ਨੇ 664 ਨਹੀਂ ਤਾਂ ਸਿਰਫ 164 ਹੀ ਹਸਪਤਾਲ ਖੋਲ੍ਹੇ ਹੋਣ ਤਾਂ ਦੱਸ ਦੇਣ ਕਿ ਕਿੱਥੇ ਕਿੱਥੇ ਖੋਲ੍ਹੇ ਹਨ। ਇਨ੍ਹਾਂ ਨੇ ਤਾਂ ਬੰਦ ਕੀਤੇ ਹਨ, ਕਦੇ ਖੋਲ੍ਹੇ ਨਹੀਂ। (ਥੰਪਿੰਗ)

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਤੁਸੀਂ ਆਪ ਬੰਦ ਕੀਤੇ ਹਨ। (ਵਿਘਨ)(ਸ਼ੋਰ)

ਮੰਤਰੀ: ਅਸੀਂ ਅੱਛੀ ਸ਼ੁਰੂਆਤ ਤਾਂ ਕੀਤੀ ਹੈ ਜੀ। (ਵਿਘਨ)(ਸ਼ੋਰ)

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਦੇ ਕਈ ਮੈਂਬਰਜ਼ ਬਿਨਾਂ ਆਗਿਆ ਤੋਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲਣ ਲੱਗ ਪਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮੰਤਰੀ: ਡਿਸਪੈਂਸਰੀਆਂ ਤਾਂ ਖੋਲ੍ਹਣੀਆਂ ਸੀ। (ਵਿਘਨ)(ਸ਼ੋਰ) (ਵਿਘਨ)(ਸ਼ੋਰ)

ਮਾਣਯੋਗ ਸਪੀਕਰ: ਰਾਜਾ ਜੀ, ਆਪਾਂ ਕੁਐਸਚਨ ਆਵਰ ਚਲਾ ਲਈਏ?

ਮੰਤਰੀ: ਸਰ, ਇਨ੍ਹਾਂ ਨੇ ਗਿੱਦੜਬਾਹੇ ਦੀ ਗੱਲ ਕੀਤੀ ਹੈ। ਗਿੱਦੜਬਾਹੇ ਵਿੱਚ ਸਬ ਡਵੀਜ਼ਨ ਹਸਪਤਾਲ, ਡਿਸਟ੍ਰਿਕਟ ਹਸਪਤਾਲ ਅਤੇ ਕਮਿਊਨਿਟੀ ਹਸਪਤਾਲ, ਇਹ ਤਿੰਨੇ ਹੀ ਸੈਕੰਡਰੀ ਕੇਅਰ ਚਲਦੇ ਹਨ, ਇਸ ਦੇ ਵਾਸਤੇ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ 550 ਕਰੋੜ ਰੁਪਏ ਦਾ ਬਜਟ ਦਿੱਤਾ ਹੈ। ਪ੍ਰਾਇਮਰੀ ਕੇਅਰ ਦੇ ਵਿੱਚ ਅਸੀਂ (ਵਿਘਨ)(ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ: ਪਿੰਡਾਂ ਵਿੱਚ ਮੁਹੱਲਾ ਕਲੀਨਿਕ ਕਦੋਂ ਤੱਕ ਖੋਲੋਗੇ? (ਵਿਘਨ)(ਸ਼ੋਰ) ਕਦੋਂ ਡਾਕਟਰ ਦਿਉਗੇ? ਕਦੋਂ ਗਿਣਤੀ ਪੂਰੀ ਕਰੋਗੇ?

ਮੰਤਰੀ: ਇਹ ਸਾਹਮਣੇ ਬੈਠੇ ਹਨ ਜੀ, ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਆਪਣੀ ਲਿਸਟ ਬਣਾ ਕੇ ਦਿਉ ਕਿ ਇੰਨੇ ਆਮ ਆਦਮੀ ਕਲੀਨਿਕ ਚਾਹੀਦੇ ਹਨ, ਅਸੀਂ ਖੋਲ੍ਹ ਦੇਵਾਂਗੇ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਅਸੀਂ ਇਹ ਨਹੀਂ ਬਣਵਾਉਣੇ (ਵਿਘਨ)(ਸ਼ੋਰ) ਤੁਸੀਂ ਪੰਜਾਬ ਦੇ ਸਾਰੇ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਡਾਕਟਰ ਪੂਰੇ ਕਰੋ। ਪਿੰਡਾਂ ਵਿੱਚ ਡਾਕਟਰ ਪੂਰੇ ਕਰੋ (ਵਿਘਨ)(ਸ਼ੋਰ) ਸਾਡੇ ਕੋਲ ਡਾਕਟਰ ਨਹੀਂ ਹਨ। ਮੇਰੇ ਹਸਪਤਾਲ ਦਾ ਬੁਰਾ ਹਾਲ ਹੋ ਗਿਆ ਹੈ। (ਵਿਘਨ) (ਇਸ ਸਮੇਂ ਆਪੋਜੀਸ਼ਨ ਬੈਂਚਿਜ ਦੇ ਕਈ ਮੈਂਬਰਜ਼ ਬਿਨਾਂ ਆਗਿਆ ਤੋਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲਣ ਲੱਗ ਪਏ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਮੰਤਰੀ: ਮੈਂ ਬਣਾ ਦੇਵਾਂਗਾ। ਅਸੀਂ ਵਾਅਦੇ ਤੋਂ ਨਹੀਂ ਭੱਜੇ।

ਮਾਣਯੋਗ ਸਪੀਕਰ: ਆਪਾਂ ਅਗਲੇ ਸਵਾਲ ਤੇ ਚੱਲੀਏ? (ਵਿਘਨ) ਡਾਕਟਰ ਬਲਬੀਰ ਸਿੰਘ ਜੀ, ਤੁਸੀਂ ਵੀ ਬੈਠੋ ਪਲੀਜ਼। (ਵਿਘਨ)

ਮੰਤਰੀ: ਸਰ, ਮੇਰਾ ਜਿਹੜਾ ਕੰਮ ਹੈ, ਜੇ ਇੱਥੇ ਬਤੌਰ ਮੰਤਰੀ ਕਹਿ ਰਿਹਾ ਹਾਂ। ਜੇਕਰ ਇੱਕ ਐਮ.ਐਲ.ਏ. ਇੱਥੇ ਉਠ ਕੇ ਖੜ੍ਹਾ ਹੋ ਕੇ ਕਹੇ ਕਿ ਮੇਰਾ ਹਸਪਤਾਲ ਪੰਜਾਬ ਵਿੱਚ ਬੈਸਟ ਸੀ ਤਾਂ ਮੈਂ ਸਮਝਦਾ ਹਾਂ ਕਿ ਮੈਂ ਆਪਣੀ ਜੌਬ ਨੂੰ ਇੱਕ ਐਜ਼ ਏ ਹੈਲਥ ਮਨਿਸਟਰ ਜਸਟੀਫਾਈ ਨਹੀਂ ਕਰਾਂਗਾ। ਸਾਡੇ ਮਾਣਯੋਗ ਮੁੱਖ ਮੰਤਰੀ ਜੀ ਦੀ ਇਹ ਸੋਚ ਹੈ। ਮੈਂ 23 ਜ਼ਿਲ੍ਹਾ ਹਸਪਤਾਲ, 41 ਸਬ ਡਵੀਜਨ ਹਸਪਤਾਲ ਅਤੇ 161 ਕਮਿਉਨਿਟੀ ਹੈਲਥ ਸੈਂਟਰ, ਇਹ ਸਾਰੇ ਹੀ 'ਏ' ਕਲਾਸ ਕਰਾਂਗਾ। ਇਨ੍ਹਾਂ ਸਭ ਨੂੰ 'ਏ' ਕਲਾਸ ਕਰ ਦੇਵਾਂਗਾ। (ਥੰਪਿੰਗ)

ਮਾਣਯੋਗ ਸਪੀਕਰ: ਥੈਂਕਿਊ ਜੀ। (ਥੰਪਿੰਗ)

ਮੰਤਰੀ: ਹੁਣ ਮੈਂ ਡਾਕਟਰਾਂ ਦੀ ਗੱਲ ਕਰਦਾ ਹਾਂ। ਇਹ ਕਹਿੰਦੇ ਕਿ ਸਾਡੇ ਕੋਲ ਡਾਕਟਰ ਨਹੀਂ ਹਨ। ਸਰ, ਅਸੀਂ ਹਰ ਸਾਲ 300 ਡਾਕਟਰਾਂ ਨੂੰ ਪੋਸਟ ਗ੍ਰੈਜੁਏਸ਼ਨ ਕਰਵਾਉਂਦੇ ਹਾਂ ਅਤੇ ਸਪੈਸ਼ਲਿਸਟਸ ਬਣਾਉਂਦੇ ਹਾਂ।
ਮਾਣਯੋਗ ਸਪੀਕਰ: ਪ੍ਰਸ਼ਨ ਕਾਲ ਖਤਮ ਹੁੰਦਾ ਹਾਂ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

ਹਲਕਾ ਜਗਰਾਉਂ ਨੂੰ ਜ਼ਿਲ੍ਹਾ ਬਣਾਉਣਾ

*876. **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਗਰਾਉਂ ਨੂੰ ਜ਼ਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

ਸ੍ਰੀ ਬ੍ਰਹਮ ਸ਼ੰਕਰ : ਸ੍ਰੀਮਤੀ ਜੀ, ਨਹੀਂ ਜੀ। ਭਵਿੱਖ ਵਿੱਚ ਜੇਕਰ ਡਿਪਟੀ ਕਮਿਸ਼ਨਰ, ਲੁਧਿਆਣਾ ਵਲੋਂ ਕੋਈ ਤਜ਼ਵੀਜ/ਟਿੱਪਣੀ ਪ੍ਰਾਪਤ ਹੁੰਦੀ ਹੈ ਅਤੇ ਜੇਕਰ ਪੰਜਾਬ ਸਰਕਾਰ ਵਲੋਂ ਸਥਾਪਤ ਪੁਨਰਗਠਨ ਕਮੇਟੀ ਦੀ ਰਿਪੋਰਟ ਦੇ ਅਧਿਆਇ 5 (ਜਿਸ ਵਿੱਚ ਸਬ-ਤਹਿਸੀਲਾਂ, ਤਹਿਸੀਲਾਂ, ਅਤੇ ਜ਼ਿਲ੍ਹਿਆਂ ਦੇ ਪੁਨਰਗਠਨ ਸਬੰਧੀ ਮਾਪਦੰਡ ਦਿੱਤੇ ਗਏ ਹਨ), ਅਨੁਸਾਰ ਸ਼ਰਤਾਂ ਪੂਰੀਆਂ ਹੁੰਦੀਆਂ ਹੋਈਆਂ, ਤਾਂ ਪ੍ਰਬੰਧਕੀ ਪੱਖਾਂ ਅਤੇ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ, ਸਰਕਾਰ ਪੱਧਰ ਤੇ ਇਸ ਸਬੰਧੀ ਵਿਚਾਰ ਕੀਤਾ ਜਾਵੇਗਾ।

ਪਿੰਡਾਂ ਦੀ ਪੰਚਾਇਤੀ ਜ਼ਮੀਨ ਅਕੁਆਇਰ ਹੋਣ ਤੇ ਪੰਚਾਇਤ ਨੂੰ ਪ੍ਰਾਪਤ ਹੋਈ ਰਾਸ਼ੀ ਦੀ ਵਰਤੋਂ ਦੀ ਪ੍ਰਵਾਨਗੀ ਦੇਣ ਸਬੰਧੀ।

***877. ਸਰਦਾਰ ਕੁਲਵੰਤ ਸਿੰਘ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਦੀਆਂ ਪੰਚਾਇਤਾਂ ਦੀ ਜ਼ਮੀਨ ਵੱਖ–ਵੱਖ ਰਿਹਾਇਸ਼ੀ/ਕਮਰਸ਼ੀਅਲ ਉਦਯੋਗਿਕ/ਹਾਈਵੇਜ਼ ਆਦਿ ਪ੍ਰੋਜੈਕਟਾਂ ਲਈ ਅਕੁਆਇਰ ਹੋਣ ਤੇ ਸਬੰਧਤ ਪਿੰਡਾਂ ਦੀ ਪੰਚਾਇਤ ਨੂੰ ਪ੍ਰਾਪਤ ਹੁੰਦੀ ਰਾਸ਼ੀ ਦੀ ਵਰਤੋਂ ਪਿੰਡ ਵਿੱਚ ਵਿਕਾਸ ਦੇ ਕੰਮਾਂ ਲਈ ਵਰਤੇ ਜਾਣ ਦੀ ਆਗਿਆ ਦੇਣ ਲਈ ਮੌਜੂਦਾ ਪਾਲਿਸੀ/ਹਦਾਇਤਾਂ ਵਿੱਚ ਕੋਈ ਢਿੱਲ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ **ਹੈ** ਕਿਉਂਕਿ ਮੌਜੂਦਾ ਪਾਲਿਸੀ ਅਨੁਸਾਰ ਉਕਤ ਦਰਸਾਏ ਅਨੁਸਾਰ ਪ੍ਰਾਪਤ ਰਾਸ਼ੀ ਨੂੰ ਸਬੰਧਤ ਪੰਚਾਇਤ ਵਲੋਂ ਬੈਂਕਾਂ ਵਿੱਚ ਫਿਕਸ ਡਿਪੋਜਿਟ ਦੇ ਤੌਰ ਤੇ ਜਮ੍ਹਾਂ ਕਰਵਾਉਣਾ ਜਰੂਰੀ ਹੈ ਅਤੇ ਇਸ ਦੀ ਵਰਤੋਂ ਸਰਕਾਰ ਤੋਂ ਸਪੈਸ਼ਲ ਪ੍ਰਵਾਨਗੀ ਲੈਣ ਉਪਰੰਤ ਹੀ ਕੀਤੀ ਜਾ ਸਕਦੀ ਹੈ ਜ਼ੋ ਕਿ ਆਮ ਤੌਰ ਤੇ ਨਹੀਂ ਮਿਲਦੀ**,** ਜਿਸ ਕਾਰਨ ਸਬੰਧਤ ਪਿੰਡਾਂ ਖਾਸ ਕਰਕੇ ਜਿਲ੍ਹਾ ਐਸ.ਏ.ਐਸ ਨਗਰ ਦੇ ਪਿੰਡਾਂ ਵਿੱਚ ਅਤੀ ਜ਼ਰੂਰੀ ਵਿਕਾਸ ਦੇ ਕੰਮ ਅਧੂਰੇ ਪਏ ਹਨ। ”

ਸ੍ਰੀ ਲਾਲਜੀਤ ਸਿੰਘ ਭੁੱਲਰ: ਸ੍ਰੀਮਾਨ ਜੀ**,** ਨਹੀਂ ਜੀ।

ਹਲਕਾ ਭੁਚੋ ਮੰਡੀ ਦੇ ਸ੍ਰੀ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਨੂੰ ਨਵਾਂ ਬਣਾ ਕੇ ਸ਼ੁਰੂ ਕਰਨਾ

***878. ਸਰਦਾਰ ਜਗਸੀਰ ਸਿੰਘ:** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁੱਚੋ ਮੰਡੀ ਦੇ ਸ੍ਰੀ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਵਿਖੇ 13 ਮਈ, 2021 ਨੂੰ ਈ.ਐਸ.ਪੀ. ਡਿੱਗ ਗਿਆ ਸੀ ਜੋ ਕਿ ਰੋਜ਼ਾਨਾ ਲਗਭਗ 45 ਲੱਖ ਯੂਨਿਟ ਪੈਦਾ ਕਰਦਾ ਸੀ, ਜਿਸਦੀ ਕੀਮਤ ਲਗਭਗ 2 ਕਰੋੜ ਰੁਪਏ ਤੋਂ ਉੱਤੇ ਬਣਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਪਲਾਂਟ ਨੂੰ ਨਵਾਂ ਬਣਾ ਕੇ ਚਲਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਹਰਭਜਨ ਸਿੰਘ: ਸ੍ਰੀ ਗੁਰੂ ਹਰਗੋਬਿੰਦ ਥਰਮਲ ਪਲਾਂਟ, ਲਹਿਰਾ ਮੁਹੱਬਤ ਥਰਮਲ ਪਲਾਂਟ ਦੀ ਯੂਨਿਟ 2 ਦੀ ਰੋਜ਼ਾਨਾ ਲਗਭਗ 50 ਲੱਖ ਯੂਨਿਟ ਪੈਦਾ ਕਰਨ ਦੀ ਸਮਰੱਥਾ ਹੈ, ਜਿਸ ਉਤੇ ਰੋਜ਼ਾਨਾਂ ਕੋਲੇ ਆਦਿ ਦਾ ਖਰਚਾ 2 ਕਰੋੜ ਰੁਪਏ ਦਾ ਆਉਂਦਾ ਸੀ। ਸਟਰੱਕਚਰ ਫੇਲ ਹੋਣ ਕਾਰਣ, ਇਸ ਯੂਨਿਟ ਦਾ ਈ.ਐਸ.ਪੀ. (Electro Static Precipitators (ESP)) 13 ਮਈ 2022 ਨੂੰ ਅਚਾਨਕ ਢਹਿ ਗਿਆ ਸੀ। ਈ.ਐਸ.ਪੀ. ਨੂੰ ਮੁੜ ਉਸਾਰਨ ਲਈ ਨਿਯਮਾਂ ਮੁਤਾਬਿਕ ਟੈਂਡਰ ਆਦਿ ਦੀ ਪ੍ਰਕ੍ਰਿਆ ਪੂਰੀ ਕਰਨ ਉਪਰੰਤ ਨੁਕਸਾਨੇ ਈ.ਐਸ.ਪੀ. ਨੂੰ ਅਗਸਤ 2023 ਵਿਚ ਡਿਸਮੈਂਟਲ ਕਰ ਦਿੱਤਾ ਗਿਆ ਹੈ ਅਤੇ ਨਵੇਂ ਈ.ਐਸ.ਪੀ. ਦੀ ਉਸਾਰੀ ਲਈ ਬੀ.ਐਚ.ਈ.ਐਲ. (Bharat

Heavy Electricals Limited) ਨੂੰ ਮਿਤੀ 16.08.2023 ਨੂੰ ਕੰਮ ਅਲਾਟ ਕਰ ਦਿੱਤਾ ਗਿਆ ਹੈ। ਨਵੇਂ ਈ.ਐਸ.ਪੀ. ਦੀ ਉਸਾਰੀ ਦਾ ਕੰਮ ਸੰਭਾਵਿਤ ਦਸੰਬਰ, 2024 ਤੱਕ ਮੁਕੰਮਲ ਹੋ ਜਾਵੇਗਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 879

ਮਾਣਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਬਾਗਾਂ ਵਿੱਚੋਂ ਕਪਾਹ ਅਤੇ ਕਿੰਨੂ ਚੁੱਕਣ ਵਾਲੇ ਮਜ਼ਦੂਰਾਂ ਦੀ ਸ਼ਨਾਖਤ ਕਰਨਾ

***883. ਸ੍ਰੀ ਸੰਦੀਪ ਜਾਖੜ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ ਫ਼ਸਲ ਦੇ ਨੁਕਸਾਨ ਦੀ ਸੂਰਤ ਵਿੱਚ ਮੁਆਵਜ਼ਾ ਦੇਣ ਲਈ ਸਰਕਾਰ ਦੀ ਸਕੀਮ ਦੇ ਨਾਲ-ਨਾਲ ਕਪਾਹ ਅਤੇ ਕਿੰਨੂ (ਬਾਗ਼ਾਂ ਵਿੱਚੋਂ) ਚੁੱਕਣ ਵਾਲੇ ਮਜ਼ਦੂਰਾਂ ਦੀ ਪਛਾਣ ਕਰਨ ਲਈ ਸਰਕਾਰ ਵੱਲੋਂ ਕੋਈ ਵਿਧੀ ਅਪਣਾਈ ਗਈ ਹੈ?

ਸਰਦਾਰ ਗੁਰਮੀਤ ਸਿੰਘ ਖੁੱਡੀਆਂ : ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਡਿਜ਼ਾਸਟਰ ਮੈਨੇਜਮੈਂਟ-1 ਸ਼ਾਖਾ) ਦੁਆਰਾ ਫਸਲਾਂ ਦੇ ਨੁਕਸਾਨ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਮੁਆਵਜ਼ਾ ਦੇਣ ਦੇ ਉਦੇਸ਼ ਲਈ ਮਜ਼ਦੂਰਾਂ ਦੀ ਪਛਾਣ ਕਰਨ ਦੀ ਨੀਤੀ ਜਾਰੀ ਕੀਤੀ ਗਈ ਹੈ। ਜਿਸਦੀ ਕਾਪੀ ਅਨੁਲੱਗ-ੳ ਤੇ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 881

ਮਾਣਯੋਗ ਸਪੀਕਰ: ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

ਤਲਵੰਡੀ-ਫਰੀਦਕੋਟ-ਕੋਟਕਪੂਰਾ ਰੋਡ ਨੂੰ ਚਾਰ-ਮਾਰਗੀ ਅਤੇ ਚੌੜਾ ਕਰਨਾ

*882. **ਸਰਦਾਰ ਗੁਰਦਿੱਤ ਸਿੰਘ ਸੇਖੋਂ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਦੱਸਣਗੇ ਕਿ ਕੀ ਇਹ ਠੀਕ ਹੈ ਕਿ-

ੳ) ਫਰੀਦਕੋਟ ਦੇ ਬਾਹਰ-ਬਾਹਰ ਤਲੰਵਡੀ-ਫਰੀਦਕੋਟ-ਕੋਟਕਪੂਰਾ ਨੂੰ ਮਿਲਾਉਂਦਾ ਹੈ (ਐਨ.ਐਚ.-54), ਟਹਿਣਾ ਤੋਂ ਫਰੀਦਕੋਟ ਨਹਿਰਾਂ ਤੱਕ ਤਲਵੰਡੀ ਪਾਸੇ ਦੀ ਸੜਕ ਦੀ ਚੌੜਾਈ 23 ਫੁੱਟ ਹੈ ਅਤੇ ਫਰੀਦਕੋਟ ਬੀੜ ਚਹਿਲ ਦੀ ਚੌੜਾਈ 18 ਫੁੱਟ ਹੈ;

ਅ) ਇਹ ਸ਼ਹਿਰ ਦੇ ਤਲਵੰਡੀ ਵਾਲੇ/ਕੋਟਕਪੂਰਾ ਵਾਲੇ ਪਾਸੇ ਤੋਂ ਮੇਨ Entry/Exit Point ਬਣਦਾ ਹੈ ਅਤੇ ਸੜਕ ਦੇ ਇਸ ਹਿੱਸੇ ਨੂੰ ਜਿਲ੍ਹਾ ਨਗਰ ਯੋਜਨਾਕਾਰ ਵੱਲੋਂ ਵੀ ਟਾਊਨ ਪਲੈਨਿੰਗ ਦੇ ਨਕਸ਼ੇ ਵਿੱਚ 4-LANE ਤਜਵੀਜ਼ ਕੀਤਾ ਗਿਆ ਹੈ ਅਤੇ ਮੇਨ Entry/Exit Point ਹੋਣ ਕਰਕੇ ਫਰੀਦਕੋਟ ਸ਼ਹਿਰ ਅੰਦਰ ਆਉਣ ਵਾਲੇ ਅਤੇ ਬਾਹਰ ਜਾਣ ਵਾਲੇ ਲੋਕਾਂ ਵੱਲੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ;

ੲ) ਕੀ ਇਹ ਵੀ ਠੀਕ ਹੈ ਕਿ ਇਹ ਦੋਨੇ ਸੜਕਾਂ ਘੱਟ ਚੌੜੀਆਂ ਹੋਣ ਕਰਕੇ Proper Connectivity ਨਹੀਂ ਬਣਦੀ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਸੜਕਾਂ ਨੂੰ ਚਾਰ-ਮਾਰਗੀ ਅਤੇ ਚੌੜਾਂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਹਰਭਜਨ ਸਿੰਘ: ੳ) ਹਾਂ ਜੀ। ਫਰੀਦਕੋਟ ਦੇ ਬਾਹਰ-ਬਾਹਰ ਤਲਵੰਡੀ-ਫਰੀਦਕੋਟ-ਕੋਟਕਪੂਰਾ ਸੜਕ ਨੂੰ ਮਿਲਾਉਂਦਾ ਹੈ (ਐਨ.ਐਚ.-54), ਪਰ ਟਹਿਣਾ ਤੋਂ ਫਰੀਦਕੋਟ ਨਹਿਰਾਂ ਤੱਕ ਤਲਵੰਡੀ ਪਾਸੇ ਦੀ ਸੜਕ ਦੀ ਚੌੜਾਈ 33 ਫੁੱਟ ਹੈ ਅਤੇ ਫਰੀਦਕੋਟ ਬੀੜ ਚਹਿਲ ਦੀ ਚੌੜਾਈ 23 ਫੁੱਟ ਹੈ।

ਅ) ਹਾਂ ਜੀ। ਇਹ ਸੜਕ ਫਰਦੀਕੋਟ ਸ਼ਹਿਰ ਦੇ ਤਲਵੰਡੀ/ਕੋਟਕਪੂਰਾ ਵਾਲੇ ਪਾਸੇ ਤੋਂ ਮੇਨ entry/exit point ਬਣਦੀ ਹੈ। ਜਿਲ੍ਹਾ ਯੋਜਨਾਕਾਰ, ਫਰੀਦਕੋਟ ਵੱਲੋਂ ਇਸ ਸੜਕ ਨੂੰ 4-Lane ਤਜਵੀਜ਼ ਕੀਤਾ ਗਿਆ ਹੈ ਅਤੇ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਅੰਦਰ ਆਉਣ ਵਾਲੇ ਅਤੇ ਬਾਹਰ ਜਾਣ ਵਾਲੇ ਲੋਕਾਂ ਵੱਲੋਂ ਇਸਦੀ ਵਰਤੋਂ ਕੀਤੀ ਜਾਂਦੀ ਹੈ।

ੲ) ਇਹ ਸੜਕਾਂ 23/33 ਫੁੱਟ ਚੌੜੀਆਂ ਹਨ ਅਤੇ ਇਨ੍ਹਾਂ ਸੜਕਾਂ ਨੂੰ ਚਾਰ ਮਾਰਗੀ ਅਤੇ ਚੋੜਾ ਕਰਨ ਦੀ ਕੋਈ ਵੀ ਤਜਵੀਜ਼ ਫਿਲਹਾਲ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਲੁਧਿਆਣਾ ਦੱਖਣੀ ਆਉਂਦੀਆਂ ਅਣਅਧਿਕਾਰਤ ਕਲੋਨੀਆਂ ਨੂੰ ਅਧਿਕਾਰਿਤ ਕਰਨਾ

***880. ਸ੍ਰੀਮਤੀ ਰਾਜਿੰਦਰ ਪਾਲ ਕੌਰ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲੁਧਿਆਣਾ ਦੱਖਣੀ ਅਧੀਨ ਆਉਂਦੀਆਂ 39 ਅਣ-ਅਧਿਕਾਰਤ ਕਲੋਨੀਆਂ ਨੂੰ ਅਧਿਕਾਰਤ ਕਰਨ ਦੀ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸਰਦਾਰ ਬਲਕਾਰ ਸਿੰਘ: ਹਲਕਾ ਲੁਧਿਆਣਾ ਦੱਖਣੀ ਅਧੀਨ ਆਉਂਦੀਆਂ 39 ਅਣ-ਅਧਿਕਾਰਤ ਕਲੋਨੀਆਂ ਜਿਨ੍ਹਾਂ ਵੱਲੋਂ ਰੈਗੂਲਰਾਈਜੇਸ਼ਨ ਪਾਲਿਸੀ ਸਾਲ 2018 ਅਧੀਨ ਅਪਲਾਈ ਨਹੀਂ ਕੀਤਾ ਗਿਆ ਹੈ ਨੂੰ ਅਧਿਕਾਰਤ ਕਰਨ ਸਬੰਧੀ ਕੋਈ ਤਜਵੀਜ ਸਥਾਨਕ ਸਰਕਾਰ ਵਿਭਾਗ ਦੇ ਵਿਚਾਰ ਅਧੀਨ ਨਹੀਂ ਹੈ।

ਹਿਮਾਚਲ ਬਾਰਡਰ ਤੋਂ ਮਾਜਰੀ ਘਾੜ-ਪੁਰਖਾਲੀ-ਹਰੀਪੁਰ-ਸਿਸਵਾਂ ਚੌਕ ਸੜਕ ਦਾ ਸਟੇਟਸ

*884. **ਸ੍ਰੀ ਦਿਨੇਸ਼ ਕੁਮਾਰ ਚੱਢਾ**: ਕੀ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਜ਼ਿਲ੍ਹੇ ਦੇ ਘਾੜ ਇਲਾਕੇ ਨੂੰ ਹਿਮਾਚਲ ਪ੍ਰਦੇਸ਼ ਨਾਲ ਜੋੜਨ ਵਾਲੀ ਹਿਮਚਲ ਬਾਰਡਰ ਤੋਂ ਮਾਜਰੀ ਘਾੜ-ਪੁਰਖਾਲੀ-ਹਰੀਪੁਰ-ਸਿਸਵਾਂ ਚੌਕ ਸੜਕ ਦੀ ਪ੍ਰੋਪੋਜ਼ਲ ਦਾ ਕੀ ਸਟੇਟਸ ਹੈ; ਕੀ ਇਸ ਸਬੰਧੀ ਲਾਗਤ ਅਤੇ ਬਜਟ ਦੇ ਵੇਰਵੇ ਕੀ ਹਨ?

ਸਰਦਾਰ ਹਰਭਜਨ ਸਿੰਘ: ਰੋਪੜ ਜਿਲ੍ਹੇ ਨੂੰ ਹਿਮਾਚਲ ਪ੍ਰਦੇਸ਼ ਨਾਲ ਜੋੜਨ ਵਾਲੀ ਹਿਮਾਚਲ ਤੋਂ ਮਾਜਰੀ ਘਾੜ-ਪੁਰਖਾਲੀ-ਹਰੀਪੁਰ-ਸਿਸਵਾਂ ਚੌਕ ਸੜਕ, ਜਿਸ ਦੀ ਲੰਬਾਈ 21.50 ਕਿਲੋਮੀਟਰ ਹੈ, ਦੀ ਪ੍ਰਵਾਨਗੀ ਬਾਬਤ ਰਕਮ 24.90 ਕਰੋੜ ਰੁਪਏ ਅੰਡਰ ਹੈਡ-5054 ਆਰ.ਬੀ.-10 ਰੋਡਜ਼ ਸਾਲ 2023-2024 ਸਕੀਮ ਅਧੀਨ ਅਤੇ 2.10 ਕਰੋੜ ਰੁਪਏ ਅੰਡਰ ਹੈਡ 3054 ਮਿਸਲੇਨੀਅਸ ਅਧੀਨ ਜਾਰੀ ਹੋ ਚੁੱਕੀ ਹੈ।

0325/Karamjit kaur/ Harjinder singh

0330/harpreet singh

ANNOUNCEMENT BY THE SPEAKER REGARDING PANEL OF CHAIRMEN

ਮਾਣਯੋਗ ਸਪੀਕਰ : ਅਨਾਊਂਸਮੈਂਟ।

ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਦੇ ਲਈ ਨਾਮਜ਼ਦ ਕਰਦਾ ਹਾਂ -

1. ਸ੍ਰੀ ਬੁੱਧ ਰਾਮ, ਐਮ.ਐਲ.ਏ.
2. ਸਰਦਾਰ ਪਰਗਟ ਸਿੰਘ ਪੋਆਰ, ਐਮ.ਐਲ.ਏ.
3. ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ.
4. ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.

ANNOUNCEMENT BY THE SECRETARY

ਮਾਣਯੋਗ ਸਪੀਕਰ : ਹੁਣ ਸਕੱਤਰ ਸਾਹਿਬ ਐਲਾਨ ਕਰਨਗੇ।

ਸ੍ਰੀ ਸਕੱਤਰ : ਮੈਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਚੌਥੇ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:

1. ਪੰਜਾਬ ਨਮਿੱਤਣ (ਨੰ:1) ਬਿਲ, 2023
2. ਪੰਜਾਬ ਨਮਿੱਤਣ (ਨੰ:2) ਬਿਲ, 2023
3. ਪੰਜਾਬ ਨਮਿੱਤਣ (ਨੰ:3) ਬਿਲ, 2023
4. ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ (ਸੋਧਨਾ) ਬਿਲ, 2023
5. ਪੰਜਾਬ ਵਿਧਾਨ ਸਭਾ ਵਿਚ ਚੀਫ਼ ਵਿਪ ਦੀਆਂ ਤਨਖਾਹਾਂ ਅਤੇ ਭੱਤਿਆਂ ਸਬੰਧੀ ਬਿਲ, 2023
6. ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2023

MATTERS RAISED DURING ZERO HOUR

ਮਾਣਯੋਗ ਸਪੀਕਰ: ਜ਼ੀਰੋ ਆਵਰ। ਹਾਂ ਜੀ, ਬਾਜਵਾ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ): ਸਪੀਕਰ ਸਾਹਿਬ, ਮੈਂ ਇਕ ਇੰਪਾਰਟਮੈਂਟ ਸਟੇਟਮੈਂਟ ਇੱਥੇ ਪੜ੍ਹਨਾ ਚਾਹੁੰਦਾ ਹਾਂ ਜੇਕਰ ਤੁਸੀਂ ਇਜਾਜ਼ਤ ਦਿਓ ਤਾਂ ਕੀ ਮੈਂ ਪੜ੍ਹ ਸਕਦਾ ਹਾਂ?

ਮਾਣਯੋਗ ਸਪੀਕਰ: ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ: "ਇਹ ਸਦਨ ਕੇਂਦਰੀ ਖੇਤੀਬਾੜੀ ਮੰਤਰੀ ਵੱਲੋਂ 9 ਦਸੰਬਰ, 2021 ਨੂੰ ਲਿਖੇ ਪੱਤਰ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਨ ਤੇ ਡੂੰਘੀ ਚਿੰਤਾ ਜ਼ਾਹਿਰ ਕਰਦਾ ਹੈ। ਭਾਰਤ ਦੇ ਕਿਸਾਨ ਭਾਈਚਾਰੇ ਖਾਸ ਕਰਕੇ ਉੱਤਰ ਪ੍ਰਦੇਸ਼, ਉਤਰਾਖੰਡ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਰਾਜਾਂ ਵਿਚ ਇਕ ਸਮਝੌਤਾ ਹੋਇਆ ਸੀ। ਹਾਲਾਂਕਿ ਪੰਜਾਬ ਦਾ ਸਪਸ਼ਟ ਤੌਰ ਤੇ ਜ਼ਿਕਰ ਨਹੀਂ ਕੀਤਾ ਗਿਆ ਪਰ ਅੰਦੋਲਨ ਦੀ ਮੁੱਖ ਤੌਰ ਤੇ ਅਗਵਾਈ ਪੰਜਾਬ ਦੇ ਕਿਸਾਨਾਂ ਨੇ ਕੀਤੀ ਸੀ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਰਾਸ਼ਟਰੀ ਮਹੱਤਤਾ ਪ੍ਰਾਪਤ ਕੀਤੀ ਸੀ।

1. ਕੇਂਦਰ ਸਰਕਾਰ ਦੀ ਇਹ ਵਚਨਬੱਧਤਾ ਸੀ ਕਿ ਖੇਤੀਬਾੜੀ ਉਤਪਾਦਕਾਂ ਲਈ ਘੱਟੋ ਘੱਟ ਸਮਰਥਨ ਮੁੱਲ ਐਮ.ਐਸ.ਪੀ. ਬਾਰੇ ਫੈਸਲਾ ਲੈਣ ਅਤੇ ਉਸ ਨੂੰ ਲੀਗਲ ਕਰਨ ਵਾਸਤੇ ਅਸੀਂ ਸੰਯੁਕਤ ਕਿਸਾਨ ਮੋਰਚਾ ਭਾਰਤ ਸਰਕਾਰ, ਰਾਜ ਸਰਕਾਰਾਂ ਅਤੇ ਖੇਤੀਬਾੜੀ ਮਾਹਿਰਾਂ ਦੀ ਇਕ ਕਮੇਟੀ ਦੀ ਸਥਾਪਨਾ ਕਰਾਂਗੇ। ਜਦੋਂ ਤੱਕ ਇਹ ਫੈਸਲਾ ਨਹੀਂ ਕੀਤਾ ਜਾਂਦਾ ਮੌਜੂਦਾ ਐਮ.ਐਸ.ਪੀ. ਲਾਗੂ ਰਹੇਗੀ।

2. ਉੱਤਰ ਪ੍ਰਦੇਸ਼, ਉਤਰਾਖੰਡ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਹਰਿਆਣਾ ਰਾਜਾਂ ਨੇ ਮੋਰਚੇ ਦੇ ਭਾਗੀਦਾਰਾਂ ਵਿਰੁੱਧ ਕੇਸ ਦਾਇਰ ਕੀਤੇ ਸੀ। ਇਨ੍ਹਾਂ ਰਾਜਾਂ ਦੀ ਸਹਿਮਤੀ ਨਾਲ ਭਾਰਤ ਸਰਕਾਰ ਨੇ ਐਲਾਨ ਕੀਤਾ ਸੀ ਕਿ ਕੇਸ ਵਾਪਸ ਕਰ ਦਿੱਤੇ ਜਾਣਗੇ।

3. ਭਾਰਤ ਸਰਕਾਰ ਦੀਆਂ ਸਾਰੀਆਂ ਏਜੰਸੀਆਂ ਅਤੇ ਵਿਭਾਗਾਂ ਨੇ ਦੂਜੇ ਰਾਜਾਂ ਨੂੰ ਅਪੀਲ ਕੀਤੀ ਸੀ ਕਿ ਇਨ੍ਹਾਂ ਕੇਸਾਂ ਨੂੰ ਵਾਪਸ ਲੈਣ।

4. ਮੁਆਵਜ਼ੇ ਦੇ ਸਬੰਧ ਵਿਚ ਯੂ.ਪੀ.. ਅਤੇ ਹਰਿਆਣਾ ਰਾਜ ਸਿਧਾਂਤਕ ਤੌਰ ਤੇ ਸਹਿਮਤ ਹੋ ਗਏ ਸਨ ਅਤੇ ਪੰਜਾਬ ਸਰਕਾਰ ਨੇ ਪਹਿਲਾਂ ਹੀ ਉਪਰੋਕਤ ਮੰਗਾਂ ਨਾਲ ਆਪਣੀ ਸਹਿਮਤੀ ਦਾ ਐਲਾਨ ਕੀਤਾ ਸੀ।

5. ਬਿਜਲੀ ਬਿਲ ਜਿਹੜਾ ਕੇਂਦਰ ਨਾਲ ਸਬੰਧਤ ਹੈ। ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਹਿੱਸੇਦਾਰਾਂ ਨਾਲ ਵਿਚਾਰ ਵਟਾਂਦਰਾ ਤੋਂ ਬਾਅਦ ਹੀ ਸੰਸਦ ਵਿਚ ਇਹ ਬਿਲ ਪੇਸ਼ ਕੀਤਾ ਜਾਵੇਗਾ।

6. ਪਰਾਲੀ ਸਾੜਨ ਦੇ ਮੁੱਦੇ ਤੇ ਕਿਸਾਨਾਂ ਨੂੰ ਧਾਰਾ 14 ਅਤੇ 15 ਤਹਿਤ ਕਾਰਵਾਈਆਂ ਤੋਂ ਛੋਟ ਦਿੱਤੀ ਜਾਵੇਗੀ।

ਮਾਣਯੋਗ ਸਪੀਕਰ: ਬਾਜਵਾ ਜੀ, ਤੁਸੀਂ ਜੋ ਕਹਿਣਾ ਚਾਹੁੰਦੇ ਹੋ, ਉਹ ਕਹਿ ਦਿਓ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਕਸਦ ਐਨਾ ਹੈ ਕਿ ਪ੍ਰਧਾਨ ਮੰਤਰੀ ਦਾ ਨਾਮ ਲਿਆ ਗਿਆ, ਹਰ ਚੀਜ਼ ਕੀਤੀ ਗਈ ਪਰ ਅੱਜ ਸਾਡੇ ਕਿਸਾਨ ਮੋਰਚਿਆਂ ਤੇ ਬੈਠੇ ਹਨ (ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਕੁੱਝ ਮੈਂਬਰ ਹੱਸ ਰਹੇ ਸਨ) ਇਹ ਹੱਸ ਰਹੇ ਹਨ, ਇਨ੍ਹਾਂ ਦੀਆਂ ਵੋਟਾਂ ਨਾਲ ਹੀ ਤੁਸੀਂ ਆਏ ਹੋ। ਅਸੀਂ ਕਿਸਾਨਾਂ ਦੀ ਗੱਲ ਕਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਅੱਜ ਸਾਰਾ ਹਾਊਸ ਇਕ ਰੈਜ਼ੋਲਿਊਸ਼ਨ ਮੂਵ ਕਰੇ, ਸਰਬਸੰਮਤੀ ਪ੍ਰਗਟ ਕਰੇ। ਸਾਰਾ ਹਾਊਸ, ਸਾਰੀਆਂ ਰਾਜਨੀਤਕ ਜਮਾਤਾਂ ਇਕ ਮੱਤ ਹੋਵੇ ਕਿ ਅਸੀਂ ਜਿਹੜਾ ਕਿਸਾਨਾਂ ਨੇ ਸਾਰੇ ਦੇਸ਼ ਵਿਚ ਮੋਰਚੇ ਲਗਾਏ ਹਨ। ਜਿਹੜੀਆਂ ਸ਼ਰਤਾਂ ਕੇਂਦਰ ਨੇ ਪਿਛਲੇ ਤਿੰਨ ਸਾਲਾਂ ਵਿਚ ਪੂਰੀਆਂ ਨਹੀਂ ਕੀਤੀਆਂ, ਉਹ ਪੂਰੀਆਂ ਕੀਤੀਆਂ ਜਾਣ। ਇੱਥੋਂ ਪੰਜਾਬ ਵਿਚੋਂ ਇਕ ਰੈਜ਼ੋਲਿਊਸ਼ਨ ਪਾਸ ਕੇ ਕੇਂਦਰ ਕੋਲ ਜਾਵੇ ਤਾਂ ਜੋ ਬਾਕੀ ਰਾਜ ਵਿਧਾਨ ਸਭਾਵਾਂ ਵੀ ਤੁਹਾਡੇ ਇਸ ਮਤੇ ਦੀ ਪ੍ਰੋੜਤਾ ਕਰਨ, ਜਿਵੇਂ ਤੁਸੀਂ ਪਹਿਲਕਦਮੀ ਕੀਤੀ ਹੈ। ਇਸ ਤਰ੍ਹਾਂ ਕੇਂਦਰ ਤੇ ਦਬਾਅ ਬਣਾਇਆ ਜਾਵੇ ਕਿ ਐਮ.ਐਸ.ਪੀ. ਨੂੰ ਲੀਗਲ ਜਾਮਾ ਪਹਿਨਾਇਆ ਜਾਵੇ ਅਤੇ ਕਿਸਾਨਾਂ ਤੇ ਕੀਤੇ ਗਏ ਕੇਸਿਜ਼ ਵਾਪਸ ਲਏ ਜਾਣ।

0330/harpreet singh/BS khokhar

0335/amandeep kaur

ਜਿਹੜੀਆਂ ਇਹ ਪੰਜਾਬ ਦੇ ਵਿੱਚ 700 ਤੋਂ ਵੱਧ ਸ਼ਹਾਦਤਾਂ ਹੋਈਆਂ ਹਨ, ਕਿਹਾ ਗਿਆ ਹੈ ਕਿ ਅਸੀਂ ਇੱਕ ਇੱਕ ਨੌਕਰੀ ਤੇ ਪੰਜ ਪੰਜ ਲੱਖ ਰੁਪਿਆ ਦਿੱਤਾ ਹੈ, ਜਿੱਥੇ ਨਹੀਂ ਦਿੱਤਾ ਗਿਆ ਉਹ ਸਾਰਾ ਕੁਝ ਕੀਤਾ ਜਾਵੇ। ਇਸ ਦੇ ਵਾਸਤੇ ਮੈਂ ਇੱਕ ਰੈਜ਼ੋਲਿਊਸ਼ਨ ਤਿਆਰ ਕੀਤਾ ਹੈ, ਜੇਕਰ ਤੁਸੀਂ ਅਲਾਓ ਕਰੋ ਅਤੇ ਜੇ ਤੁਸੀਂ ਅਡਾਪਟ ਕਰਨਾ ਚਾਹੋ ਤਾਂ ਦੱਸ ਦਿਓ।

ਮਾਣਯੋਗ ਸਪੀਕਰ: ਤੁਹਾਡੀ ਗੱਲ ਆ ਗਈ ਹੈ। ਤੁਸੀਂ ਲੇਅ ਕਰ ਦਿਓ।

(ਇਸ ਸਮੇਂ ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ ਨੇ ਪੇਪਰ ਸਦਨ ਦੀ ਮੇਜ਼ ਉਤੇ ਰੱਖੇ।)

ਸ੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.): ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਰ, ਇਸ ਤੋਂ ਪਹਿਲਾਂ ਵੀ ਬੜਾ ਸਵਾਲ ਜਵਾਬ ਹੋ ਰਿਹਾ ਸੀ, ਮਾਨਯੋਗ ਰਾਜਾ ਵੜਿੰਗ ਸਾਹਿਬ ਅਤੇ ਹੈਲਥ ਮਨਿਸਟਰ ਸਾਹਿਬ ਨੋਕ ਝੋਕ ਕਰ ਰਹੇ ਸੀ। ਮੇਰਾ ਸਵਾਲ ਵੀ ਹੈਲਥ ਤੋਂ ਰਿਲੇਟਿਡ ਹੈ। ਪਿੰਡਾਂ ਦੇ ਵਿੱਚ ਜ਼ਿਆਦਾਤਰ ਅਸੀਂ ਦੇਖਦੇ ਹਾਂ ਕਿ ਸਾਡੇ ਪਿੰਡਾਂ ਦੇ ਆਰ.ਐਮ.ਪੀ ਡਾਕਟਰ ਬੈਠੇ ਹੋਏ ਹਨ। ਪੇਂਡੂ ਲੈਵਲ ਦੇ ਉੱਤੇ ਜਿਹੜੇ ਪਰੈਕਟਿਸ ਕਰਦੇ ਹਨ, ਉਹ ਇਲਾਜ ਕਰਦੇ ਹਨ। ਲੇਕਿਨ ਕਾਫੀ ਲੰਮੇ ਸਮੇਂ ਤੋਂ ਉਨ੍ਹਾਂ ਦੀਆਂ ਮੰਗਾਂ ਹਨ ਕਿ

ਸਾਡੀ ਇਸ ਤਰ੍ਹਾਂ ਦੀ ਕੋਈ ਪਰਪੋਜ਼ਲ ਤਿਆਰ ਕੀਤੀ ਜਾਵੇ ਕਿ ਜਿਹੜੀਆਂ ਸਾਡੀਆਂ ਸੇਵਾਵਾਂ ਹਨ, ਇਨ੍ਹਾਂ ਨੂੰ ਲੀਗਲਾਈਜ਼ ਕੀਤਾ ਜਾਵੇ। ਕਿਸੇ ਵੀ ਤਰੀਕੇ ਨਾਲ ਸਾਨੂੰ ਸਰਕਾਰ ਦੇ ਕੰਮ ਕਾਜ ਦੇ ਵਿੱਚ ਸ਼ਾਮਲ ਕੀਤਾ ਜਾਵੇ। ਸਰ, 1999 ਦੇ ਵਿੱਚ ਪੰਜਾਬ ਸਰਕਾਰ ਵੱਲੋਂ ਇੱਕ ਚਿੱਠੀ ਜਾਰੀ ਕੀਤੀ ਗਈ ਸੀ, ਉਸ ਚਿੱਠੀ ਦੇ ਵਿੱਚ ਇਹ ਪਰਪੋਜ਼ਲ ਸੀ ਕਿ ਇਹ ਜਿਹੜੇ ਆਰ.ਐਮ.ਪੀ ਅਤੇ ਪਿੰਡਾਂ ਦੇ ਜਿਹੜੇ ਡਾਕਟਰਜ਼ ਹਨ, ਇਨ੍ਹਾਂ ਨੂੰ ਕੋਈ ਮੈਡੀਕਲ ਸਿਖਲਾਈ ਦੇ ਕੇ ਇਨ੍ਹਾਂ ਨੂੰ ਮੈਡੀਕਲ ਅਸਿਸਟੈਂਟ ਬਣਾ ਕੇ ਇਨ੍ਹਾਂ ਦੀਆਂ ਸੇਵਾਵਾਂ ਲਈਆਂ ਜਾ ਸਕਦੀਆਂ ਹਨ। ਲੇਕਿਨ ਸਿਰਫ ਇੱਕ ਚਿੱਠੀ ਜਾਰੀ ਹੋਈ ਸੀ। ਉਸ ਬਾਰੇ ਕੋਈ ਨੋਟੀਫਿਕੇਸ਼ਨ ਜਾਰੀ ਨਾ ਹੋਣ ਕਰਕੇ ਇਨ੍ਹਾਂ ਦਾ ਜਿਹੜਾ ਭਵਿੱਖ ਸੀ ਉਹ ਧੁੰਧਲਾ ਹੋ ਗਿਆ। ਐਰ.ਐਮ.ਪੀ ਡਾਕਟਰਜ਼ ਪੂਰੇ ਪੰਜਾਬ ਵਿੱਚ ਲਗਾਤਾਰ ਵੱਖ ਵੱਖ ਸਰਕਾਰਾਂ ਦੇ ਵਿੱਚ ਵੱਖ ਵੱਖ ਐਮ.ਐਲ.ਏ ਸਾਹਿਬਾਨਾਂ ਨੂੰ ਆਪਣੇ ਮੰਗ ਪੱਤਰ ਵੀ ਦਿੰਦੇ ਰਹੇ ਸਨ। ਜਦੋਂ ਆਮ ਆਦਮੀ ਪਾਰਟੀ ਇਲੈਕਸ਼ਨ ਦੇ ਵਿੱਚ ਸੀ ਤਾਂ ਇਹ ਆਰ.ਐਮ.ਪੀ. ਡਾਕਟਰਜ਼ ਦੀ ਯੂਨੀਅਨ ਨੇ ਵੱਡੇ ਪੱਧਰ ਤੇ ਆਮ ਆਦਮੀ ਪਾਰਟੀ ਦੀ ਇਲੈਕਸ਼ਨ ਕੰਪੇਨ ਨੂੰ ਪਰਮੋਟ/ਸੁਪਰੋਟ ਕੀਤਾ ਸੀ। ਜਿਸ ਦੇ ਸਦਕਾ ਅੱਜ ਆਮ ਆਦਮੀ ਪਾਰਟੀ ਸਰਕਾਰ ਦੇ ਵਿੱਚ ਹੈ। ਮੈਂ ਆਪ ਜੀ ਦੇ ਰਾਹੀਂ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਇਹ ਅਪੀਲ ਕਰਾਂਗਾ ਕਿ ਜਿਹੜੇ ਇਹ ਆਰ.ਐਮ.ਪੀ ਡਾਕਟਰਜ਼ ਹਨ , ਇਨ੍ਹਾਂ ਦੀ ਕੋਈ ਇਸ ਤਰ੍ਹਾਂ ਦੀ ਪਰਪੋਜ਼ਲ ਤਿਆਰ ਕੀਤੀ ਜਾਵੇ ਕਿ ਇਨ੍ਹਾਂ ਨੂੰ ਮੈਡੀਕਲ ਐਜੂਕੇਸ਼ਨ ਦੇ ਕੇ ਜਾਂ ਮੈਡੀਕਲ ਸਿਖਲਾਈ ਦੇ ਕੇ ਇਨ੍ਹਾਂ ਦੀਆਂ ਸੇਵਾਵਾਂ ਲੈ ਸਕੀਏ ਅਤੇ ਜਿਹੜੇ ਹੈਲਥ ਡਿਪਾਰਟਮੈਂਟ ਦੇ ਵਿੱਚ ਸਾਡੇ ਕੋਲ ਜਿੱਥੇ ਮੁਲਾਜ਼ਮਾਂ ਦੀ ਘਾਟ ਹੈ, ਉਸ ਦੀ ਭਰਪਾਈ ਹੋ ਸਕੇ ਅਤੇ ਇਨ੍ਹਾਂ ਦਾ ਭਵਿੱਖ ਵੀ ਵਧੀਆ ਹੋ ਸਕੇ।

ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.): ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਮਾਨਵਤਾ ਦਾ ਦਿਲ ਧੜਕਦਾ ਹੈ। ਇਸ ਨੂੰ ਦੇਖ ਕੇ ਸੰਤੋਖ ਹੁੰਦਾ ਹੈ ਕਿ ਦੁਨੀਆਂ ਵਿੱਚ ਕਿੱਧਰੇ ਤਾਂ ਕੋਈ ਐਸਾ ਕੇਂਦਰ ਹੈ ਜਿਥੇ ਹਰ ਧਰਮ ਦੇ ਪ੍ਰਾਣੀ ਦੀ ਪਛਾਣ ਇਹੀ ਹੈ ਕਿ ਉਹ ਅਕਾਲ ਪੁਰਖ ਦੀ ਸੰਤਾਨ ਹੈ ਤੇ ਪੂਰੇ ਸਵੈ ਮਾਣ ਅਤੇ ਆਜ਼ਾਦੀ ਨਾਲ ਉਸ ਨੂੰ ਜਿਊਣ ਦਾ ਹੱਕ ਹੈ। ਉਹ ਆਪਣੀ ਜ਼ਾਤ ਜਾਂ ਦੌਲਤ ਦੇ ਕਾਰਨ ਕਿਸੇ ਨਾਲੋਂ ਵੀ ਉੱਚਾ ਸੁੱਚਾ ਜਾਂ ਨੀਵਾਂ ਨਹੀਂ ਹੈ। ਸ੍ਰੀ ਦਰਬਾਰ ਸਾਹਿਬ ਦਾ ਮਾਡਲ ਜਿਹੜਾ ਕਿ ਸ੍ਰੀ ਨਰਿੰਦਰ ਮੋਦੀ ਜੀ ਨੂੰ ਭੇਂਟ ਕੀਤਾ ਗਿਆ ਸੀ, ਅੱਜ ਇਸ ਮਾਡਲ ਦੀ ਉਨ੍ਹਾਂ ਵੱਲੋਂ ਬੋਲੀ ਲਗਾਈ ਗਈ ਹੈ। ਇਸ ਨੂੰ ਆਨ ਲਾਈਨ ਤੁਸੀਂ ਦੇਖ ਸਕਦੇ ਹੋ, ਇਸ ਦੀ ਬੋਲੀ ਲਗਾਈ ਗਈ ਹੈ। ਸ੍ਰੀ ਦਰਬਾਰ ਸਾਹਿਬ ਦਾ ਮਾਡਲ ਹਾਕਮ ਨੂੰ ਇਸ ਲਈ ਭੇਂਟ ਕੀਤਾ ਸੀ ਕਿ ਸਭ ਦੇ ਹਿਰਦਿਆਂ ਦੇ ਵਿੱਚ ਅਕਾਲ ਪੁਰਖ ਦਾ ਵਾਸਾ ਹੈ। ਇਸ ਲਈ ਕਿਸੇ ਦੇ ਦਿਲ ਨੂੰ ਦੁਖਾਉਣਾ ਅਕਾਲ ਪੁਰਖ ਨੂੰ ਸਤਾਉਣਾ ਹੈ। ਮੋਦੀ ਸਾਹਿਬ, ਇਸ ਨੂੰ ਇਕੱਲਾ ਹੀ ਮਾਡਲ ਨਾ ਸਮਝ ਲੈਣਾ, ਇਹ ਸਿੱਖਾ ਦਾ ਸਾਰਾ ਕੁਝ ਹੈ, ਦਿਲ ਵੀ ਹੈ, ਦਿਮਾਗ ਵੀ ਹੈ, ਧਰਮ ਵੀ ਹੈ, ਤਕਦੀਰ ਵੀ ਹੈ, ਤਾਬੀਰ ਵੀ ਹੈ, ਜ਼ਿੰਦ ਵੀ ਹੈ, ਜਾਨ ਵੀ ਹੈ, ਈਮਾਨ ਵੀ ਹੈ, ਨਿਸ਼ਾਨ ਵੀ ਹੈ ਤੇ ਸ਼ਾਨ ਵੀ ਹੈ। ਸੋ ਮੈਂ ਤੁਹਾਡੇ ਜ਼ਰੀਏ ਇਹ ਦੱਸਣਾ ਚਾਹੁੰਦਾ ਹਾਂ ਅਤੇ ਕੇਂਦਰ ਸਰਕਾਰ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਅਤੇ ਅਸੀਂ ਸਾਰੇ ਜਾਣੇ ਰੱਲ ਮਿਲ ਕੇ ਕਿਉਂਕਿ ਇਹ ਸਾਡਾ ਮਾਨਵਤਾ ਦਾ ਰੂਹਾਨੀ ਕੇਂਦਰ ਹੈ ਇਸ ਨੂੰ ਕਿਸੇ ਵੀ ਨਿਲਾਮੀ ਦੇ ਉੱਤੇ ਨਹੀਂ ਲਗਾਇਆ ਜਾ ਸਕਦਾ। ਇਸ ਦਾ ਸਾਡੇ ਕੋਲ ਕੋਈ ਮੁੱਲ ਨਹੀਂ ਹੈ। ਆਪਾਂ ਸਾਰੇ ਜਣੇ ਕੇਂਦਰ ਸਰਕਾਰ ਨੂੰ ਲਿਖੀਏ, ਭੇਜੀਏ ਕਿ ਇਸ ਨੂੰ ਨਿਲਾਮੀ ਤੋਂ ਹਟਾਇਆ ਜਾਵੇ ਤਾਂ ਕਿ ਦੱਸੀਏ ਕਿ ਸਾਡੇ ਸਿੱਖਾਂ ਦੇ ਹਿਰਦੇ ਇਸ ਦੇ ਨਾਲ ਵਲੂੰਧਰੇ ਗਏ ਹਨ ਅਤੇ ਕੇਂਦਰ ਸਰਕਾਰ ਨੂੰ ਇਸ ਦੀ ਤੁਰੰਤ ਮੁਆਫੀ ਮੰਗਣੀ ਚਾਹੀਦੀ ਹੈ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਜ਼ੀਰੋ ਆਵਰ ਸਾਡਾ ਹੁੰਦਾ ਜੀ।

ਮਾਣਯੋਗ ਸਪੀਕਰ : ਹੋ ਜਾਏਗਾ ਜੀ।

ਸਰਦਾਰ ਕੁਲਵੰਤ ਸਿੰਘ ਬਾਜ਼ੀਗਰ (ਸ਼ੁਤਰਾਣਾ, ਐਸ.ਸੀ.): ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

0335/amandeep kaur/BS khokhar

0340/Tarlochan Singh

ਸਪੀਕਰ ਸਾਹਿਬ, ਪਿਛਲੇ ਸਮੇਂ ਜੀਰੀ ਦੇ ਸੀਜ਼ਨ ਵਿੱਚ ਕਾਡੀ ਵੱਡਾ ਹੜ੍ਹ ਆਇਆ ਸੀ। ਜਿੱਥੇ ਫਸਲਾਂ ਤਬਾਹ ਹੋ ਗਈਆਂ ਸਨ, ਉਥੇ ਰੋਡਜ਼ ਵੀ ਨੁਕਸਾਨੇ ਗਏ ਸਨ। ਬੜੇ ਵੱਡੇ ਵੱਡੇ ਖੱਡੇ ਪੈ ਗਏ ਸਨ। ਉਨ੍ਹਾਂ ਚੀਜ਼ਾਂ ਨੂੰ ਦੇਖਦਿਆਂ ਮੈਂ ਧੰਨਵਾਦ ਕਰਦਾ ਹਾਂ ਮੁੱਖ ਮੰਤਰੀ ਸਾਹਿਬ ਦਾ ਕਿ ਜਿਨ੍ਹਾਂ ਨੇ ਨਾਲ ਦੀ ਨਾਲ ਹੀ ਫੈਸਲਾ ਲਿਆ ਕਿ ਜਿਹੜੇ ਇਹ ਰੋਡਜ਼ ਸਨ, ਇਹ ਟੁੱਟਣੇ ਨਹੀਂ ਸਨ ਜੇਕਰ ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਨੇ ਇਹ ਰੋਡਜ਼ ਪੁਲੀਆਂ ਬਣਾ ਕੇ, ਸਾਈਫਨ ਬਣਾ ਕੇ ਬਣਾਏ ਹੁੰਦੇ। ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਅਤੇ ਸਬੰਧਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰੋਡਜ਼ ਕਾਫੀ ਨੁਕਸਾਨੇ ਗਏ ਹਨ, ਇਨ੍ਹਾਂ ਨੂੰ ਬਹੁਤ ਜਲਦੀ ਦੁਬਾਰਾ ਠੀਕ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ।

ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) : ਧੰਨਵਾਦ ਸਪੀਕਰ ਸਾਹਿਬ। ਮੈਂ ਦੋ ਚੀਜ਼ਾਂ ਤੁਹਾਡੇ ਧਿਆਨ ਵਿੱਚ ਲਿਆਉਣੀਆਂ ਚਾਹੁੰਦਾ ਹਾਂ। ਇੱਕ ਤਾਂ ਜਿਹੜੀ ਮਾਈਨਿੰਗ ਹੈ, ਹਾਲਾਤ ਇੱਥੋਂ ਤੱਕ ਹੋ ਗਏ ਹਨ ਕਿ ਜਿਹੜਾ ਭੋਲਾ ਡਰੱਗ ਕੇਸ ਹੋਇਆ ਹੈ, ਤੁਹਾਨੂੰ ਯਾਦ ਹੋਵੇਗਾ ਕਿ ਇੱਕ ਬਹੁਤ ਵੱਡਾ ਕੇਸ ਹੋਇਆ, ਉਸ ਵਿੱਚ ਈ.ਡੀ. ਨੇ ਜੋ ਜ਼ਮੀਨ ਅਟੈਚ ਕੀਤੀ ਹੈ, ਉਸ ਤੇ ਤਾਜ਼ਾ ਮਾਈਨਿੰਗ ਹੋ ਰਹੀ ਹੈ ਅਤੇ ਹੋ ਵੀ ਕਿਨ੍ਹਾਂ ਦੇ ਹਲਕੇ ਵਿੱਚ ਰਹੀ ਹੈ? ਸਾਡੇ ਹਰਜੋਤ ਬੈਂਸ ਜੀ, ਆਨਰੇਬਲ ਮਨਿਸਟਰ ਸਾਹਿਬ ਦੇ ਹਲਕੇ ਵਿੱਚ।

ਦੂਜਾ, ਜਿਹੜਾ 1158 ਲੈਕਚਰਾਰ, ਜਿਨ੍ਹਾਂ ਵਿੱਚੋਂ ਸਾਡੀ ਇੱਕ ਭੈਣ ਨੇ ਸੁਸਾਇਡ ਕਰ ਲਿਆ ਹੈ। ਸਪੀਕਰ ਸਾਹਿਬ, ਇਹ ਪਹਿਲਾ ਹੀ ਕੇਸ ਹੋਣਾ ਹੈ ਕਿ ਜਿਸ ਨੇ ਸੁਸਾਇਡ ਕੀਤਾ ਹੈ ਅਤੇ ਪੁਲਿਸ ਇੰਨੀ ਕਾਹਲੀ ਸੀ ਕਿ ਉਨ੍ਹਾਂ ਦੇ ਪਰਿਵਾਰ ਤੇ ਪਰਚਾ ਦਰਜਾ ਕਰ ਦਿੱਤਾ। I talked to DGP, IG and SSP, ਮੈਂ ਕਿਹਾ ਯਾਰ ਕਮ ਸੇ ਕਮ ਪੰਜਾਬ ਦੇ ਹਾਲਾਤ ਇੰਨੇ ਤਾ ਮਾੜੇ ਨਾ ਕਰੋ। ਮੈਨੂੰ ਇਸ ਗੱਲ ਦੀ ਸਮਝ ਹੈ ਕਿ ਜਿਹੜਾ ਉਨ੍ਹਾਂ ਨੇ ਨੋਟ ਲਿਖਿਆ ਸੀ, ਉਸ ਵਿੱਚ ਹਰਜੋਤ ਬੈਂਸ ਜੀ ਦਾ ਨਾਂ ਵੀ ਸੀ ਪਰ ਜਿਹੜੀ ਸਰਕਾਰ ਹੁੰਦੀ ਹੈ ਇਹ ਮਾਂ ਪਿਉ ਹੁੰਦੀ ਹੈ ਪਰ ਇਨ੍ਹਾਂ ਦੀ ਐਰੋਗੈਂਸੀ ਇੰਨੀ ਹੈ ਕਿ ਡੇਢ ਸਾਲ ਉਨ੍ਹਾਂ ਬੱਚਿਆਂ ਨੂੰ ਸੁਣਿਆ ਤੱਕ ਨਹੀਂ ਹੈ। ਮੈਂ ਇੱਕ ਇਨੀਸ਼ੀਏਟਿਵ ਲਿਆ ਸੀ, 25 ਸਾਲ ਹਾਇਰ ਐਜੂਕੇਸ਼ਨ ਵਿੱਚ ਭਰਤੀ ਨਹੀਂ ਸੀ ਹੋਈ। ਹੋ ਸਕਦਾ ਹੈ ਕਿ ਕੁਝ ਗਲਤੀਆਂ ਵੀ ਹੋਈਆਂ ਹੋਣਗੀਆਂ, ਬਿਊਰੋਕਰੇਟਿਕ ਲੈਵਲ ਤੇ ਹੋਈਆਂ ਹੋਣਗੀਆਂ ਪਰ ਉਸ ਦੀ ਕੁਰੈਕਸ਼ਨ ਕਰ ਲੈਣੀ ਚਾਹੀਦੀ ਹੈ। ਇਹ ਆਪਣੇ ਹੀ

ਬੱਚੇ ਹਨ, ਜਿਨ੍ਹਾਂ ਨੇ ਸਾਡੇ ਕਾਲਜਾਂ ਵਿੱਚ ਪੜ੍ਹਾਉਣਾ ਸੀ। ਇਹ ਲੜਕੀ ਇੰਨੀ ਬ੍ਰਿਲਿਐਂਟ ਸੀ ਕਿ ਜਦੋਂ 2004 ਵਿੱਚ ਰਵੀ ਸਿੱਧੂ ਵਾਲਾ ਕਾਂਡ ਹੋਇਆ ਸੀ, ਉਦੋਂ ਵੀ ਭਰਤੀ ਹੋਈ ਅਤੇ ਹੁਣ ਵੀ ਭਰਤੀ ਹੋਈ ਲੇਕਿਨ ਬਦਕਿਸਮਤੀ ਕਿ ਇਹ ਕਾਲਜ ਵਿੱਚ ਪੜ੍ਹਾ ਨਹੀਂ ਸਕੀ।

ਉਸ ਤੋਂ ਬਾਅਦ ਜਿਹੜਾ ਮਜ਼ਾਕ ਹੋਇਆ, ਇੱਥੇ ਬਿਊਰੋਕਰੇਟਸ ਬੈਠੇ ਹਨ। (ਇੱਕ ਚਿੱਠੀ ਲਹਿਰਾਉਂਦੇ ਹੋਏ) ਇਸ ਚਿੱਠੀ ਦੀ 13 ਸਾਲ ਬਾਅਦ ਅਹਿਮੀਅਤ ਕੀ ਹੋਵੇਗੀ ਜਦੋਂ ਉਸ ਦੀ ਲੜਕੀ 18 ਸਾਲ ਦੀ ਹੋਵੇਗੀ। ਮੈਨੂੰ ਪਰਸੋਨਲ ਵਿਭਾਗ ਦਾ ਕੋਈ ਬੰਦਾ ਦੱਸ ਦੇਵੇ ਕਿ ਇਸ ਚਿੱਠੀ ਦੀ ਕੋਈ ਅਹਿਮੀਅਤ ਹੈ ਕਿ ਨਹੀਂ? ਉਨ੍ਹਾਂ ਨੂੰ ਨਹੀਂ ਪਤਾ ਹੈ। ਤੁਸੀਂ ਫੈਸਲਾ ਕਰ ਲਿਆ ਅਤੇ ਮੈਨੂੰ ਪਤਾ ਕਿ ਫੈਸਲੇ ਕਿਸ ਤਰ੍ਹਾਂ ਹੁੰਦੇ ਹਨ। ਫੈਸਲੇ ਪ੍ਰੈਸ਼ਰ ਥੱਲੇ ਹੁੰਦੇ ਹਨ। ਮੰਤਰੀ ਸਾਹਿਬ, ਇਸ ਤਰ੍ਹਾਂ ਦੀ ਐਰੋਗੈਂਸ ਨਾ ਵਰਤੋ। ਮੈਂ ਨਹੀਂ ਕਹਿੰਦਾ ਕਿ ਮੈਂ ਬਹੁਤ 100% ਠੀਕ ਕੀਤਾ ਹੈ, ਹੋ ਸਕਦਾ ਹੈ ਕਿ ਗਲਤੀਆਂ ਹੋਈਆਂ ਹੋਣ ਪਰ ਉਨ੍ਹਾਂ ਬੱਚਿਆਂ ਨੂੰ ਸੁਣੋ ਤਾਂ ਸਹੀ।

ਮਾਣਯੋਗ ਸਪੀਕਰ : ਠੀਕ ਹੈ, ਤੁਹਾਡੀ ਗੱਲ ਆ ਗਈ ਹੈ।

ਸਰਦਾਰ ਪਰਗਟ ਸਿੰਘ ਪੋਆਰ : ਸਰ, ਇੱਕ ਮਿੰਟ ਠਹਿਰ ਜਾਉ ਜੀ। ਇੱਕ ਮਿੰਟ।

ਮਾਣਯੋਗ ਸਪੀਕਰ : ਗੱਲ ਇਹੋ ਹੈ ਕਿ ਕੋਈ ਹੋਰ ਵੀ ਹੈ?

ਸਰਦਾਰ ਪਰਗਟ ਸਿੰਘ ਪੋਆਰ : ਇੱਕ ਹੋਰ ਗੱਲ ਹੈ ਜੀ।

ਮਾਣਯੋਗ ਸਪੀਕਰ : ਇੱਕੋ ਹੀ ਗੱਲ ਕਰਨੀ ਹੁੰਦੀ ਹੈ। ਆਪਾਂ ਬਾਕੀਆਂ ਤੋਂ ਵੀ ਕਰਵਾ ਲਈਏ।

ਸਰਦਾਰ ਪਰਗਟ ਸਿੰਘ ਪੋਆਰ : ਮੈਂ ਸਿਰਫ ਇੱਕ ਹੀ ਹੋਰ ਗੱਲ ਕਰਨੀ ਹੈ ਕਿਉਂਕਿ ਗੁਰਦੁਆਰਾ ਸਾਹਿਬ, ਸੁਲਤਾਨਪੁਰ ਲੋਧੀ ਦੀ ਗੱਲ ਹੈ ਜੀ। ਦੋ ਪੱਤਰਕਾਰਾਂ ਨੂੰ ਉਥੇ ਕੁੱਟਿਆ ਗਿਆ।

ਮਾਣਯੋਗ ਸਪੀਕਰ : ਉਥੋਂ ਦਾ ਵੀ ਕੋਈ ਐਮ.ਐਲ.ਏ. ਵੀ ਹੋਵੇਗਾ। ਕੋਈ ਨੇੜੇ ਤੇੜੇ ਦਾ ਐਮ.ਐਲ.ਏ. ਵੀ ਹੋਵੇਗਾ।

ਸਰਦਾਰ ਪਰਗਟ ਸਿੰਘ ਪੋਆਰ : ਮੈਂ ਤਾਂ ਉਥੇ ਜਾ ਕੇ ਆਇਆ ਹਾਂ ਜੀ। ਚਲੋ, ਉਥੇ ਹੋਰ ਕੋਈ ਤਾਂ ਨਹੀਂ ਗਿਆ। ਮੈਂ ਤਾਂ ਸਿਰਫ ਇਸ ਕਰਕੇ ਦੱਸਣਾ ਚਾਹੁੰਦਾ ਹਾਂ....

(ਇਸ ਸਮੇਂ ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ।)

ਸਰਦਾਰ ਪਰਗਟ ਸਿੰਘ ਪੋਆਰ : ਮੰਤਰੀ ਸਾਹਿਬ, ਬੱਸ, ਇੱਕ ਮਿੰਟ। ਤੁਸੀਂ ਬਾਅਦ ਵਿੱਚ ਜੋ ਕੁਝ ਕਹਿਣਾ ਕਹਿ ਲੈਣਾ, ਮੈਨੂੰ ਕੋਈ ਪ੍ਰਾਬਲਮ ਨਹੀਂ ਹੋਵੇਗੀ।

ਸਵੇਰੇ ਸਾਢੇ 5 ਵਜੇ ਦੋ ਪੱਤਰਕਾਰਾਂ ਨੂੰ ਕੁੱਟਿਆ ਗਿਆ। ਇਹ ਦੋ ਧਿਰਾਂ ਦੀ ਲੜਾਈ ਹੈ, ਇਸ ਵਿੱਚ ਇੰਨੀ ਵੱਡੀ ਕਿਹੜੀ ਗੱਲ ਹੈ? ਇਸ ਤਰ੍ਹਾਂ ਦੀਆਂ ਗਲਤੀਆਂ ਪਿਛਲੀਆਂ ਸਰਕਾਰਾਂ ਨੇ ਵੀ ਕੀਤੀਆਂ। ਉਸ ਦਾ ਮੋਬਾਇਲ ਇਸ ਕਰਕੇ ਖੋਹਿਆ ਗਿਆ ਕਿ ਉਸ ਵਿੱਚ ਜਿਹੜੀਆਂ ਵੀਡਿਉਜ਼ ਬਣੀਆਂ ਸਨ, ਉਸ ਵਿੱਚ ਕਈ ਸੌ ਰਾਊਂਡ ਚਲਾਏ ਗਏ ਸਨ। ਪਹਿਲਾਂ ਤਾਂ ਪੁਲਿਸ ਕਹਿੰਦੀ ਸੀ ਕਿ ਅਸੀਂ ਤਾਂ ਉਥੇ ਅੰਦਰ ਹੀ ਨਹੀਂ ਗਏ ਪਰ ਉਹ ਅੰਦਰ ਵੀ ਗਏ ਹਨ। ਕਿਤੇ ਨਾ ਕਿਤੇ ਮਾਈਨਿੰਗ ਦੀ ਵੀ ਗੱਲ ਹੈ। ਅੱਜ ਤੱਕ ਮੇਰੇ ਹਲਕੇ ਵਿੱਚ ਕਦੇ ਮਾਈਨਿੰਗ ਨਹੀਂ ਸੀ ਹੋਈ ਕਿਉਂਕਿ ਉਥੇ ਕੋਈ ਦਰਿਆ ਹੀ ਨਹੀਂ ਲੰਘਦਾ। ਸਪੀਕਰ ਸਾਹਿਬ, ਹਾਊਸ ਦੀ ਕੋਈ ਕਮੇਟੀ ਬਣਾ ਦਿਉ ਜਿਹੜੀ ਕਿ ਮੇਰੇ ਹਲਕੇ ਵਿੱਚ ਜਾ ਕੇ ਇਹ ਦੇਖ ਲਵੇ ਕਿ ਕਿੰਨੇ ਕਿੰਨੇ ਫੁੱਟ ਮਾਈਨਿੰਗ ਹੋਈ ਹੈ।

ਮਾਣਯੋਗ ਸਪੀਕਰ : ਠੀਕ ਹੈ ਜੀ, ਧੰਨਵਾਦ।

(ਇਸ ਸਮੇਂ ਸਰਦਾਰ ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਮੰਤਰੀ ਆਪਣੀ ਸੀਟ ਤੇ ਖੜ੍ਹੇ ਬੋਲਣ ਲਈ ਆਗਿਆ ਮੰਗ ਰਹੇ ਸਨ।)

ਮਾਣਯੋਗ ਸਪੀਕਰ : ਮੰਤਰੀ ਜੀ ਜ਼ੀਰੋ ਆਵਰ ਵਿੱਚ ਜਵਾਬ ਨਹੀਂ ਹੁੰਦਾ।

ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ) : ਮਾਣਯੋਗ ਸਪੀਕਰ ਸਾਹਿਬ, ਬਹੁਤ ਜ਼ਰੂਰੀ ਹੈ। ਨਹੀਂ ਤਾਂ ਇਹ ਕਹਿਣਗੇ ਕਿ ਬੋਲਦਾ ਨਹੀਂ ਹੈ।

ਮਾਣਯੋਗ ਸਪੀਕਰ : ਠੀਕ ਹੈ ਜੀ।

ਉਚੇਰੀ ਸਿੱਖਿਆ ਮੰਤਰੀ : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। (ਵਿਘਨ) (ਸ਼ੋਰ)

ਮਾਣਯੋਗ ਸਪੀਕਰ : ਪਹਿਲਾਂ ਕਹਿੰਦੇ ਹੋ ਕਿ ਜਵਾਬ ਨਹੀਂ ਦਿੰਦੇ, ਹੁਣ ਦੇਣ ਲੱਗੇ ਹਨ ਤਾਂ ਕਹਿੰਦੇ ਹੋ ਕਿ ਬੋਲਣਾ ਨਹੀਂ ਚਾਹੀਦਾ।

ਉਚੇਰੀ ਸਿੱਖਿਆ ਮੰਤਰੀ : ਮਾਣਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਮੈਂ ਸਾਰੇ ਮੈਂਬਰ ਸਾਹਿਬਾਨ ਤੋਂ ਮੁਆਫੀ ਮੰਗਦਾ ਹਾਂ ਕਿ ਮੈਂ ਉਨ੍ਹਾਂ ਦੇ ਜ਼ੀਰੋ ਆਵਰ ਦੇ ਕੀਮਤੀ ਸਮੇਂ ਵਿੱਚੋਂ 5 ਮਿੰਟ ਦਾ ਸਮਾਂ ਲਵਾਂਗਾ।

0340/Tarlochan Singh/Rajneesh kumar

0345/mehak

ਪਰ ਇਹ ਬਹੁਤ ਗੰਭੀਰ ਮਸਲੇ ਹਨ। ਮਾਣਯੋਗ ਸਪੀਕਰ ਸਾਹਿਬ, ਇਲਜ਼ਾਮ ਲਗਾਉਣੇ ਸੌਖੇ ਹਨ, ਅੱਜ ਪੰਜਾਬ ਨੂੰ ਪਤਾ ਲਗੇ ਕਿ ਅਸਲੀ ਕਾਤਿਲ ਕੌਣ ਹੈ। ਇਨ੍ਹਾਂ ਨੇ ਬੜੀ ਅਸਾਨੀ ਨਾਲ ਕਹਿ ਦਿੱਤਾ ਕਿ ਸਾਡੇ ਹਲਕੇ ਵਿੱਚੋਂ ਤਾਂ

ਦਰਿਆ ਵਗਦਾ ਨਹੀਂ ਹੈ। ਪੰਜਾਬ ਦਾ 70% ਗਰੇਵਲ ਤੇ ਸੈਂਡ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਜਾਂ ਪਠਾਨਕੋਟ ਤੋਂ ਆਉਂਦਾ ਹੈ। ਮੇਰੇ ਭਾਣੇ ਅੱਜ ਇਹ ਸਾਰੇ ਲਿਖ ਕੇ ਦੇ ਦੇਣ ਕਿ ਇਨ੍ਹਾਂ ਦੇ ਹਲਕੇ ਵਿੱਚ ਕੋਈ ਸੜਕ, ਕੋਈ ਘਰ ਦੀ ਲੋੜ ਨਹੀਂ ਹੈ ਤੇ ਮੈਂ ਤਾਂ ਆਪ ਕਹਿੰਦਾ ਹਾਂ ਕਿ ਮੇਰੇ ਹਲਕੇ ਵਿੱਚੋਂ ਮਾਈਨਿੰਗ ਬੰਦ ਹੋਵੇ। ਸਾਡੇ ਤਾਂ ਪਾਣੀ ਡੂੰਘਾ ਹੋਈ ਜਾ ਰਿਹਾ ਹੈ। ਸਰ, ਕਹਿਣਾ ਬਹੁਤ ਸੌਖਾ ਹੈ, ਕਿਸੇ ਦਾ ਚਾਚਾ ਹੈ ਜਾਂ ਫਲਾਣਾ ਹੈ ਤਾਂ ਉਹ ਸਾਬਿਤ ਕਰ ਦੇਣ I am ready to face any polygraph test, narco test. ਹਰਜੋਤ ਬੈਂਸ ਇਮਾਨਦਾਰੀ ਨਾਲ ਇਹ ਸਹੁੰ ਖਾਂਦਾ ਹੈ। ਸਰ, ਮੈਂ ਮਾਈਨਿੰਗ ਮਨਿਸਟਰ ਰਿਹਾ ਹਾਂ, ਅੱਜ ਤੱਕ ਦਾ ਪੰਜਾਬ ਦਾ ਹਾਈਐਸਟ ਰੈਵੇਨਿਊ ਸਿਰਫ ਸਾਡੇ ਕਾਲ ਵਿੱਚ ਸੀ.ਐਮ. ਸਾਹਿਬ ਦੀ ਦੇਖ ਰੇਖ ਵਿੱਚ ਹੋਇਆ ਹੈ। ਮਾਈਨਿੰਗ ਮਾਫੀਆ ਦਾ ਇੱਕੋ ਹੀ ਵੱਡਾ ਬੰਦਾ ** ** ਨੂੰ ਹਰਜੋਤ ਬੈਂਸ ਨੇ ਬਤੌਰ ਮਾਈਨਿੰਗ ਮਨਿਸਟਰ ਅੰਦਰ ਪਾਇਆ ਹੈ। ** ** ਕਿਸ ਦੇ ਨਾਲ ਬੈਠ ਕੇ ਪੀ.ਸੀ. ਕਰਦਾ ਹੈ, ਇੱਕ ਵਕੀਲ, ਮੇਰੇ ਹਲਕੇ ਦਾ ਬਲੈਕਮੇਲਰ ਹੈ ਜਿਸ ਦੀ ਮੇਰੇ ਕੋਲ ਆਡੀਓ ਰਿਕਾਰਡਿੰਗ ਹੈ, ਜੋ ਕਹਿੰਦਾ ਹੈ ਕਿ ** ** ਨੇ ਇੱਕ ਲੱਖ ਰੁਪਿਆ ਦੇ ਦਿੱਤਾ ਹੈ ਕੱਲ੍ਹ ਨੂੰ ਮਾਈਨਿੰਗ ਚਲਾ ਦਿਓ। ਇਹ ਬਲੈਕਮੇਲਰਾਂ ਨਾਲ ਬੈਠਦੇ ਹਨ। ਅੱਜ ਇਹ ਕਹਿ ਦੇਣ ਕਿ ਇਹ ਬੰਦ ਕਰ ਦਿੱਤਾ ਜਾਵੇ। ਜਿਸ ਬੰਦੇ ਦੀ ਈ.ਡੀ. ਵਾਲੀ ਜ਼ਮੀਨ ਤੇ ** ** ਦੇ ਪੁਰਾਣੇ ਯਾਰ ਧੋਲੇ ਵਾਲੀ ਜ਼ਮੀਨ ਤੇ ਜਿਸ ਦੀ ਅਰੈਸਟ ਹੋਈ ਹੈ, ਉਹ ਅਕਾਲੀ ਦਲ ਦਾ ਲੀਡਰ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਹੁਣ ਬੈਠ ਜਾਓ, ਯਾਰ। ਕੀ ਅਸੀਂ ਨਹੀਂ ਬੋਲ ਸਕਦੇ? ਹੁਣ ਸੁਣ ਲਓ।

ਮਾਣਯੋਗ ਸਪੀਕਰ: ਮੰਤਰੀ ਜੀ, ਚੇਅਰ ਨੂੰ ਐਡਰੈਸ ਕੀਤਾ ਜਾਵੇ। ਚੇਅਰ ਨੂੰ ਐਡਰੈਸ ਕੀਤਾ ਜਾਵੇ।

ਉਚੇਰੀ ਸਿੱਖਿਆ ਮੰਤਰੀ: ਉਹ ਅਕਾਲੀ ਦਲ ਦਾ ਲੀਡਰ ਹੈ। ਉਸ ਦੀ ** ** ਨਾਲ ਫੋਟੋ ਹੈ। ਸਰ, ਫਿਰ 1158 ਦੀ ਗੱਲ ਆਉਂਦੀ ਹੈ। ਅੱਜ 1158 ਦਾ ਅਸਲੀ ਕਾਤਿਲ ਦਾ ਪਤਾ ਲਗਿਆ ਹੈ। ਨਵੰਬਰ, 2021 ਵਿੱਚ ਜਦੋਂ ਪਤਾ ਸੀ ਕਿ ਕੋਡ ਲੱਗਣ ਨੂੰ ਕੁਝ ਦਿਨ ਰਹਿ ਗਏ ਹਨ, ਕੁਝ ਘੰਟੇ ਰਹਿ ਗਏ ਸਨ ਤਾਂ ਇਹ ਭਰਤੀ ਲੈ ਕੇ ਆ ਗਏ। ਮੈਂ ਪਰਗਟ ਸਿੰਘ ਜੀ ਦੀ ਬਹੁਤ ਇੱਜ਼ਤ ਕਰਦਾ ਸੀ ਪਰ ਜੋ ਸੱਚ ਹੈ, ਤੱਥ ਹੈ ਕਿ ਨਵੰਬਰ, 2021 ਵਿੱਚ ਭਰਤੀ ਕੱਢੀ ਜਾਂਦੀ ਹੈ। ਜੀ.ਐਨ.ਡੀ.ਯੂ. ਦੇ ਵਾਈਸ ਚਾਂਸਲਰ ਦਾ ਡਿਸੈਂਟ ਨੋਟ ਹੈ, ਉਨ੍ਹਾਂ ਨੇ ਕਹਿ ਦਿੱਤਾ ਕਿ ਤੁਸੀਂ ਗਲਤ ਤਰੀਕੇ ਨਾਲ ਭਰਤੀ ਕਰ ਰਹੇ ਹੋ ਤੇ ਇਹ ਭਰਤੀ ਕਦੇ ਪੂਰੀ ਨਹੀਂ ਹੋਣੀ ਹੈ। ਉਸ ਦੇ ਬਾਵਜੂਦ ਸਿਰਫ ਰਾਜਨੀਤਿਕ ਲਾਹੇ ਲੈਣ ਲਈ 1200 ਬੱਚਿਆਂ ਦਾ ਭਵਿੱਖ ਖਤਮ ਕਰ ਦਿੱਤਾ ਗਿਆ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਜੁਲਾਈ, 2022 ਦੀ ਹਾਈ ਕੋਰਟ ਦੀ 88 ਸਫਿਆਂ ਦੀ ਜਜਮੈਂਟ ਹੈ। ਉਸ ਵਿੱਚ ਇੱਕ ਇੱਕ ਸਫੇ ਉਤੇ ਦੱਸਿਆ ਗਿਆ ਹੈ ਕਿ ਕਿਵੇਂ ਪਰਗਟ ਸਿੰਘ ਜੀ ਨੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ। ਅਖੀਰ ਵਿੱਚ ਹਾਈ ਕੋਰਟ ਦੇ ਮਾਣਯੋਗ ਜੱਜ ਸਾਹਿਬ ਇਹ ਲਾਈਨ ਲਿਖਦੇ ਹਨ ਕਿ ਮੈਨੂੰ ਪਤਾ ਹੈ ਕਿ ਇਨ੍ਹਾਂ ਬੱਚਿਆਂ ਦੀ ਜ਼ਿੰਦਗੀ ਤਬਾਹ ਹੋਵੇਗੀ ਪਰ ਇਸ ਭਰਤੀ ਵਿੱਚ ਇੰਨੀ ਇਲਲਿਗੇਲਿਟੀ ਹੈ ਕਿ ਮੈਂ ਕਿਸੇ ਰੂਪ ਵਿੱਚ ਵੀ ਇਸ ਭਰਤੀ ਨੂੰ ਮੁਕੰਮਲ ਨਹੀਂ ਕਰ ਸਕਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪਰਗਟ ਸਿੰਘ ਪੋਆਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਉਚੇਰੀ ਸਿੱਖਿਆ ਮੰਤਰੀ: ਇੱਕ ਸੈਕਿੰਡ, ਇੱਕ ਸੈਕਿੰਡ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਣਯੋਗ ਸਪੀਕਰ: ਇੱਕ ਮਿੰਟ ਮੰਤਰੀ ਜੀ, ਬੈਠੋ, ਬੈਠੋ। ਪਰਗਟ ਸਿੰਘ ਜੀ।

ਸਰਦਾਰ ਪਰਗਟ ਸਿੰਘ ਪੋਆਰ: ਸਪੀਕਰ ਸਾਹਿਬ, learned ਮੰਤਰੀ ਸਾਹਿਬ ਨੂੰ ਇਹ ਪੁੱਛ ਲਓ ਕਿ ਇਨ੍ਹਾਂ ਨੇ ਰੀਵਿਊ ਪਟੀਸ਼ਨ ਪਾਈ ਹੈ, ਰੀਵਿਊ ਪਟੀਸ਼ਨ ਕਦੋਂ ਪੈਂਦੀ ਹੈ। ਰੀਵਿਊ ਪਟੀਸ਼ਨ ਇਨ੍ਹਾਂ ਨੇ ਖੁਦ ਪਾਈ ਹੈ ਲੇਕਿਨ ਸਿਰਫ ਇਨ੍ਹਾਂ ਨੂੰ ਇੰਨੀ ਤਕਲੀਫ ਹੈ ਕਿ ਜੇ ਉਹ 1158 ਭਰਤੀ ਹੋ ਜਾਣਗੇ ਤਾਂ ਕਿਤੇ ਪੁਰਾਣੀ ਸਰਕਾਰ ਨਾ ਆ ਜਾਵੇ।

ਮਾਣਯੋਗ ਸਪੀਕਰ: ਤੁਹਾਡੀ ਗੱਲ ਆ ਗਈ ਹੈ ਜੀ। ਮੰਤਰੀ ਜੀ।

ਉਚੇਰੀ ਸਿੱਖਿਆ ਮੰਤਰੀ: ਮਾਣਯੋਗ ਸਪੀਕਰ ਸਾਹਿਬ, ਮੈਂ ਜਨਵਰੀ, 2023 ਵਿੱਚ ਹਾਇਰ ਐਜੂਕੇਸ਼ਨ ਮਨਿਸਟਰ ਬਣਿਆ ਹਾਂ। We went into LPA. ਮੈਂ ਉਦੋਂ ਇਸ ਕਰਕੇ ਨਹੀਂ ਬੋਲਿਆ ਤਾਂ ਕਿ ਉਨ੍ਹਾਂ ਬੱਚਿਆਂ ਦੀ ਜ਼ਿੰਦਗੀ ਖਰਾਬ ਨਾ ਹੋਵੇ। ਅਸੀਂ ਐਲ.ਪੀ.ਏ. ਵਿੱਚ ਗਏ matter is before the Chief Justice of Punjab and Haryana High court. ਤਿੰਨ ਤਾਰੀਖਾਂ ਪਈਆਂ। ਕੋਈ ਮਨਿਸਟਰ ਨਹੀਂ ਹੋਵੇਗਾ ਜਿਹੜਾ ਹਰ ਤਾਰੀਖ ਤੋਂ ਪਹਿਲਾਂ ਉਨ੍ਹਾਂ ਬੱਚਿਆਂ ਨੂੰ ਆਪਣੇ ਘਰ ਬੁਲਾਉਂਦਾ ਹੋਵੇਗਾ ਨਾਲ ਹੀ ਏ.ਜੀ. ਆਫਿਸ ਦਾ ਵਕੀਲ ਬੁਲਾਉਂਦਾ ਹੋਵੇਗਾ। ਹਰ ਮੀਟਿੰਗ ਤੋਂ ਪਹਿਲਾਂ ਮੇਰੇ ਘਰ 9 ਵਜੇ ਮੀਟਿੰਗ ਹੁੰਦੀ ਸੀ। ਉਨ੍ਹਾਂ ਕੈਂਡੀਡੇਟਸ ਨੂੰ ਪੁੱਛ ਕੇ ਦੇਖ ਲਿਆ ਜਾਵੇ ਮੈਂ ਹਰ ਵਕਤ ਆਫਿਸ ਤੋਂ ਬੈਠ ਕੇ ਹੀਅਰਿੰਗ ਸੁਣਦਾ ਸੀ। । ਅੱਜ ਤੱਕ ਇਹੀ ਕਿਹਾ ਗਿਆ ਕਿ ਮੈਂ ਮਿਲਦਾ ਨਹੀਂ ਹਾਂ ਪਰ ਮੈਂ ਘੱਟੋ ਘੱਟ ਉਨ੍ਹਾਂ ਨੂੰ ਪੰਜਾਹ ਵਾਰੀ ਮਿਲਿਆ ਹੋਵਾਂਗਾ। ਮੇਰੇ ਕੋਲ ਹਰ ਮੀਟਿੰਗ ਦੀ ਆਡੀਓ ਵੀਡੀਓ ਰਿਕਾਰਡਿੰਗ ਹੈ। ਮੇਰੇ ਹਲਕੇ ਵਿੱਚ ਕਦੇ ਡਾਂਗ ਨਹੀਂ ਚੱਲੀ ਹੈ।

0345/mehak/Rajneesh kumar

0350/Sukhpiar Singh

ਉਹ ਪਿਛਲੇ 80 ਦਿਨ ਤੋਂ ਬੈਠੇ ਹਨ। ਇਨ੍ਹਾਂ ਵਾਂਗ ਨਹੀਂ ਕਿ ਡਾਂਗਾਂ, ਲਾਠੀਆਂ ਮਾਰੀਆਂ ਹੋਣ (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)। ਸਰ, ਅੱਜ ਹਾਊਸ ਨੂੰ ਇਹ ਵੀ ਦੱਸ ਦੇਈਏ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਉੱਚੀ ਉੱਚੀ ਬੋਲ ਰਹੇ ਸਨ।)

ਮਾਣਯੋਗ ਸਪੀਕਰ: ਠੀਕ ਹੈ ਮੰਤਰੀ ਜੀ, ਹੋ ਗਿਆ ਜੀ।

ਉਚੇਰੀ ਸਿੱਖਿਆ ਮੰਤਰੀ: ਸਰ, ਕੱਲ੍ਹ ਉਸ ਕੇਸ ਦੀ ਤਾਰੀਖ ਹੈ। (ਵਿਘਨ) (ਸ਼ੋਰ)

ਮਾਣਯੋਗ ਸਪੀਕਰ: ਠੀਕ ਹੈ ਮੰਤਰੀ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਣਯੋਗ ਸਪੀਕਰ: ਹਾਂ ਜੀ, ਰਾਜਾ ਜੀ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਬਾਜਵਾ ਸਾਹਿਬ, ਇੱਕ ਮਿੰਟ ਜੀ।

ਮਾਣਯੋਗ ਸਪੀਕਰ: ਬਾਜਵਾ ਸਾਹਿਬ, ਕੁਝ ਕਹਿਣਾ ਚਾਹੁੰਦੇ ਹਨ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਸਰ, ਜਿਹੜਾ ਮਾਈਨਿੰਗ ਦਾ ਮੁੱਦਾ ਹੈ। (ਵਿਘਨ) (ਸ਼ੋਰ) ਮੇਰੀ ਬੇਨਤੀ ਹੈ ਕਿ let us not caste aspersions on mining, ਮੈਂ ਕਹਿੰਦਾ ਹਾਂ ਕਿ ਜਿਸ ਕਿਸੇ ਨੇ ਵੀ ਕੀਤੀ ਹੈ, ਉਸ ਲਈ ਹਾਊਸ ਦੀ ਕਮੇਟੀ ਬਣਾਓ, let us visit ਹਾਊਸ ਦੀ ਕਮੇਟੀ ਜਾਵੇ, ਆਲ ਪਾਰਟੀ ਮੈਂਬਰਜ਼ ਜਾਣ। ਅਸੀਂ ਜਾ ਕੇ ਵਿਜ਼ਿਟ ਕਰੀਏ, ਭਾਵੇਂ ਸਾਡੇ ਛੋਟੇ ਵੀਰ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਗੱਲ ਕੀਤੀ ਹੈ, ਭਾਵੇਂ ਦੁਆਬੇ, ਮਾਝੇ ਜਾਂ ਮਾਲਵੇ ਦੀ ਗੱਲ ਹੈ, let that Committee go and see. There are very serious aspersions caste by the Hon'ble High Court also.

ਮਾਣਯੋਗ ਸਪੀਕਰ: ਧੰਨਵਾਦ ਜੀ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਤੁਸੀਂ ਕਿਰਪਾ ਕਰੋ। ਤੁਸੀਂ ਖੁਦ ਇਹ ਗੱਲ ਕਹੀ ਸੀ ਕਿ 20,000 ਕਰੋੜ ਰੁਪਏ ਹਰ ਸਾਲ ਦਾ ਮਾਈਨਿੰਗ ਵਿੱਚ ਹੁੰਦਾ ਹੈ। 18 ਮਹੀਨਿਆਂ ਬਾਅਦ 30,000 ਕਰੋੜ ਰੁਪਏ ਚਾਹੀਦਾ ਹੈ, 125 ਕਰੋੜ ਰੁਪਏ ਹੀ ਆਇਆ ਹੈ। ਕਿਰਪਾ ਕਰਕੇ ਇਸ ਗੱਲ ਵੱਲ ਥੋੜ੍ਹਾ ਧਿਆਨ ਦਿਉਗੇ, ਹਾਊਸ ਕਮੇਟੀ ਆਨ ਮਾਈਨਿੰਗ ਬਣਾਓ। I feel the whole House will agree.

ਮਾਣਯੋਗ ਸਪੀਕਰ: ਧੰਨਵਾਦ ਜੀ, ਧੰਨਵਾਦ। ਪੁਰੀ ਸਾਹਿਬ ਬੋਲੋ ਜੀ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਰ, ਕਮਾਲ ਹੋ ਗਈ ਜੀ।

ਮਾਣਯੋਗ ਸਪੀਕਰ: ਤੁਸੀਂ ਬੈਠੋ, ਐਲ.ਓ.ਪੀ. ਸਾਹਿਬ ਬੋਲੇ ਹਨ।

ਸ੍ਰੀ ਨਰੇਸ਼ ਪੁਰੀ (ਸੁਜਾਨਪੁਰ): ਸਪੀਕਰ ਸਾਹਿਬ, ਮੈਂ ਇਸ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਲ 2021 ਵਿੱਚ ਟੀ.ਐਸ.ਐਸ. ਕਾਡਰ ਪੁਲਿਸ ਦੀਆਂ ਭਰਤੀਆਂ ਹੋਈਆਂ ਸੀ। ਉਨ੍ਹਾਂ ਦੇ ਲਿਖਤੀ ਟੈਸਟ ਨੂੰ 14 ਮਹੀਨੇ ਹੋ ਗਏ ਹਨ ਅਤੇ ਉਨ੍ਹਾਂ ਦੇ ਮੈਡੀਕਲ ਹੋਏ ਨੂੰ ਇੱਕ ਸਾਲ ਹੋ ਗਿਆ ਹੈ। ਉਨ੍ਹਾਂ ਨੂੰ ਨਾ ਤਾਂ ਨਿਯੁਕਤੀ ਪੱਤਰ ਮਿਲ ਰਹੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਸਾਈਡ ਤੇ ਲਗਾਇਆ ਜਾ ਰਿਹਾ ਹੈ। ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਤਰ੍ਹਾਂ ਸਾਡੀ ਛੋਟੀ ਭੈਣ ਨੇ ਸੁਸਾਈਡ ਕੀਤੀ ਹੈ, ਉਸੇ ਤਰ੍ਹਾਂ 2340 ਬੱਚਿਆਂ ਦੀ ਐਪੁਆਇੰਟਮੈਂਟ ਹਈ ਹੈ, ਇਨ੍ਹਾਂ ਵੱਲ ਖਾਸ ਖਿਆਲ ਕਰਕੇ ਇਸ ਭਰਤੀ ਨੂੰ ਨੇਪਰੇ ਚਾੜ੍ਹਿਆ ਜਾਵੇ ਜੀ, ਧੰਨਵਾਦ।

ਸਰਦਾਰ ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ): ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਮੇਰੇ ਹਲਕੇ ਦੀ ਗੱਲ ਰੱਖਣ ਦਾ ਮੌਕਾ ਦਿੱਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਲਕਾ ਖਡੂਰ ਸਾਹਿਬ ਦੇ 19 ਪਿੰਡਾਂ ਵਿੱਚੋਂ ਦਿੱਲੀ ਕਟੜਾ ਐਕਸਪ੍ਰੈਸਵੇਅ ਲੰਘ ਰਿਹਾ ਹੈ, ਉਸ ਵਿੱਚ ਐਵਾਰਡ ਗਲਤ ਹੋਏ ਹਨ। ਕਈ ਜਗ੍ਹਾ ਕਿਸਾਨ ਨੂੰ ਇੱਕ ਏਕੜ ਦਾ 70 ਲੱਖ ਰੁਪਏ ਮਿਲਿਆ ਹੈ ਤੇ ਉੱਥੇ ਹੀ ਕਈ ਜਗ੍ਹਾ ਤੇ ਸਿਰਫ 38 ਲੱਖ ਰੁਪਏ ਨਾਲ ਜ਼ਮੀਨ ਐਕੁਆਇਰ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਦੀ ਮੰਗ ਹੈ ਕਿ ਸਾਨੂੰ ਵੀ ਸਾਡੇ ਨਾਲ ਦੇ ਕਿਸਾਨਾਂ ਵਾਂਗ 70 ਲੱਖ ਰੁਪਏ ਪ੍ਰਤੀ ਏਕੜ ਦਿੱਤਾ ਜਾਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਰੈਵੇਨਿਊ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਹੈ ਕਿ ਉੱਥੇ ਇਸ ਤਰ੍ਹਾਂ ਹੋਇਆ ਹੈ, ਜੇਕਰ ਨਹੀਂ ਤਾਂ ਕੀ ਉਹ ਇਸ ਵੱਲ ਹੁਣ ਧਿਆਨ ਦੇ ਕੇ ਸੈਂਟਰ ਸਰਕਾਰ ਨਾਲ ਗੱਲ ਕਰਨਗੇ ਕਿ ਉਨ੍ਹਾਂ ਨੂੰ ਵੀ ਮੁਆਵਜ਼ਾ ਰਾਸ਼ੀ ਸਹੀ ਮਿਲ ਸਕੇ। ਧੰਨਵਾਦ ਜੀ।

ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾ ਬੱਸੀ): ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਹੈ ਕਿ ਸਾਡੇ ਹਲਕੇ ਅੰਦਰ ਅੰਬਾਲੇ ਤੋਂ ਲੈ ਕੇ 25 ਪਿੰਡਾਂ ਵਿੱਚ ਜਿਹੜਾ ਗਰੀਨਵੇ ਹਾਈਵੇਅ ਬਣ ਰਿਹਾ ਹੈ, ਅਜੇ ਤੱਕ ਉਸ ਦੇ ਅਵਾਰਡਾਂ ਦਾ ਕੰਮ ਕਿਤੇ ਨਾ ਕਿਤੇ ਰੁਲਿਆ ਫਿਰਦਾ ਹੈ। ਮੇਰੇ ਹਲਕੇ ਦੇ ਕਿਸਾਨ ਪਰੇਸ਼ਾਨ ਹਨ। ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ, ਸਾਡੇ ਮੰਤਰੀ ਸਾਹਿਬ ਖੁਦ ਇਨੀਸ਼ੀਏਟਿਵ ਲੈ ਕੇ ਡੀ.ਸੀ. ਮੋਹਾਲੀ ਅਤੇ ਜਿਨ੍ਹਾਂ ਨਾਲ ਵੀ ਸੰਪਰਕ ਕਰਨਾ ਹੈ, ਉਹ ਸਾਰਾ ਕੁਝ ਜਲਦੀ ਤੋਂ ਜਲਦੀ ਕਰਕੇ ਸਮਾਧਾਨ ਕੱਢਿਆ ਜਾਵੇ। ਸਭ ਤੋਂ ਅਗਾਂਹਵਧੂ ਏਰੀਆ ਭਵਾਤ ਦਾ ਇਲਾਕਾ, ਡੇਰਾ ਬੱਸੀ ਹਲਕੇ ਦਾ ਕਿਸਾਨ ਅੱਜ ਤਰਾਹ-ਤਰਾਹ ਕਰ ਰਿਹਾ ਹੈ। ਮੈਂ ਤੁਹਾਡੇ ਤੋਂ ਆਸ ਕਰਦਾ ਹਾਂ ਕਿ ਤੁਸੀਂ ਡੇਰਾ ਬੱਸੀ ਹਲਕੇ ਦੇ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਜ਼ਰੂਰ ਦਿਵਾਉਗੇ।

ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ): ਸਪੀਕਰ ਸਾਹਿਬ, ਧੰਨਵਾਦ ਜੀ, ਤੁਸੀਂ ਬੋਲਣ ਦਾ ਮੌਕਾ ਦਿੱਤਾ ਹੈ। ਇੱਕ ਗੱਲ ਮੇਰੇ ਹਲਕੇ ਦੀ ਹੈ ਤੇ ਬਾਕੀ ਪੰਜਾਬ ਦੇ ਹਿੱਤ ਵਿੱਚ ਹਨ। ਹਲਕਾ ਗੁਰੂ ਹਰ ਸਹਾਏ ਦੇ 44 ਪਿੰਡ ਜ਼ਿਲ੍ਹਾ ਫਾਜ਼ਿਲਕਾ ਵਿੱਚ ਹਨ। ਉਸ ਕਰਕੇ ਨਾ ਤਾਂ ਸਹੂਲਤ ਉੱਧਰੋਂ ਮਿਲ ਰਹੀ ਹੈ ਅਤੇ ਨਾ ਹੀ ਇੱਧਰੋਂ ਮਿਲ ਰਹੀ ਹੈ। ਜੇ ਫਾਜ਼ਿਲਕਾ ਵਿੱਚ ਗੱਲ ਕਰਦੇ ਹਾਂ ਤਾਂ ਉਹ ਕਹਿ ਦਿੰਦੇ ਹਨ ਕਿ ਤੁਹਾਡਾ ਜ਼ਿਲ੍ਹਾ ਫਿਰੋਜ਼ਪੁਰ ਹੈ। ਜੇ ਫਿਰੋਜ਼ਪੁਰ ਦੇ ਡੀ.ਸੀ. ਸਾਹਿਬ ਨਾਲ ਗੱਲ ਕਰਦੇ ਹਨ ਤਾਂ ਉਹ ਕਹਿੰਦੇ ਹਨ ਕਿ ਉੱਧਰ ਹੈ। ਸਮੱਸਿਆ ਇਹ ਹੈ ਕਿ ਉੱਥੇ 19 ਪਿੰਡ

ਹਨ ਜਿਨ੍ਹਾਂ ਵਿੱਚ ਪੰਚਾਇਤ ਵਿਭਾਗ ਦੀਆਂ dongles ਨਹੀਂ ਚਲ ਰਹੀਆਂ, ਸਾਲ ਭਰ ਤੋਂ ਮਸਲਾ ਲਟਕਿਆ ਹੋਇਆ ਹੈ।

0350/Sukhpiar Singh/Monika sharma

0355/Manika Rani

ਬੇਨਤੀ ਹੈ ਕਿ ਉਹਦਾ ਕਿਸੇ ਪਾਸੇ ਹੱਲ ਕੱਢਿਆ ਜਾਵੇ ਜਾਂ ਜਿਹੜੀਆਂ ਉੱਥੋਂ ਦੀਆਂ 44 ਪੰਚਾਇਤਾਂ ਹਨ, ਉਨ੍ਹਾਂ ਦੀ ਵਿਲਿੰਗਨੈੱਸ ਲੈ ਲਈ ਜਾਵੇ ਕਿ ਫਾਜ਼ਿਲਕਾ ਵਿੱਚ ਰਹਿਣਾ ਹੈ ਜਾਂ ਫਿਰੋਜ਼ਪੁਰ ਵਿੱਚ ਰਹਿਣਾ ਹੈ। ਫਿਰ ਤਾਂ ਸਮੱਸਿਆ ਹੱਲ ਹੋ ਸਕਦੀ ਹੈ। ਇਸ ਤੋਂ ਇਲਾਵਾ ਜਿਸ ਤਰ੍ਹਾਂ ਪੰਜਾਬ ਸਰਕਾਰ ਸਰਕਾਰੀ ਨੌਕਰੀਆਂ ਵਿੱਚ ਭਰਤੀ ਕਰਦੀ ਹੈ, ਸਿਵਲ ਸਰਵਿਸ ਰੂਲ ਕਹਿੰਦਾ ਹੈ ਕਿ ਪੰਜ ਪ੍ਰਤੀਸ਼ਤ ਤੋਂ ਵੱਧ ਅਦਰ ਸਟੇਟ ਦੇ ਨਹੀਂ ਲੈਣੇ ਪਰ ਪਿਛਲੇ ਸਮੇਂ ਵਿੱਚ ਕਾਫੀ violation ਹੋਈ ਹੈ। ਜਿਸ ਤਰ੍ਹਾਂ ਪੁਲਿਸ ਦੀ ਭਰਤੀ ਹੋਈ ਸੀ। ਰਾਜਸਥਾਨ ਅਤੇ ਹਰਿਆਣਾ ਦੇ ਕਾਫੀ ਬੱਚੇ ਭਰਤੀ ਕੀਤੇ ਗਏ ਹਨ। ਇਸ ਨਾਲ ਸਾਡੇ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਧੁੰਦਲਾ ਪੈਂਦਾ ਹੈ। ਇਸੇ ਕਰਕੇ ਸਾਡੇ ਨੌਜਵਾਨ ਨਸ਼ਿਆਂ ਵਿੱਚ ਪੈ ਜਾਂਦੇ ਹਨ।

ਮਾਣਯੋਗ ਸਪੀਕਰ: ਥੈਂਕਿਯੂ ਜੀ, ਥੈਂਕਿਯੂ ਜੀ।

ਸਰਦਾਰ ਫੌਜਾ ਸਿੰਘ : ਸਰ, ਸਿਰਫ ਇੱਕ ਗੱਲ ਕਰਨੀ ਹੈ ਜੀ।

ਮਾਣਯੋਗ ਸਪੀਕਰ: ਮੈਂ ਤੁਹਾਨੂੰ ਦੋ ਗੱਲਾਂ ਅਲਾਓ ਕਰ ਦਿੱਤੀਆ ਹਨ। ਹੁਣ ਤੁਸੀਂ ਬੈਠ ਜਾਓ। ਹਾਂ ਜੀ, ਰਾਜਾ ਜੀ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ): ਸਪੀਕਰ ਸਾਹਿਬ, ਧੰਨਵਾਦ ਜੀ। ਵੈਸੇ ਤਾਂ ਜਦੋਂ ਅਸੀਂ ਤੁਹਾਡੀ ਅਚਕਨ ਵੇਖਦੇ ਹਾਂ ਤਾਂ ਸਾਨੂੰ ਜ਼ੈਲ ਸਿੰਘ ਜੀ ਦੀ ਤਸਵੀਰ ਨਜ਼ਰ ਆਉਂਦੀ ਹੈ। ਗਿਆਨੀ ਜ਼ੈਲ ਸਿੰਘ ਜੀ ਦੀ ਤਸਵੀਰ ਨਜ਼ਰ ਆਉਂਦੀ ਹੈ। ਜਦੋਂ ਅਸੀਂ ਕਦੇ ਕਦੇ ਉਥੇ ਮੁਰਦਾਬਾਦ ਕਰਦੇ ਹਾਂ ਤਾਂ ਘਰੇ ਜਾ ਕੇ ਦਿਲ ਬੜਾ ਦੁਖਦਾ ਹੈ।

(ਅਵਾਜ਼ਾਂ: ਨਾ ਕਰਿਆ ਕਰੋ, ਨਾ ਕਰਿਆ ਕਰੋ।

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਸਾਰੇ ਸਦਨ ਤੋਂ ਉੱਚੀ ਤੁਹਾਡੀ ਕੁਰਸੀ ਹੈ ਅਤੇ ਤੁਹਾਡਾ ਕੱਦ ਵੀ ਸਭ ਤੋਂ ਉੱਚਾ ਹੈ। ਅਸੀਂ ਤਾਂ ਉਦੋਂ ਬੱਚੇ ਸੀ ਪਰੰਤੂ ਅਸੀਂ ਤਾਂ ਫਰੀਦਕੋਟ ਵਿੱਚ ਜ਼ੈਲ ਸਿੰਘ ਜੀ ਦੀਆਂ ਸਟੋਰੀਆਂ ਸੁਣਦੇ ਹਾਂ। ਗਿਆਨੀ ਜੀ ਦੱਬੇ ਮਿੱਧਿਆਂ ਦੀ ਜ਼ਿਆਦਾ ਮਦਦ ਕਰਦੇ ਸਨ। ਜਿਹੜੇ ਸੱਤਾ ਸਰਕਾਰ ਜਾਂ ਰੱਜੇ ਪੁੱਜੇ ਹੁੰਦੇ ਸੀ, ਉਨ੍ਹਾਂ ਦੀ ਘੱਟ ਸੁਣਾਈ ਕਰਦੇ ਸੀ। ਤੁਸੀਂ ਸਾਡਾ ਧਿਆਨ ਰੱਖਿਆ ਕਰੋ।

(ਅਵਾਜ਼ਾਂ: ਤੁਸੀਂ ਰੱਜੇ ਪੁੱਜੇ ਹੋ, ਤੁਸੀਂ ਸਾਰੇ ਰੱਜੇ ਪੁੱਜੇ ਹੋ।)

ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ: ਸਪੀਕਰ ਸਾਹਿਬ, ਮੈਂ ਬੇਨਤੀ ਇਹ ਕਰਨੀ ਸੀ ਕਿ ਜਦੋਂ ਮਾਨ ਸਾਹਿਬ ਅਤੇ ਮੰਤਰੀ ਸਾਹਿਬਾਨਾਂ ਨੇ ਸਹੁੰ ਚੁੱਕੀ ਸੀ ਤਾਂ ਸਰਕਾਰ ਦਾ ਇਹ ਜ਼ੋਰ ਸੀ ਕਿ ਐਜੂਕੇਸ਼ਨ ਅਤੇ ਹੈਲਥ ਉੱਤੇ ਕੰਮ ਕਰਨਾ ਹੈ। ਮੈਨੂੰ ਵੀ ਇਹ ਲੱਗਦਾ ਸੀ ਕਿ ਕੁਝ ਨਾ ਕੁਝ ਜ਼ਰੂਰ ਕਰਨਗੇ। ਜਿਹੜੀਆਂ ਕਮੀਆਂ ਸਾਡੇ ਤੋਂ ਰਹਿ ਗਈਆਂ, ਉਨ੍ਹਾਂ ਕਮੀਆਂ ਨੂੰ ਸਰਕਾਰ ਪੂਰਾ ਕਰੇਗੀ। ਮੈਨੂੰ ਮਾਨ ਸਾਹਿਬ ਦਾ ਕਿਹਾ ਕਿ ਜਿਹੜੀ ਵਿੱਦਿਆ ਹੈ, ਉਹ ਕਰਜ਼ੇ ਵਿੱਚ ਕਿਵੇਂ ਰਹਿ ਸਕਦੀ ਹੈ। ਇਹ ਵੀ ਮੈਨੂੰ ਯਾਦ ਹੈ, ਮਾਰਚ ਮਹੀਨੇ ਵਿੱਚ ਜਦੋਂ ਸਰਕਾਰ ਬਣੀ ਸੀ, ਜਦੋਂ ਪੰਜਾਬੀ ਯੂਨੀਵਰਸਿਟੀ ਦੇ ਵੀ.ਸੀ. ਨੇ ਕਿਹਾ ਕਿ ਡੇਢ ਸੌ ਕਰੋੜ ਰੁਪਏ ਦਾ ਕਰਜ਼ਾ ਹੈ।ਮਰ ਜਾਵਾਂਗਾ, ਪੰਜਾਬ ਦੀ ਇੱਕ ਹੀ ਯੂਨੀਵਰਸਿਟੀ ਹੈ, ਸਾਰਾ ਮਾਲਵਾ ਅਤੇ ਪੰਜਾਬ ਦੇ ਤਰਕੀਬਨ ਦਰਮਿਆਨੇ ਕਿਸਾਨਾਂ ਦੇ ਬੱਚੇ, ਮੁੰਡੇ-ਕੁੜੀਆਂ ਯੂਨੀਵਰਸਿਟੀ ਵਿੱਚ ਪੜ੍ਹਦੇ ਹਨ, ਠੀਕ ਹੈ ਕਈ ਵਾਰੀ ਜਿਹੜੇ ਵੀ.ਸੀ. ਹੁੰਦੇ ਹਨ, ਉਹ ਥੋੜ੍ਹੇ ਜਿਹੇ ਐਥੀਕਲ ਹੁੰਦੇ ਹਨ, ਉਹ ਰਾਜਪੂਤ ਨਹੀਂ ਹੁੰਦੇ, ਜਿਸਦਾ ਰਾਜ ਆ ਗਿਆ, ਸਪਰਿੰਗ ਪਾ ਕੇ ਉਸ ਨਾਲ ਹੋ ਗਏ। ਜਿਹੜੇ ਬੰਦੇ ਵਿੱਚ ਕੋਈ ਦਮ ਹੁੰਦਾ ਹੈ, ਉਹ ਥੋੜ੍ਹਾ ਜਿਹਾ ਅੜ ਜਾਂਦਾ ਹੈ। ਠੀਕ ਹੈ ਕਈ ਵਾਰੀ ਵੀ.ਸੀ. ਸਾਹਿਬ ਨੇ ਸਰਕਾਰ ਤੇ ਟਿੱਪਣਾ-ਟਿੱਪਣੀ ਕੀਤੀ। ਤੁਸੀਂ 90 ਕਰੋੜ ਰੁਪਿਆ ਅਨਾਊਂਸਮੈਂਟ ਕਰਕੇ ਗਏ ਸੀ, ਅਸੀਂ ਗ੍ਰਾਂਟ ਦੇਵਾਂਗੇ।ਯੂਨੀਵਰਸਿਟੀ ਨੂੰ 30 ਕਰੋੜ ਰੁਪਿਆ ਹਰ ਮਹੀਨੇ ਤਨਖਾਹਾਂ ਅਤੇ ਪੈਨਸ਼ਨਾਂ ਦਾ ਦੇਣਾ ਹੁੰਦਾ ਹੈ, ਅੱਜ ਹਾਲਾਤ ਇਹ ਹੋ ਗਏ ਕਿ ਸਰਕਾਰ ਨੇ 10 ਕਰੋੜ ਰੁਪਏ ਦਾ ਕੱਟ ਲਗਾ ਦਿੱਤਾ, ਹੁਣ ਪੈਨਸ਼ਨਾਂ ਅਤੇ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ ਹਨ। ਤੁਸੀਂ ਸਕੂਲ ਆਫ ਐਮੀਨੈਂਸ ਖੋਲ੍ਹ ਦਿੱਤੇ, ਜਿਹੜਾ ਇੱਕ ਸਕੂਲ ਖੋਲ੍ਹਿਆ ਹੈ, ਤੁਸੀਂ ਯੂਨੀਵਰਸਿਟੀ ਬੰਦੇ ਭੇਜਣੇ ਹਨ ਪਰ ਮੇਰੀ ਇੱਕ ਬੇਨਤੀ ਹੈ ਕਿ ਇਹ ਬਹੁਤ ਗੰਭੀਰ ਮੁੱਦਾ ਹੈ, ਸਾਰਿਆਂ ਨਾਲ ਜੁੜਿਆ ਹੋਇਆ ਮੁੱਦਾ ਹੈ, ਪੰਜਾਬ ਦੇ ਲੋਕਾਂ ਨਾਲ ਜੁੜਿਆ ਹੋਇਆ ਮੁੱਦਾ ਹੈ, ਜਿਹੜੀ ਯੂਨੀਵਰਸਿਟੀ ਦੇ ਬਜਟ ਵਿੱਚ ਪੈਸਿਆਂ ਦੀ ਕਟੌਤੀ ਕੀਤੀ ਹੈ, ਉਹ ਕ੍ਰਿਪਾ ਕਰਕੇ ਮੁੱਖ ਮੰਤਰੀ ਸਾਹਿਬ ਜਾਂ ਹਾਇਰ ਐਜੂਕੇਸ਼ਨ ਮਨਿਸਟਰ ਸਾਹਿਬ ਉਸ ਕਟੌਤੀ ਨੂੰ ਪੂਰਾ ਕੀਤਾ ਜਾਵੇ। ਇਸ ਤੋਂ ਇਲਾਵਾ ਮੈਂ ਪਟਿਆਲਾ ਤੋਂ ਐਮ.ਐਲ.ਏਜ਼ ਸਾਹਿਬਾਨਾਂ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਇਸ ਸਬੰਧੀ ਮੁੱਖ ਮੰਤਰੀ ਸਾਹਿਬ ਨੂੰ ਮਿੰਨਤ ਕਰੋ, ਚਾਹੇ ਜੋ ਮਰਜ਼ੀ ਕਰੋ, ਵੈਸੇ ਤਾਂ ਕਈਆਂ ਨੇ ਸਾਨੂੰ ਵਿਆਹ ਤੇ ਹੀ ਨਹੀਂ ਸੱਦਿਆ, ਪਰ ਪਤੰਦਰੋਂ ਮਾੜਾ ਮੋਟਾ ਲੋਕਾਂ ਦੇ ਪਿੱਛੇ ਤਕੜੇ ਹੋ ਕੇ ਇਸ ਮੁੱਦੇ ਤੇ ਜ਼ਰੂਰ ਲੜਾਈ ਲੜੋ ਕਿ ਇਹ ਪੰਜਾਬ ਦੇ ਲੋਕਾਂ ਨਾਲ ਜੁੜੀ ਗੱਲ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਯੂਨੀਵਰਸਿਟੀ ਦਾ ਬਜਟ ਪੂਰਾ ਕਰ ਦਿਓ।

(ਅਵਾਜ਼ਾਂ: ਵਿਆਹ ਵਾਲਾ ਉਲਾਂਭਾ ਲਾਹ ਦਿਆਂਗੇ।)

ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ): ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਪੰਜਾਬ ਦੇ ਵਿੱਚੋਂ ਜਿਹੜਾ ਜੰਮੂ ਕੱਟੜਾ ਰੋਡ ਲੰਘ ਰਿਹਾ ਹੈ, ਕੋਈ ਅਰਬਾਂ ਕਿਊਬਕ ਮਿੱਟੀ ਪੰਜਾਬ ਦੀ ਉਹ ਇਸ ਜੰਮੂ ਕੱਟੜਾ ਹਾਈਵੇਅ ਐਕਸਪ੍ਰੈਸ ਵਿੱਚ ਜਾਣੀ ਹੈ, ਮਿੱਟੀ ਤਾਂ ਜਾਣੀ ਹੀ ਜਾਣੀ ਹੈ, ਜੇਕਰ ਮੈਂ ਆਪਣੇ ਹਲਕੇ ਦੀ ਉਦਾਹਰਨ ਦੇਵਾਂ ਤਾਂ ਇਸ ਵਿੱਚ 148 ਪਿੰਡ ਹਨ ।

0400/Gurpreet kaur

ਜੰਮੂ ਕੱਟੜਾ ਐਕਸਪ੍ਰੈਸ ਵੇਅ ਦੀ ਮਿੱਟੀ ਦੀ ਮਾਰ ਹੇਠ ਸਾਰੇ ਦੇ ਸਾਰੇ ਪਿੰਡ ਆ ਰਹੇ ਹਨ। ਇਹ ਇੱਕ ਨੈਸ਼ਨਲ ਮੁੱਦਾ ਹੈ ਅਤੇ ਇਸ ਦਾ ਹੱਲ ਵੀ ਕਰਨਾ ਪੈਣਾ ਹੈ। ਇਹ ਐਕਸਪ੍ਰੈਸ ਵੇਅ ਜ਼ਮੀਨ ਤੋਂ 12 ਤੋਂ 15 ਫੁੱਟ ਹਰ ਇੱਕ ਜਗ੍ਹਾ ਤੋਂ ਉੱਚਾ ਜਾ ਰਿਹਾ ਹੈ। ਇਸ ਦੇ ਨਾਲ ਪੰਜਾਬ ਸਰਕਾਰ ਦਾ ਨੁਕਸਾਨ ਹੋ ਰਿਹਾ ਹੈ। ਪਿੰਡਾਂ ਵਿੱਚੋਂ ਮਿੱਟੀ ਆਉਂਦੀ ਹੈ। ਪਿੰਡਾਂ ਦੀ ਸੜਕਾਂ ਮੰਡੀ ਬੋਰਡ ਦੀਆਂ ਹਨ। ਜੇਕਰ ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਅਜੇ ਇਸ ਐਕਸਪ੍ਰੈਸ ਵੇਅ ਦਾ 10% ਕੰਮ ਵੀ ਨਹੀਂ ਹੋਇਆ ਅਤੇ ਪੂਰੀਆਂ ਦੀਆਂ ਪੂਰੀਆਂ ਸੜਕਾਂ ਹੁਣ ਤੋਂ ਹੀ ਤਬਾਹ ਹੋ ਚੁੱਕੀਆਂ ਹਨ। ਸਾਨੂੰ ਬਹੁਤ ਵੱਡੀ ਫਾਇਨਾਂਸ਼ੀਅਲ ਮਾਰ ਪੈਣ ਵਾਲੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਹ ਅਪੀਲ ਕਰਨਾ ਚਾਹੁੰਦੀ ਹਾਂ ਅਤੇ ਇਹ ਜਾਣਨਾ ਵੀ ਚਾਹੁੰਦੀ ਹਾਂ ਕਿ ਕੀ ਕੋਈ ਨੈਸ਼ਨਲ ਹਾਈਵੇਅ ਅਥਾਰਿਟੀ ਨਾਲ ਕੋਈ ਅਜਿਹਾ ਐਗਰੀਮੈਂਟ ਹੁੰਦਾ ਹੈ ਜਿਸ ਜ਼ਰੀਏ ਜਿਵੇਂ ਇਹ ਸੜਕਾਂ ਜਿਨ੍ਹਾਂ ਰਾਹੀਂ ਮਿੱਟੀ ਜਾਣੀ ਹੈ ਅਤੇ 800-900 ਫੁੱਟ ਦੇ ਟਿੱਪਰ ਲੰਘਦੇ ਹਨ ਅਤੇ ਸੜਕਾਂ ਦਾ ਹਾਲ ਬੇਹਾਲ ਹੋ ਗਿਆ ਹੈ ਕੀ ਉਸ ਵਾਸਤੇ ਕੋਈ ਸਪੈਸ਼ਲ ਨੈਸ਼ਨਲ ਹਾਈਵੇਅ ਅਥਾਰਿਟੀ ਵੱਲੋਂ ਕੋਈ ਫੰਡਜ਼ ਆਉਂਦੇ ਹਨ? ਕੀ ਅਸੀਂ ਇਹ ਸੜਕਾਂ ਦੁਬਾਰਾ ਬਣਾ ਸਕਾਂਗੇ? ਜਿਵੇਂ ਸੈਂਟਰ ਗੌਰਮਿੰਟ ਨੇ ਪਹਿਲਾਂ ਹੀ ਸਾਡਾ ਆਰ.ਡੀ.ਐਫ. ਮਾਰ ਕੇ ਰੱਖਿਆ ਹੋਇਆ ਹੈ, ਅਸੀਂ ਅਜੇ ਵੀ ਉਸ ਦੀ ਮਾਰ ਹੇਠ ਚੱਲ ਰਹੇ ਹਾਂ। ਸੜਕਾਂ ਨਹੀਂ ਬਣ ਰਹੀਆਂ। ਕੀ ਆਉਣ ਵਾਲੇ ਸਮੇਂ ਵਿੱਚ ਜਿੱਥੋਂ ਪੰਜਾਬ ਦਾ ਟੋਟਲ ਐਕਸਪ੍ਰੈਸ ਵੇਅ ਲੰਘਦਾ ਹੈ, ਕੀ ਇਹ ਸਾਰੇ ਦਾ ਸਾਰਾ ਤਬਾਹ ਹੋ ਜਾਵੇਗਾ? ਕੀ ਅਸੀਂ ਇਸ ਵਾਸਤੇ ਕੁਝ ਕਰ ਸਕਾਂਗੇ? ਧੰਨਵਾਦ ਜੀ।

ਮਾਣਯੋਗ ਸਪੀਕਰ: ਧੰਨਵਾਦ ਜੀ। ਹਾਂ ਜੀ, ਕੋਹਲੀ ਸਾਹਿਬ।

ਸਰਦਾਰ ਅਜੀਤਪਾਲ ਸਿੰਘ ਕੋਹਲੀ (ਪਟਿਆਲਾ): ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਟਿਆਲੇ ਸ਼ਹਿਰ ਵਿੱਚ ਨਵਾਂ ਅਤਿ ਆਧੁਨਿਕ ਮਾਡਰਨ ਅਪਡੇਟਡ ਬੱਸ ਸਟੈਂਡ ਆਮ ਆਦਮੀ ਪਾਰਟੀ ਦੀ ਸਰਕਾਰ ਨੇ, ਸਰਦਾਰ ਭਗਵੰਤ ਮਾਨ ਜੀ ਨੇ ਪਟਿਆਲਾ ਵਿਖੇ ਸ਼ੁਰੂ ਕੀਤਾ ਹੈ ਪਰ ਉੱਥੇ ਇੱਕ teething problem ਆ ਰਹੀ ਹੈ ਕਿ ਪੁਰਾਣੇ ਬੱਸ ਸਟੈਂਡ ਕੋਲ ਫੁੱਟ ਫਾਲ ਘਟ ਗਈ ਹੈ। ਨਵਾਂ ਬੱਸ ਸਟੈਂਡ ਸ਼ਹਿਰ ਤੋਂ ਬਾਹਰ ਹੋਣ ਕਰਕੇ ਸਾਰੀ ਫੁੱਟ ਫਾਲ ਬਾਹਰ ਚਲੇ ਗਈ। ਸ਼ਹਿਰ ਦੇ ਅੰਦਰੂਨੀ ਏਰੀਏ ਵਿੱਚ ਜਿੱਥੇ ਸੈਂਕੜੇ ਹੀ ਦੁਕਾਨਦਾਰ ਹਨ ਉਹ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੋਏ ਹਨ। ਪੁਰਾਣੇ ਬੱਸ ਸਟੈਂਡ ਕੋਲ ਕਾਲੀ ਮਾਤਾ ਦਾ ਮੰਦਿਰ ਹੈ। ਸ੍ਰੀ ਦੂਖ ਨਿਵਾਰਨ ਸਾਹਿਬ, ਗੁਰਦੁਆਰਾ ਸਾਹਿਬ ਅਤੇ ਕਚਹਿਰੀਆਂ ਵੀ ਹਨ। ਉੱਥੇ ਹੀ ਮਾਤਾ ਕੁਸ਼ੱਲਿਆ ਹਸਪਤਾਲ ਵੀ ਹੈ। ਆਲੇ ਦੁਆਲੇ 40 ਕਿਲੋਮੀਟਰ ਦੇ ਘੇਰੇ ਵਿੱਚ ਜਿਹੜੇ ਸ਼ਰਧਾਲੂ ਆਉਂਦੇ ਹਨ ਅਤੇ ਸ਼ਹਿਰ ਵਿੱਚ ਕੰਮ ਕਾਰ ਲਈ ਜਿਹੜੇ ਲੋਕ ਆਉਂਦੇ ਹਨ ਉਨ੍ਹਾਂ ਨੂੰ ਨਵੇਂ ਬੱਸ ਸਟੈਂਡ ਵਿੱਚ ਜਾ ਕੇ ਵਾਪਿਸ ਸ਼ਹਿਰ ਵਿੱਚ ਆਉਣਾ ਮਹਿੰਗਾ ਵੀ ਪੈਂਦਾ ਹੈ ਅਤੇ ਉਨ੍ਹਾਂ ਨੂੰ ਖੇਚਲ ਵੀ ਹੁੰਦੀ ਹੈ। ਮੈਂ ਟ੍ਰਾਂਸਪੋਰਟ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਨੇ ਐਸ਼ੋਰੈਂਸ ਦਿੱਤੀ ਹੈ ਕਿ ਪੁਰਾਣਾ ਬੱਸ ਸਟੈਂਡ ਵੀ ਅਸੀਂ ਬਹੁਤ ਜਲਦ ਚਲਾਵਾਂਗੇ। ਮੈਂ ਚਾਹੁੰਦਾ ਹਾਂ ਕਿ ਇਸ ਨੂੰ ਸਮਾਂਬੱਧ ਕਰਕੇ ਇਸ ਨੂੰ ਪ੍ਰਾਇਰਟੀ ਤੇ ਲੈ ਕੇ ਕੰਮ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

ਮਾਣਯੋਗ ਸਪੀਕਰ: ਧੰਨਵਾਦ ਜੀ। ਹਾਂ ਜੀ, ਕੁੰਵਰ ਵਿਜੈ ਪ੍ਰਤਾਪ ਜੀ।

ਕੁੰਵਰ ਵਿਜੈ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ): ਸਪੀਕਰ ਸਾਹਿਬ, ਅੰਮ੍ਰਿਤਸਰ ਇੱਕ ਪਵਿੱਤਰ ਸ਼ਹਿਰ ਹੈ। ਅੱਜ ਅੰਮ੍ਰਿਤਸਰ ਵਿੱਚ ਸਭ ਤੋਂ ਵੱਡੀ ਸਮੱਸਿਆ ਗਾਰਬੇਜ ਲਿਫਟਿੰਗ ਦੀ ਆ ਰਹੀ ਹੈ। ਇੱਕ ਪ੍ਰਾਈਵੇਟ ਕੰਪਨੀ ਨੂੰ ਆਊਟਸੋਰਸਿੰਗ ਦੇ ਆਧਾਰ ਤੇ ਠੇਕਾ ਦਿੱਤਾ ਹੋਇਆ ਹੈ। ਉਹ ਕੰਪਨੀ ਮਨਮਾਨੇ ਤਰੀਕੇ ਨਾਲ ਕੰਮ ਕਰ ਰਹੀ ਹੈ। ਅੰਮ੍ਰਿਤਸਰ ਮਿਉਂਸਿਪਲ ਕਾਰਪੋਰੇਸ਼ਨ ਦਾ ਕੰਪਨੀ ਤੇ ਕੋਈ ਕੰਟਰੋਲ ਨਹੀਂ ਹੈ। ਪੂਰੇ ਸ਼ਹਿਰ ਵਿੱਚ ਖਾਸ ਕਰਕੇ ਅੰਮ੍ਰਿਤਸਰ ਨਾਰਥ ਹਲਕੇ ਦੇ ਜੋ ਏਰੀਏ ਹਨ ਉੱਥੇ ਕੂੜਿਆਂ ਦੇ ਢੇਰ ਲੱਗੇ ਹੋਏ ਹਨ। ਜਿਹੜੇ ਗਰੀਨ ਗਾਰਬੇਜ ਹਨ ਉਹ ਬਿਲਕੁਲ ਵੀ ਨਹੀਂ ਚੁੱਕੇ ਜਾ ਰਹੇ। ਇਸ ਲਈ ਅੰਮ੍ਰਿਤਸਰ ਸ਼ਹਿਰ ਦੀ ਹਾਲਤ ਬਹੁਤ ਖਰਾਬ ਹੋ ਗਈ ਹੈ। ਇਸ ਤੋਂ ਇਲਾਵਾ ਸੀਵਰੇਜ ਦੀ ਸਮੱਸਿਆ ਵਿਕਰਾਲ ਰੂਪ ਲੈ ਚੁੱਕੀ ਹੈ। ਪੀਣ ਵਾਲਾ ਸਾਰਾ ਪਾਣੀ ਬਹੁਤ ਹੀ ਗੰਦਾ ਆ ਰਿਹਾ ਹੈ। ਹਰ ਏਰੀਏ ਵਿੱਚ ਖਾਸ ਕਰਕੇ ਚਾਂਦ ਐਵੀਨਿਊ ਦਾ ਏਰੀਆ, ਪੈਰੀਸਟੋਨ, ਬਾਂਕੇ ਬਿਹਾਰੀ ਗਲੀ, ਸੰਧੂ ਕਲੋਨੀ, ਸਿਵਾਲਾ ਬੋਹੜ ਵਾਲਾ, ਜਵਾਹਰ ਨਗਰ, ਵਿਜੈ ਨਗਰ, ਗੋਪਾਲ ਨਗਰ, ਹਿੰਦੁਸਤਾਨੀ ਬਸਤੀ, ਮੁਸਤਫਾਬਾਦ, ਫੈਜ਼ਪੁਰਾ, ਕਰਮਪੁਰਾ, ਸੰਜੇ ਗਾਂਧੀ ਕਲੋਨੀ, ਅਵਤਾਰ ਐਵੀਨਿਊ, ਪਰੋਫੈਸਰ ਕਲੋਨੀ ਆਦਿ ਅਤੇ ਹੁਣ ਤੱਕ ਜੋ ਸਿਵਲ ਲਾਈਨ ਦਾ ਪੋਸ਼ ਏਰੀਆ ਹੈ ਉਹ ਵੀ ਹੁਣ ਇਸ ਕਗਾਰ ਤੇ ਹੈ ਅਤੇ ਸਲੱਮਜ਼ ਵਿੱਚ ਕਨਵਰਟ ਹੋ ਜਾਵੇਗਾ। ਇਸ ਕਰਕੇ ਇਸ ਸਮੱਸਿਆ ਦਾ ਸਮਾਧਾਨ ਕਰਨਾ ਬਹੁਤ ਜ਼ਰੂਰੀ ਹੈ। ਧੰਨਵਾਦ ਜੀ।

0400/Gurpreet kaur/Shubham jain

0405/Rajneet Kaur

ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.) : ਧੰਨਵਾਦ ਸਪੀਕਰ ਸਾਹਿਬ, ਪਹਿਲਾਂ ਮੈਂ ਸਮਾਂ ਮੰਗਿਆ ਸੀ ਪਰੰਤੂ ਤੁਸੀਂ ਨਹੀਂ ਦਿੱਤਾ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ** ਦਾ ਨਾਮ ਲਿਆ ਗਿਆ ਹੈ, ਉਹ ਇਸ ਹਾਊਸ ਦੇ ਮੈਂਬਰ ਨਹੀਂ ਹਨ, ਇਸ ਲਈ ਉਨ੍ਹਾਂ ਦਾ ਨਾਮ ਐਕਸਪੰਜ ਕੀਤਾ ਜਾਵੇ। ਸੱਚਾਈ ਇਹ ਹੈ ਕਿ ਰੋਪੜ ਦੇ ਵਿੱਚ ਇਲੀਗਲ ਮਾਈਨਿੰਗ ਚੱਲ ਰਹੀ ਹੈ, ਉਸ ਵਿੱਚ ਐਸ.ਐਸ.ਪੀ. ਪੂਰੀ ਤਰ੍ਹਾਂ ਇਨਵਾਲਵ ਹੈ। ਇਹ ਸਭ ਕਿਸ ਦੀ ਸ਼ਹਿ ਤੇ ਹੈ, ਇਹ ਸਾਰੇ ਲੋਕ ਹੀ ਜਾਣਦੇ ਹਨ। ਉੱਥੇ ਦਾ ਜਿਹੜਾ ਲੋਕਲ ਮਨਿਸਟਰ ਹੈ, ਉਸ ਦਾ ਪੂਰਾ ਹੱਥ ਹੈ। ਇਹ ਮੈਂ ਨਹੀਂ ਕਹਿੰਦਾ, ਇਹ ਹਾਈ ਕੋਰਟ ਵੀ ਕਹਿੰਦੀ ਹੈ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ) ਹੁਣ ਜਿਹੜਾ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ, ਉਸ ਤੇ ਆਉਂਦਾ ਹਾਂ। ਸਰ, ਮਿਤੀ 23.11.2023 ਨੂੰ ਇਤਿਹਾਸਕ ਅਸਥਾਨ ਦੀ ਪਵਿੱਤਰ ਧਰਤੀ ਦੀ ਹਦੂਦ ਦੇ ਅੰਦਰ ਸੁਲਤਾਨਪੁਰ ਲੋਧੀ ਵਿਖੇ ਸਥਿਤ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਵਿਖੇ ਦੋ ਨਿਹੰਗ ਜਥੇਬੰਦੀਆਂ ਦਾ ਆਪਸ ਵਿੱਚ ਟਕਰਾਅ ਹੋਇਆ। ਉੱਥੇ ਲਾਅ ਐਂਡ ਆਰਡਰ ਦੀ ਸਥਿਤੀ ਕਿਸੇ ਵੀ ਤਰ੍ਹਾਂ ਖਰਾਬ ਨਹੀਂ ਸੀ। ਉਹ ਉੱਥੇ ਪਿਛਲੇ ਤਿੰਨ ਦਿਨਾਂ ਤੋਂ ਬੈਠ ਕੇ ਨਿਤਨੇਮ ਕਰਦੇ ਸੀ, ਗੁਰਬਾਣੀ ਦਾ ਪਾਠ ਕਰਦੇ ਸਨ ਪਰ ਅਚਾਨਕ ਹੀ ਉੱਥੇ ਪੰਜਾਬ ਪੁਲਿਸ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋ ਕੇ ਇਕੱਲੀਆਂ ਗੋਲੀਆਂ ਹੀ ਨਹੀਂ ਚਲਾਈਆਂ ਬਲਕਿ ਉਹ ਉੱਥੇ ਜੁੱਤੀਆਂ ਦੇ ਨਾਲ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋਏ। ਉਸ ਵਿੱਚ ਹੋਮਗਾਰਡ ਦਾ ਜਵਾਨ ਜਸਪਾਲ ਸਿੰਘ, ਜਿਸ ਨੂੰ ਕਿ ਅਸੀਂ ਅੱਜ ਸ਼ਰਧਾਂਜਲੀ ਵੀ ਦਿੱਤੀ ਹੈ, ਉਹ ਮਾਰਿਆ ਗਿਆ।

ਉੱਥੇ ਅਨੇਕਾਂ ਹੀ ਨਿਹੰਗ ਸਿੰਘ ਅਤੇ ਪੁਲਿਸ ਕਰਮੀ ਜ਼ਖਮੀ ਹੋਏ। ਮੈਂ ਸਮਝਦਾ ਹਾਂ ਕਿ ਜਦੋਂ 27 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਸੀ, ਇਸ ਮੌਕੇ ਤੇ ਇਸ ਕਾਰਜ ਨੂੰ ਟਾਲਿਆ ਜਾਣਾ ਚਾਹੀਦਾ ਸੀ ਪਰ ਪਤਾ ਨਹੀਂ ਕਿ ਇਸ ਨੂੰ ਕਿਸ ਦੀ ਸ਼ਹਿ ਸੀ, ਕਿਸ ਦੀ ਹਵਾ ਸੀ ਕਿ ਉੱਥੇ ਬਿਨਾਂ ਵਜ੍ਹਾ ਇਹ ਕੁਝ ਹੋਇਆ। ਇਹ ਅੱਜ ਤੱਕ ਦਾ ਇਤਿਹਾਸ ਹੈ ਕਿ ਜੇਕਰ ਨਿਹੰਗ ਜਥੇਬੰਦੀਆਂ ਆਪਸ ਵਿੱਚ ਲੜਦੀਆਂ ਵੀ ਰਹੀਆਂ ਹਨ ਤਾਂ ਪੰਥਕ ਜਥੇਬੰਦੀਆਂ ਆਪਸ ਵਿੱਚ ਬੈਠ ਕੇ ਫੈਸਲਾ ਕਰਵਾ ਦਿੰਦੀਆਂ ਹਨ। ਇਸ ਕਰਕੇ ਇਹ ਲੜਾਈਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਸਮਝੌਤੇ ਹੁੰਦੇ ਵੀ ਰਹੇ ਹਨ ਪਰੰਤੂ ਪਤਾ ਨਹੀਂ ਕਿਸ ਬੰਦੇ ਦੀ ਸ਼ਹਿ ਸੀ ਕਿ ਇਨ੍ਹਾਂ ਜਥੇਬੰਦੀਆਂ ਨੂੰ ਆਪਸ ਵਿੱਚ ਲੜਾ ਕੇ ਇੱਕ ਧਿਰ ਦਾ ਕਬਜ਼ਾ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਗੋਲੀਆਂ ਵਰ੍ਹਾਈਆਂ ਗਈਆਂ। ਸਪੀਕਰ ਸਾਹਿਬ, ਮੈਂ ਤੁਹਾਡੇ ਥਰੂ ਸਰਕਾਰ ਤੋਂ ਮੰਗ ਕਰਦਾ ਹਾਂ ਕਿ ਜਿਹੜਾ ਬੰਦਾ ਮਾਰਿਆ ਗਿਆ, ਉਸ ਬੰਦੇ ਨੂੰ ਇਨਸਾਫ ਦਿਵਾਉਣ ਲਈ ਅਤੇ ਜਿਹੜੇ ਜ਼ਖਮੀ ਹੋਏ, ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਹਾਈਕੋਰਟ ਦੇ ਕਿਸੇ ਜੱਜ ਤੋਂ ਜਾਂ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ ਨਾ ਕਿ ਜਿਨ੍ਹਾਂ ਨੇ ਗੋਲੀਆਂ ਚਲਵਾਈਆਂ, ਉਨ੍ਹਾਂ ਨੂੰ ਹੀ ਸਿੱਟ ਦੇ ਮੈਂਬਰ ਬਣਾ ਕੇ ਜਾਂਚ ਕਰਵਾਈ ਜਾਵੇ। ਜਿਨ੍ਹਾਂ ਨੇ ਆਪ ਗੋਲੀਆਂ ਚਲਾਈਆਂ, ਉਨ੍ਹਾਂ ਨੂੰ ਹੀ ਸਿੱਟ ਦੇ ਮੈਂਬਰ ਬਣਾ ਕੇ ਇਨਕੁਆਰੀਆਂ ਕਰਵਾਈਆਂ ਜਾ ਰਹੀਆਂ ਹਨ। ਮੈਨੂੰ ਲਗਦਾ ਹੈ ਕਿ ਉਹ ਇਨਸਾਫ ਨਹੀਂ ਕਰ ਸਕਣਗੇ, ਮੈਂ ਸਮਝਦਾ ਹਾਂ ਕਿ ਇਸ ਤੋਂ ਵੱਡੀ ਕੋਈ ਹੋਰ ਬੇਅਦਬੀ ਨਹੀਂ ਹੋ ਸਕਦੀ। ਇਸ ਦੀ ਸੀਰੀਅਸਨੈੱਸ ਦੇਖਦੇ ਹੋਏ, ਜਾਂਚ ਜ਼ਰੂਰ ਕਰਵਾਉਣੀ ਚਾਹੀਦੀ ਹੈ।

ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) : ਮਾਨਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਪੰਜਾਬ ਦੇ ਅੰਦਰ ਸਾਰੇ ਪੰਜਾਬੀਆਂ ਦਾ ਇੱਕ ਅਹਿਮ ਮੁੱਦਾ ਹੈ, ਜਦੋਂ ਆਪਾਂ ਕਚਹਿਰੀਆਂ ਦੇ ਅੰਦਰ, ਲੋਕਾਂ ਦੇ ਅੰਦਰ ਜਾਂਦੇ ਹਾਂ ਤਾਂ ਲੋਕ ਇਹੀ ਕਹਿੰਦੇ ਹਨ ਕਿ ਜਿਹੜੀਆਂ ਪਿਛਲੇ ਸਮੇਂ ਦੇ ਅੰਦਰ ਕਾਲੋਨੀਆਂ ਕੱਟੀਆਂ ਗਈਆਂ ਹਨ, ਉਹ ਜਿਹੜੀਆਂ ਰਜਿਸਟਰੀਆਂ ਕਰਵਾਉਣ ਲਈ ਐਨ.ਓ.ਸੀ. ਨਹੀਂ ਮਿਲ ਰਹੀ। ਜਦੋਂ ਇਹ ਕਾਲੋਨੀਆਂ ਕੱਟੀਆਂ ਗਈਆਂ ਸਨ ਤਾਂ ਇਹ ਸਾਰੇ ਆਫਿਸਰ ਸਾਹਿਬਾਨ ਵੀ ਇੱਥੇ ਹੀ ਸੀ। ਮਹਿਕਮੇ ਦੀ ਵੀ ਹਰ ਤਰ੍ਹਾਂ ਦੀ ਨਿਗ੍ਹਾ ਉਨ੍ਹਾਂ ਲੋਕਾਂ ਤੇ ਸੀ ਪਰ ਹੋਇਆ ਕੀ ਕਿ ਜਿਹੜੇ ਗਰੀਬ ਲੋਕ ਪਿੰਡਾਂ ਤੋਂ ਆ ਕੇ ਇੱਥੇ ਵਸੇ, ਕੋਈ ਵੀ ਛੋਟੇ ਛੋਟੇ ਵਪਾਰੀ ਸੀ, ਟੀਚਰ ਸੀ, ਉਨ੍ਹਾਂ ਨੇ ਆ ਕੇ ਜ਼ਮੀਨਾਂ ਲਈਆਂ ਅਤੇ ਆਪਣੇ ਮਕਾਨ ਬਣਾਏ ਪਰ ਜਦੋਂ ਅੱਜ ਉਨ੍ਹਾਂ ਨੂੰ ਲਗਦਾ ਹੈ ਕਿ ਉਹ ਜ਼ਮੀਨ ਅਤੇ ਆਪਣੇ ਮਕਾਨ ਵੇਚ ਕੇ ਆਪਣੇ ਬੱਚੇ ਦਾ ਵਿਆਹ ਕਰਨਾ ਹੈ, ਆਪਣੇ ਬੱਚੇ ਨੂੰ ਐਜੂਕੇਸ਼ਨ ਲਈ ਬਾਹਰ ਭੇਜਣਾ ਹੈ ਜਾਂ ਇੱਥੇ ਰਹਿ ਕੇ ਕੋਈ ਐਜੂਕੇਸ਼ਨ ਦਿਵਾਉਣੀ ਹੈ, ਕਿਸੇ ਦੀ ਦਵਾਈ ਦਾ ਪ੍ਰਬੰਧ ਕਰਨਾ ਹੈ ਜਾਂ ਕਿਸੇ ਦਾ ਕੋਈ ਇਲਾਜ ਕਰਵਾਉਣਾ ਹੈ ਤਾਂ ਇਹ ਜ਼ਮੀਨਾਂ ਵਿਕ ਨਹੀਂ ਰਹੀਆਂ ਹਨ। ਇਸ ਕਰਕੇ ਮੇਰੀ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਹ ਕੰਮ ਬੰਦ ਹੋਣ ਦੇ ਨਾਲ ਜਿੱਥੇ ਚਾਹੇ ਪਲੰਬਰ ਹੈ, ਚਾਹੇ ਹਾਰਡਵੇਅਰ ਵਾਲਾ ਹੈ, ਚਾਹੇ ਲੇਬਰ ਵਾਲਾ ਹੈ, ਚਾਹੇ ਮਿਸਤਰੀ ਹੈ। ਸਾਰੇ ਹੀ ਵਰਗ ਇਸ ਤੋਂ ਬਹੁਤ ਵੱਡੇ ਪੱਧਰ ਤੇ ਪ੍ਰਭਾਵਿਤ ਹਨ। ਇਸ ਦੇ ਨਾਲ ਜਿੱਥੇ ਪੰਜਾਬ ਦੇ ਲੋਕਾਂ ਦਾ ਨੁਕਸਾਨ ਤਾਂ ਹੋਇਆ ਹੀ ਹੈ, ਇਸ ਦੇ ਨਾਲ ਸਾਡਾ ਜਿਹੜਾ ਰੈਵੇਨਿਊ ਵੀ ਹੈ, ਉਹ ਘੱਟ ਗਿਆ ਹੈ, ਜਿੱਥੇ ਪਹਿਲਾਂ 100 ਰਜਿਸਟਰੀਆਂ ਹੁੰਦੀਆਂ ਸਨ, ਉਹ ਘੱਟ ਕੇ 14-15 ਰਹਿ ਗਈਆਂ ਹਨ। ਇਸ ਪੱਖੋਂ ਵੀ ਸਾਡਾ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ। ਮੇਰੀ ਤੁਹਾਨੂੰ ਅਪੀਲ ਹੈ ਕਿ ਜਿਸ ਤਰ੍ਹਾਂ ਦਿੱਲੀ ਦੇ ਅੰਦਰ ਇਲੀਗਲ ਕਾਲੋਨੀਆਂ ਨੂੰ ਰੈਗੁਲਰਾਈਜ਼ ਕੀਤਾ ਹੈ, ਉਸੇ ਤਰ੍ਹਾਂ ਦੀ ਕੋਈ ਪਾਲਿਸੀ

ਲਿਆਂਦੀ ਜਾਵੇ ਜਿਸ ਨਾਲ ਕਿ ਇਹ ਕਾਲੋਨੀਆਂ ਰੈਗੂਲਰ ਹੋਣ ਔਰ ਲੋਕਾਂ ਨੂੰ ਇਸ ਦੀ ਸਹੂਲਤ ਮਿਲ ਸਕੇ ਅਤੇ ਰੈਵੇਨਿਊ ਦੇ ਅੰਦਰ ਵੀ ਵਾਧਾ ਹੋ ਸਕੇ। ਤੁਹਾਡਾ ਬਹੁਤ ਬਹੁਤ ਧੰਨਵਾਦ।

0405/Rajneet Kaur/Shubham jain

0410/Kuldeep kaur

ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ): ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫਤ ਸਦਨ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਮੇਰੇ ਗੁਆਂਢੀ ਹਲਕੇ ਨਕੋਦਰ ਤੋਂ ਐਮ.ਐਲ.ਏ. ਸਾਹਿਬਾ ਨੇ ਹਾਈਵੇਅ ਦੀ ਗੱਲ ਕੀਤੀ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿਉਂਕਿ ਸਾਡਾ ਏਰੀਆ ਦਰਿਆ ਦੇ ਨਾਲ ਹੈ। ਸਾਡਾ ਕਾਂਡਲਾ ਤੋਂ ਅੰਮ੍ਰਿਤਸਰ ਜਿਹੜਾ ਹਾਈਵੇਅ ਬਣ ਰਿਹਾ ਹੈ, ਉਹ ਸਾਡੇ ਏਰੀਏ ਦੇ 12 ਪਿੰਡਾਂ ਵਿੱਚੋਂ ਨਿਕਲ ਰਿਹਾ ਹੈ। ਉਹ ਹਾਈਵੇਅ 7-8 ਫੁੱਟ ਉੱਚਾ ਬਣ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਦੋ ਦਰਿਆਵਾਂ ਦਾ ਹਰੀਕੇ ਹੈੱਡ ਤੇ ਜੁਆਇੰਟ ਹੁੰਦਾ ਹੈ ਤਾਂ ਸਾਡੇ ਏਰੀਏ ਵਿੱਚ ਹਰ ਵਾਰ ਫਲੱਡ ਆਉਂਦਾ ਹੈ। ਇਸ ਸਬੰਧੀ ਸਾਡੇ ਏਰੀਏ ਵਿੱਚ ਪਰਾਪਰ ਸਰਵੇ ਨਹੀਂ ਹੋਇਆ ਹੈ। ਮੈਂ ਦੋ ਵਾਰ ਡੀ.ਸੀ. ਸਾਹਿਬ ਦੇ ਧਿਆਨ ਵਿੱਚ ਵੀ ਲੈ ਕੇ ਆਇਆ ਹਾਂ ਕਿ ਜਿਹੜਾ ਹੁਣ ਫਲੱਡ ਆਇਆ ਸੀ, ਇਸ ਫਲੱਡ ਤੋਂ ਸਾਨੂੰ ਕੁਝ ਸਿੱਖਣ ਦੀ ਲੋੜ ਹੈ। ਇਸ ਫਲੱਡ ਨਾਲ ਜਾਨੀ ਅਤੇ ਮਾਲੀ ਬਹੁਤ ਭਾਰੀ ਨੁਕਸਾਨ ਹੋ ਚੁੱਕਾ ਹੈ। ਸਾਨੂੰ ਹਾਈਵੇਅ ਦਾ ਸਰਵੇ ਕਰਨਾ ਚਾਹੀਦਾ ਹੈ ਕਿ ਜੇ ਪਿੱਛੋਂ ਦਰਿਆ ਟੁੱਟਦਾ ਹੈ ਤਾਂ ਅੱਗੇ ਪਾਣੀ ਦੀ ਡਾਫ ਲੱਗ ਜਾਣੀ ਹੈ। ਇਸ ਨਾਲ ਪਿਛਲਾ ਸਾਰਾ ਏਰੀਆ ਡੁੱਬ ਕੇ ਮਰ ਜਾਣਾ ਹੈ। ਸੋ, ਇਸ ਲਈ ਅਸੀਂ ਨੈਸ਼ਨਲ ਹਾਈਵੇਅ ਅਥਾਰਿਟੀ ਦੇ ਵੀ ਧਿਆਨ ਵਿੱਚ ਲਿਆਂਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਸਰਵੇ ਕਰ ਰਹੇ ਹਨ। ਜਿਹੜਾ ਦਰਿਆ ਦੇ ਉੱਪਰ ਪੁਲ ਬਣ ਰਿਹਾ ਹੈ, ਜਿਹੜਾ ਕਿ ਧਰਮਕੋਟ ਵਾਲੇ ਪਾਸੇ ਨੂੰ ਜਾ ਰਿਹਾ ਹੈ, ਉਸ ਦੇ ਸਪਾਈਨ ਘੱਟ ਰੱਖੇ ਗਏ ਹਨ। ਇਸ ਨਾਲ ਪਾਣੀ ਦਾ ਫਲੋਅ ਨਹੀਂ ਹੋਵੇਗਾ। ਇਸ ਲਈ ਇਸ ਸਬੰਧ ਵਿੱਚ ਕੋਈ ਕਮੇਟੀ ਬਣਾਈ ਜਾਵੇ ਜਿਸ ਵਿੱਚ ਸਾਨੂੰ ਵੀ ਲੋਕਲ ਐਮ.ਐਲ.ਏ. ਹੋਣ ਦੇ ਨਾਤੇ ਨਾਲ ਜੋੜਿਆ ਜਾਵੇ ਤਾਂ ਕਿ ਅਸੀਂ ਗਰਾਊਂਡ ਲੈਵਲ ਦੀ ਗੱਲ ਰੱਖ ਸਕੀਏ। ਅਸੀਂ ਅਸਲੀਅਤ ਦੱਸ ਸਕੀਏ ਕਿ ਫਲੱਡ ਕਿਉਂ ਆ ਰਹੇ ਹਨ। ਪੁਰਾਣੇ ਨਾਲੇ ਹੁੰਦੇ ਸੀ, ਨਾਲਿਆਂ ਦੇ ਵਿੱਚ ਦੀ ਪਾਣੀ ਨਿਕਲ ਜਾਂਦਾ ਸੀ। ਹੁਣ ਉਹ ਨਾਲੇ ਵਾਹੀਯੋਗ ਬਣ ਗਏ ਹਨ ਜਿਸ ਕਰਕੇ ਫਲੱਡ ਆਉਂਦੇ ਹਨ। ਇਸ ਲਈ ਸਾਡਾ ਹਰ ਵਾਰੀ ਨੁਕਸਾਨ ਹੁੰਦਾ ਹੈ। ਜਿੱਥੇ ਸਰਕਾਰ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ, ਉੱਥੇ ਪਬਲਿਕ ਨੂੰ ਵੀ ਇਸ ਦਾ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਤੁਸੀਂ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਜੀ ਨਾਲ ਜਾ ਕੇ ਦੇਖ ਕੇ ਵੀ ਆਏ ਸੀ। ਮੇਰਾ ਖਿਆਲ ਹੈ ਕਿ ਸਾਡੇ 5 ਪਿੰਡਾਂ ਵਿੱਚ ਝੋਨਾ ਨਹੀਂ ਲੱਗਿਆ ਹੈ। ਉਹ ਖੇਤ ਖਾਲੀ ਪਏ ਹਨ ਅਤੇ ਬੰਜਰ ਪਏ ਹਨ। ਹੁਣ ਕਈਆਂ ਲੋਕਾਂ ਦੇ ਖੇਤਾਂ ਵਿੱਚ ਕਣਕ ਵੀ ਨਹੀਂ ਬੀਜੀ ਜਾ ਸਕੀ ਹੈ। ਸਪੀਕਰ ਸਾਹਿਬ, ਤੁਸੀਂ ਵੀ 10 ਲੱਖ ਰੁਪਿਆ ਉੱਥੇ ਦੇ ਕੇ ਆਏ ਸੀ। ਸੋ, ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੈਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਕੋਈ ਕਮੇਟੀ ਬਣਾ ਕੇ ਇਸ ਤੇ ਕੋਈ ਕੰਮ ਕਰੀਏ ਤਾਂ ਜੋ ਜਿਹੜਾ ਸਾਨੂੰ ਵਾਰ-ਵਾਰ ਇਸ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਆਉਣ ਵਾਲੇ ਸਮੇਂ ਵਿੱਚ ਉਸ ਤੋਂ ਅਸੀਂ ਲੋਕਾਂ ਨੂੰ ਰਾਹਤ ਦਿਵਾ ਸਕੀਏ। ਲੋਕਾਂ ਦਾ ਜਿਹੜਾ ਭਾਰੀ ਨੁਕਸਾਨ ਹੁੰਦਾ ਹੈ ਉਸ ਨੂੰ ਬਚਾ ਸਕੀਏ। ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਤੇ ਛੇਤੀ ਗੌਰ ਕਰਕੇ ਇਸ ਸਬੰਧੀ ਕੋਈ ਕਮੇਟੀ ਬਣਾਈ ਜਾਵੇ। ਬਹੁਤ ਬਹੁਤ ਧੰਨਵਾਦ।

ਸ੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.): ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ ਸਾਡੇ ਇਲਾਕੇ ਵਿੱਚ ਨਹਿਰੀ ਪਾਣੀ ਤਾਂ ਹੈ ਪਰੰਤੂ ਜਿਹੜੇ ਖਾਲ ਸੀ, ਉਹ 20-25 ਸਾਲ ਪਹਿਲਾਂ ਟੁੱਟ ਗਏ ਸਨ। ਇਸ ਕਰਕੇ ਪਹਿਲਾਂ ਅਕਾਲੀ ਸਰਕਾਰ ਵੇਲੇ 2016 ਵਿੱਚ 10 ਪਰਸੈਂਟ ਪੈਸੇ ਭਰਾਏ ਵੀ ਗਏ ਸਨ ਅਤੇ ਕਾਂਗਰਸ ਸਰਕਾਰ ਦੇ ਮੁੱਢਲੇ ਦਿਨਾਂ ਵਿੱਚ ਵੀ ਬਹੁਤ ਸਾਰੇ ਲੋਕਾਂ ਨੇ ਪੈਸੇ ਭਰੇ ਸਨ ਪਰੰਤੂ ਖਾਲ ਨਹੀਂ ਬਣੇ। ਸੋ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਗੱਲ ਦਾ ਐਲਾਨ ਕੀਤਾ ਸੀ ਕਿ ਖਾਲਾਂ ਦੇ ਨਾਲ ਅੰਡਰ-ਗਰਾਊਂਡ ਪਾਈਪਾਂ ਪਾਈਆਂ ਜਾਣਗੀਆਂ। ਸਾਡੀ ਪਾਰਟੀ ਦੀ ਸਰਕਾਰ ਬਣਨ ਦੇ ਤੁਰੰਤ ਬਾਅਦ ਮਾਰਚ-ਅਪ੍ਰੈਲ, 2022 ਵਿੱਚ ਉਹ ਸਰਵੇ ਹੋ ਗਿਆ ਸੀ। ਮੇਰੇ ਹਲਕੇ ਵਿੱਚ 257 ਮੋਘਿਆਂ ਦੀ ਸ਼ਨਾਖਤ ਕੀਤੀ ਗਈ ਸੀ ਕਿ ਇਸ ਕੰਮ ਲਈ ਕਿੰਨੇ ਪੈਸੇ ਲੱਗਣੇ ਹਨ ਅਤੇ ਕਿੰਨੀ ਦੂਰੀ ਤੇ ਲੱਗਣੇ ਹਨ। ਉਨ੍ਹਾਂ ਵਿੱਚੋਂ 15 ਮੋਘਿਆਂ ਦਾ ਇਸ ਸਾਲ ਫੰਡ ਜਾਰੀ ਹੋ ਗਿਆ ਸੀ ਅਤੇ ਉਹ ਮੋਘੇ ਬਣ ਗਏ ਸਨ। ਇਸ ਨਾਲ ਮੋਘੇ ਤੋਂ 6-6 ਕਿਲੋਮੀਟਰ ਦੂਰ ਤੱਕ ਪਾਣੀ ਪਹੁੰਚ ਗਿਆ ਸੀ, ਜਿਨ੍ਹਾਂ ਕਿਸਾਨਾਂ ਨੇ ਪਿਛਲੇ 30-40 ਸਾਲਾਂ ਵਿੱਚ ਪਾਣੀ ਦੇਖਿਆ ਹੀ ਨਹੀਂ ਸੀ। ਸੋ, ਮੈਂ ਜਲ ਸਰੋਤ ਮੰਤਰਾਲੇ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਇਹ ਟਿਊਬਵੈੱਲ ਕਾਰਪੋਰੇਸ਼ਨ ਰਾਹੀਂ ਕੰਮ ਹੋ ਰਿਹਾ ਹੈ, 257 ਮੋਘਿਆਂ ਸਬੰਧੀ ਵੱਧ ਤੋਂ ਵੱਧ ਫੰਡ ਜਾਰੀ ਕੀਤਾ ਜਾਵੇ ਕਿਉਂਕਿ ਮਾਨ ਸਾਹਿਬ ਦੀ ਵੀ ਇਹ ਵਾਰ-ਵਾਰ ਸਟੇਟਮੈਂਟ ਆਉਂਦੀ ਰਹੀ ਹੈ ਕਿ ਅਸੀਂ ਪਿੰਡ ਦੇ ਅਖੀਰਲੇ ਮੋਘੇ ਦੇ ਅਖੀਰਲੇ ਨੱਕੇ ਤੱਕ ਪਾਣੀ ਪਹੁੰਚਾਵਾਂਗੇ। ਇਹ ਲਾਗੂ ਵੀ ਹੋ ਗਿਆ ਹੈ ਅਤੇ ਲੋਕ ਬਹੁਤ ਖੁਸ਼ ਵੀ ਹਨ। ਸਾਡੇ 257 ਮੋਘਿਆਂ ਦੀ ਸ਼ਨਾਖਤ ਪਹਿਲੀ ਵਾਰ ਹੋਈ ਹੈ। ਮੈਂ ਪਿਛਲੇ 5 ਸਾਲ ਐਮ.ਐਲ.ਏ. ਰਿਹਾ ਹਾਂ। ਅਸੀਂ ਇੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਦੇ ਹੁੰਦੇ ਸੀ। ਮੈਂ ਇਸ ਸਬੰਧੀ ਵਾਰ-ਵਾਰ ਪ੍ਰਸ਼ਨ ਵੀ ਲਗਾਇਆ ਸੀ ਪਰੰਤੂ ਉਸ ਤੇ ਕਿਸੇ ਕਿਸਮ ਦੀ ਕੋਈ ਗੌਰ ਨਹੀਂ ਕੀਤੀ ਗਈ। ਸੋ, ਜਿਹੜੇ ਮੋਘਿਆਂ ਦੀ ਸ਼ਨਾਖਤ ਹੋ ਚੁੱਕੀ ਹੈ, ਉਨ੍ਹਾਂ ਦਾ ਫੰਡ ਜਾਰੀ ਕਰਨ ਲਈ ਮੈਂ ਪੰਜਾਬ ਸਰਕਾਰ ਦੇ ਮੰਤਰਾਲੇ ਨੂੰ ਬੇਨਤੀ ਕਰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਜਾਰੀ ਕੀਤਾ ਜਾਵੇ ਤਾਂ ਜੋ ਕਿਸਾਨਾਂ ਨੂੰ ਮੋਘਿਆਂ ਦੇ ਪਾਣੀ ਦੀ ਸਹੂਲਤ ਮਿਲ ਸਕੇ। ਧੰਨਵਾਦ, ਸਪੀਕਰ ਸਾਹਿਬ।

ਮਾਣਯੋਗ ਸਪੀਕਰ: ਸਰਦਾਰ ਗੁਰਮੀਤ ਸਿੰਘ ਖੁੱਡੀਆਂ ਕੁਝ ਕਹਿਣਾ ਚਾਹੁੰਦੇ ਹਨ, let him speak. ਜੀ ਖੁੱਡੀਆਂ ਜੀ।

ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ): ਧੰਨਵਾਦ ਸਪੀਕਰ ਸਾਹਿਬ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਲੰਬੀ ਤੋਂ ਗਿੱਦੜਬਾਹਾ ਵਾਲੀ 17 ਕਿਲੋਮੀਟਰ ਦੀ ਸੜਕ ਹੈ, ਜਿਸ ਨਾਲ ਅਸੀਂ ਲੰਬੀ ਹਲਕੇ ਦੇ ਲੋਕਾਂ ਦਾ ਆਉਣ-ਜਾਣ ਹੁੰਦਾ ਹੈ। ਸਾਡੇ ਜੁਡੀਸ਼ਰੀ ਦਾ ਵੀ ਗਿੱਦੜਬਾਹੇ ਸਾਰਿਆਂ ਦਾ ਆਉਣ-ਜਾਣ ਹੁੰਦਾ ਹੈ। ਇਸ ਤੋਂ ਇਲਾਵਾ ਇਹ ਰਸਤਾ ਸਾਡੇ ਜ਼ਿਲ੍ਹੇ ਸ੍ਰੀ ਮੁਕਤਸਰ ਸਾਹਿਬ ਵਿਖੇ ਜਾਣ ਦਾ ਵੀ ਰਸਤਾ ਹੈ। ਇਸ ਸੜਕ ਦੀ ਹਾਲਤ ਬਹੁਤ ਖਰਾਬ ਹੈ। ਮੈਂ ਚਾਹੁੰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਠੀਕ ਹੋ ਜਾਵੇ।

ਮਾਣਯੋਗ ਸਪੀਕਰ: (ਮੁਸਕਰਾਉਂਦੇ ਹੋਏ) ਇਹ ਤਾਂ ਤੁਸੀਂ ਆਪਣੇ ਗੁਆਂਢੀ ਮੰਤਰੀ ਸਾਹਿਬ ਤੋਂ ਹੀ ਕਰਵਾ ਲੈਣੀ ਸੀ ਜੀ। (ਹਾਸਾ) ਮੈਨੂੰ ਲੱਗਾ ਸੀ ਕਿ ਕੋਈ ਹੋਰ ਗੱਲ ਕਰਨੀ ਹੈ। (ਹਾਸਾ) ਹਾਂ ਜੀ, ਦਵਿੰਦਰਜੀਤ ਸਿੰਘ ਲਾਡੀ ਢੋਸ ਜੀ।

0415/Pawan sharma

ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ): ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੇਰੀ ਮੁੱਖ ਮੰਗ ਸਾਡੇ ਪੰਜਾਂ ਪਿੰਡਾਂ ਨਾਲ ਸਬੰਧਿਤ ਹੈ, ਜਿਸ ਵਿੱਚ ਰੋਲੀ, ਕਪੂਰੇ, ਚੁਗਾਵਾਂ, ਤਲਵੰਡੀ ਭਗੇਰੀਆਂ ਆਦਿ ਪਿੰਡ ਆਉਂਦੇ ਹਨ ਕਿਉਂਕਿ ਮੇਰੇ ਹਲਕੇ ਵਿੱਚ 90 ਪਰਸੈਂਟ ਸੜਕਾਂ ਮੰਡੀ ਬੋਰਡ ਦੇ ਅਧੀਨ ਆਉਂਦੀਆਂ ਹਨ ਅਤੇ ਸਿਰਫ 10 ਪਰਸੈਂਟ ਸੜਕਾਂ ਪੀ.ਡਬਲਊ.ਡੀ. ਦੇ ਅਧੀਨ ਆਉਂਦੀਆਂ ਹਨ। ਇਨ੍ਹਾਂ ਪੰਜਾਂ ਪਿੰਡਾਂ ਨੂੰ ਜਿਹੜੀ main ਸੜਕ ਜੋੜਦੀ ਹੈ, ਉਹ ਪੀ.ਡਬਲਊ.ਡੀ. ਦੇ ਅਧੀਨ ਆਉਂਦੀ ਹੈ। ਮੈਨੂੰ ਲਗਦਾ ਹੈ ਕਿ ਪਿਛਲੇ ਅੱਠਾਂ ਦਸਾਂ ਸਾਲਾਂ ਤੋਂ ਉਸ ਵਿੱਚ ਕੋਈ ਪੈਚ ਵਰਕ ਵੀ ਨਹੀਂ ਹੋਇਆ, ਜਿਸ ਤਰ੍ਹਾਂ ਚੰਨੀ ਸਾਹਿਬ ਕਹਿੰਦੇ ਸਨ। ਮੈਨੂੰ ਪਤਾ ਹੈ ਕਿ ਸੈਂਟਰ ਸਰਕਾਰ ਵੱਲੋਂ ਸਾਡੇ ਆਰ.ਡੀ.ਐਫ ਦੇ 3600 ਕਰੋੜ ਰੁਪਿਆ ਰੁਕਿਆ ਹੋਇਆ ਹੈ ਪਰ ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਪੀ.ਡਬਲਊ.ਡੀ. ਅਧੀਨ ਪੈਂਦੀ ਉਸ ਸੜਕ ਨੂੰ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ ਤਾਂ ਮੈਂ ਧੰਨਵਾਦੀ ਹੋਵਾਂਗਾ।

ਸ੍ਰੀ ਗੁਰਲਾਲ ਘਨੌਰ (ਘਨੌਰ): ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਵੈਸੇ ਤਾਂ ਮੇਰੇ ਹਲਕੇ ਦੀ ਅਤੇ ਪਟਿਆਲਾ ਜ਼ਿਲ੍ਹੇ ਦੀ ਵੀ ਇਹ ਪ੍ਰਾਬਲਮ ਹੈ ਕਿ ਜਿਹੜੇ ਸਾਡੇ ਨੈਸ਼ਨਲ ਹਾਈਵੇਅ ਦੇ ਉੱਪਰ ਟੋਲ ਟੈਕਸ ਬਣੇ ਹੋਏ ਹਨ, ਉਨ੍ਹਾਂ ਦੇ ਅਧੀਨ ਜਿਹੜੇ ਰੋਡ ਆਉਂਦੇ ਹਨ, ਉਨ੍ਹਾਂ ਦੀ ਟਾਈਮ ਦੇ ਨਾਲ ਰਿਪੇਅਰ ਨਹੀਂ ਕੀਤੀ ਜਾਂਦੀ ਅਤੇ ਉੱਥੇ ਨਾ ਹੀ ਵਧੀਆ ਐਂਬੂਲੈਂਸ ਸੇਵਾ ਅਤੇ ਨਾ ਹੀ First Aid Kit ਹੁੰਦੀ ਹੈ। ਟੋਲ ਟੈਕਸ ਵਾਲਿਆਂ ਨੇ ਜਿਹੜੀ ਗ੍ਰੀਨ ਬੈਲਟ ਹੁੰਦੀ ਹੈ, ਉਹ ਵੀ ਆਪਣੇ ਅਧੀਨ ਲੈਣੀ ਹੁੰਦੀ ਹੈ। ਟੋਲ ਟੈਕਸ ਦੇ ਠੇਕੇਦਾਰਾਂ ਵੱਲੋਂ ਟਾਈਮ ਦੇ ਨਾਲ ਉਨ੍ਹਾਂ ਸੜਕਾਂ ਦੀ ਰਿਪੇਅਰ ਨਹੀਂ ਕਰਦੇ ਜਿਵੇਂ ਮੇਰੇ ਸ਼ੰਭੂ ਨੈਸ਼ਨਲ ਹਾਈਵੇਅ ਵਿੱਚ ਵੀ ਇਸ ਤਰ੍ਹਾਂ ਦੀ ਦਿੱਕਤ ਆਉਂਦੀ ਹੈ। ਜਿਵੇਂ ਬਹਾਦਰਗੜ੍ਹ ਦੇ ਨੇੜੇ ਪਟੇਰੀ ਕਲਾਂ ਟੋਲ ਟੈਕਸ ਹੈ, ਉੱਥੇ ਵੀ ਇਸ ਤਰ੍ਹਾਂ ਦੀ ਦਿੱਕਤ ਆਉਂਦੀ ਹੈ। ਮੈਂ ਮਨਿਸਟਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇੱਕ ਵਾਰੀ ਇਨ੍ਹਾਂ ਨੂੰ ਜ਼ਰੂਰ ਚੈੱਕ ਕਰਵਾ ਲਿਆ ਜਾਵੇ। ਵੈਸੇ ਤਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕਾਫੀ ਟੋਲ ਟੈਕਸ ਫ੍ਰੀ ਕਰਵਾ ਦਿੱਤੇ ਹਨ ਅਤੇ ਲੋਕਾਂ ਨੂੰ ਰਾਹਤ ਮਿਲੀ ਹੈ। ਜਿਹੜੇ ਟੋਲ ਟੈਕਸ ਬਾਕੀ ਰਹਿ ਗਏ ਹਨ, ਉਨ੍ਹਾਂ ਨੂੰ ਇੱਕ ਵਾਰੀ ਜ਼ਰੂਰ ਚੈੱਕ ਕਰਵਾ ਲਿਆ ਜਾਵੇ। ਬਹੁਤ ਬਹੁਤ ਧੰਨਵਾਦ ਜੀ।

ਸ੍ਰੀ ਸੰਦੀਪ ਜਾਖੜ (ਅਬੋਹਰ): ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ, ਮੰਤਰੀ ਖੁੱਡੀਆਂ ਸਾਹਿਬ ਵੀ ਬੈਠੇ ਹਨ, ਜਿਹੜੀ ਪੰਜਾਬ ਦੀ ਖੇਤੀਬਾੜੀ ਪਾਲਿਸੀ ਹੈ, ਉਹ ਫਾਈਨਲੀ ਕਮੇਟੀ ਵੱਲੋਂ ਸਰਕਾਰ ਨੂੰ ਪੇਸ਼ ਕੀਤੀ ਗਈ ਹੈ ਅਤੇ ਅਸੀਂ ਕਰੋੜਾਂ ਰੁਪਏ ਕੰਸਲਟਿੰਗ ਕੰਪਨੀ ਨੂੰ ਦਿੱਤੇ ਹਨ। ਕਿਸਾਨ ਭਰਾ ਬਾਰਡਰ ਤੇ ਬੈਠੇ ਹਨ। ਸਪੀਕਰ ਸਾਹਿਬ ਮੇਰੀ ਗੁਜ਼ਾਰਿਸ਼ ਹੈ ਕਿ ਉਸ ਵਾਸਤੇ ਅਸੀਂ ਦੋ ਦਿਨਾਂ ਦਾ ਸਪੈਸ਼ਲ ਸੈਸ਼ਨ ਬੁਲਾਈਏ, ਉਸ ਉੱਤੇ ਚਰਚਾ ਕਰੀਏ ਕਿਉਂਕਿ ਜਿਹੜਾ ਸਾਡਾ ਐਮ.ਐਸ.ਪੀ. ਦਾ ਮਸਲਾ ਹੈ, ਧਰਤੀ ਹੇਠਲਾ ਪਾਣੀ ਖਤਮ ਹੋਣ ਦਾ ਮਸਲਾ ਹੈ ਕਿਉਂਜੋ ਇਸ ਨਾਲ ਸਾਡੀ ਪੈਲੀ ਕਮਜ਼ੋਰ ਹੋ ਰਹੀ ਹੈ, ਇਹ ਸਾਰੇ ਮਸਲੇ ਉਸ ਪਾਲਿਸੀ ਤੋਂ ਨਿਕਲ ਕੇ ਆਉਣੇ ਹਨ। ਜੇਕਰ ਅਸੀਂ ਸਾਰੇ ਇੱਥੇ ਬੈਠਾਂਗੇ, ਉਸ ਉੱਤੇ ਵਿਚਾਰ ਕਰਾਂਗੇ ਅਤੇ ਜਦੋਂ ਪਾਲਿਸੀ ਬਣ ਕੇ ਫਾਈਨਲੀ ਉਸ ਨੂੰ ਲਾਗੂ ਕਰਾਂਗੇ ਤਾਂ ਹੀ ਸਾਡੇ ਕਿਸਾਨ ਭਰਾਵਾਂ ਦਾ, ਮਜ਼ਦੂਰ ਭਰਾਵਾਂ ਦਾ ਮਸਲਾ ਹੱਲ ਹੋਵੇਗਾ। ਸਪੀਕਰ ਸਾਹਿਬ, ਮੈਂ

ਇਹ ਵੀ ਗੁਜ਼ਾਰਿਸ਼ ਕਰਾਂਗਾ ਕਿ ਜਿਹੜੀਆਂ ਸਾਡੀਆਂ ਕਿਸਾਨ ਜਥੇਬੰਦੀਆਂ ਹਨ, ਉਨ੍ਹਾਂ ਨੂੰ ਵੀ ਤੁਸੀਂ ਨਿਯੋਤਾ ਦੇਵੋ, ਤੁਸੀਂ ਆਪ ਖੇਤੀਬਾੜੀ ਵਿੱਚ ਇੰਨੀ ਰੁਚੀ ਰੱਖਦੇ ਹੋ, ਉਨ੍ਹਾਂ ਨੂੰ ਵੀ ਆਪਾਂ ਬੁਲਾਈਏ, ਉਨ੍ਹਾਂ ਨਾਲ ਵੀ ਆਪਾਂ ਸੰਵਾਦ ਕਰੀਏ ਕਿ ਇਹ ਸਾਡੀ ਫਾਈਨਲ ਪਾਲਿਸੀ ਹੈ ਅਤੇ ਇਸ ਦੇ ਵਿੱਚ ਅਸੀਂ ਕੀ ਕੁਝ ਬਦਲਾਅ ਲੈ ਕੇ ਆਉਣਾ ਚਾਹੁੰਦੇ ਹਾਂ ਅਤੇ ਫਿਰ ਅਸੀਂ ਉਸ ਨੂੰ ਲਾਗੂ ਕਰਵਾਈਏ। ਧੰਨਵਾਦ ਸਪੀਕਰ ਸਾਹਿਬ।

ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ): ਧੰਨਵਾਦ ਸਪੀਕਰ ਸਾਹਿਬ । ਸਪੀਕਰ ਸਾਹਿਬ ਮੇਰੀ ਬੇਨਤੀ ਹੈ ਕਿ ਮੇਰੇ ਗੁਰਦਾਸਪੁਰ ਕਾਂਸਟੀਚੂਐਂਸੀ ਦੇ ਵਿੱਚ ਟਰੈਫਿਕ ਦੀ ਬੜੀ ਵੱਡੀ ਸਮੱਸਿਆ ਹੈ ਔਰ ਸਾਲ 2017 ਤੋਂ ਪਹਿਲਾਂ 10 ਸਾਲ ਲੋਕਾਂ ਦੀ ਡਿਮਾਂਡ ਰਹੀ ਹੈ ਕਿ ਨਵਾਂ ਬੱਸ ਸਟੈਂਡ ਚਾਹੀਦਾ ਹੈ ਅਤੇ ਸਾਲ 2017 ਵਿੱਚ ਵੀ ਮੇਰੀ ਇਹ ਹੀ ਕਮਿਟਮੈਂਟ ਸੀ ਅਤੇ ਲੋਕਾਂ ਨੇ ਕਿਹਾ ਸੀ ਕਿ ਜੇਕਰ ਬੱਸ ਸਟੈਂਡ ਬਣਾਓਗੇ ਤਾਂ ਅਗਲੀ ਵਾਰ ਚੁਣ ਲਵਾਂਗੇ। ਮੈਂ ਵੀ ਇਹ ਹੀ ਅਨਾਊਂਸ ਕੀਤਾ ਸੀ ਕਿ ਜੇਕਰ ਮੈਂ ਬਣਾ ਪਾਇਆ ਤਾਂ ਹੀ ਅਗਲੀ ਇਲੈੱਕਸ਼ਨ ਲੜਾਂਗਾ ਨਹੀਂ ਤਾਂ ਨਹੀਂ ਲੜਾਂਗਾ ਔਰ ਇਸ ਕਰਕੇ ਹਾਊਸ ਵਿੱਚ ਬੜੇ ਫਸਟ ਟਾਈਮਰ ਆਏ ਹਨ ਅਤੇ ਸਾਰਿਆਂ ਨੂੰ ਪਤਾ ਹੈ ਕਿ ਪਹਿਲੀ ਵਾਰੀ ਕਿਵੇਂ ਸਟੱਰਗਲ ਕਰਕੇ ਅਤੇ ਕਿਵੇਂ ਆਪਣੇ ਹਲਕੇ ਲਈ ਲੜਾਈ ਲੜਨੀ ਪੈਂਦੀ ਹੈ। ਅਸੀਂ 15 ਕਰੋੜ ਰੁਪਏ ਦੇ ਨਾਲ ਬੱਸ ਸਟੈਂਡ ਤਿਆਰ ਕਰਵਾ ਲਿਆ ਹੈ ਔਰ ਇਸੇ ਕਰਕੇ ਹੀ ਅੱਜ ਇਸ ਸਦਨ ਵਿੱਚ ਚੁਣ ਕੇ ਆਇਆ ਹਾਂ। ਮੇਰੀ ਤੁਹਾਡੇ ਮਾਧਿਅਮ ਰਾਹੀਂ ਇਹ ਹੀ ਬੇਨਤੀ ਹੈ ਕਿ ਉਸ ਬੱਸ ਸਟੈਂਡ ਨੂੰ ਬਣੇ ਨੂੰ ਤਕਰੀਬਨ ਇੱਕ ਸਾਲ ਦਾ ਸਮਾਂ ਹੋ ਗਿਆ ਹੈ, ਜਿਸ ਦੇ ਲਈ ਮੈਂ ਆਪ ਨਿੱਜੀ ਦਿਲਚਸਪੀ ਲੈ ਕੇ ਰਾਜਸਥਾਨ ਜਾ ਕੇ ਉਸ ਬੱਸ ਸਟੈਂਡ ਨੂੰ ਹੈਰੀਟੇਜ ਲੁੱਕ ਦਿੱਤੀ। ਸਾਰੇ ਪੱਥਰ ਪਸੰਦ ਕੀਤੇ। ਉਹ ਬੱਸ ਸਟੈਂਡ ਇੱਕ ਸਾਲ ਤੋਂ ਤਿਆਰ ਹੈ। ਇੱਥੇ ਲੋਕਲ ਬਾਡੀਜ਼ ਮਨਿਸਟਰ ਵੀ ਬੈਠੇ ਹਨ। ਮੈਂ ਉਸ ਬੱਸ ਸਟੈਂਡ ਨੂੰ ਥਰੂ ਇੰਪਰੂਵਮੈਂਟ ਟਰੱਸਟ ਬਣਾਇਆ ਹੈ। ਟਰਾਂਸਪੋਰਟ ਮਨਿਸਟਰ ਵੀ ਬੈਠੇ ਹਨ। ਮੇਰੀ ਬੇਨਤੀ ਹੈ ਕਿ ਉਸ ਬੱਸ ਸਟੈਂਡ ਨੂੰ ਜਲਦੀ ਲੋਕਾਂ ਨੂੰ ਸੌਂਪਿਆ ਜਾਵੇ। ਕਈ ਵਾਰ ਅਜਿਹਾ ਦੇਖਣ ਵਿੱਚ ਆਉਂਦਾ ਹੈ ਕਿ ਇਹ ਇੱਕ ਕਰੈਡਿਟ ਵਾਰ ਹੁੰਦੀ ਹੈ, ਮੇਰਾ ਨੇਚਰ ਕਰੈਡਿਟ ਵਾਲਾ ਨਹੀਂ ਹੈ। ਜਦੋਂ ਮਰਜ਼ੀ most welcome ਸਰਕਾਰ ਆਵੇ, ਉਸ ਦਾ ਉਦਘਾਟਨ ਕਰੇ ਤਾਂ ਜੋ ਜਿਹੜੀ ਸੁਵਿਧਾ ਲੋਕਾਂ ਵਾਸਤੇ ਬਣੀ ਹੈ, ਉਹ ਅਸੀਂ ਲੋਕਾਂ ਨੂੰ ਦੇ ਸਕੀਏ। ਇਸ ਦੇ ਨਾਲ ਮੇਰੀ ਇੱਕ ਛੋਟੀ ਜਿਹੀ ਬੇਨਤੀ ਹੈ ਕਿ ਇੱਕ ਸੜਕ ਜਿਹੜੀ ਗੁਰਦਾਸਪੁਰ ਤੋਂ ਮੁਕੇਰੀਆਂ, ਜਿਸ ਦੇ ਨਾਲ ਦੀਨਾਨਗਰ ਅਤੇ ਮੇਰਾ ਹਲਕਾ ਵੀ ਲੱਗਦਾ ਹੈ, ਬਾਜਵਾ ਸਾਹਿਬ ਦਾ ਵੀ ਲੱਗਦਾ ਹੈ ਅਤੇ ਬਟਾਲੇ ਤੋਂ ਵੀ ਸਾਰੀ ਟਰੈਫਿਕ ਜਾਂਦੀ ਹੈ ।

0415/Abhishek gautam/Pawan sharma

0420/Beant kaur

ਮੇਰੀ ਇੱਕ ਛੋਟੀ ਜਿਹੀ ਬੇਨਤੀ ਹੈ। ਇੱਕ ਸੜਕ ਜਿਹੜੀ ਗੁਰਦਾਸਪੁਰ ਤੋਂ ਮੁਕੇਰੀਆਂ ਜਾਂਦੀ ਹੈ, ਇਸ ਨਾਲ ਦੀਨਾਨਗਰ ਹਲਕਾ ਵੀ ਲਗਦਾ ਹੈ, ਮੇਰਾ ਹਲਕਾ ਵੀ ਲਗਦਾ ਹੈ, ਬਾਜਵਾ ਸਾਹਿਬ ਵਾਲਾ ਵੀ ਲਗਦਾ ਹੈ ਅਤੇ ਬਟਾਲੇ ਤੋਂ ਵੀ ਸਾਰੀ ਟਰੈਫਿਕ ਜਾਂਦੀ ਹੈ। ਪਿਛਲੇ ਸਮੇਂ ਜਦੋਂ ਫਲੱਡ ਆਏ ਸਨ ਤਾਂ ਇਹ ਸਾਰੀ ਸੜਕ ਡੈਮੇਜ ਹੋ ਗਈ ਸੀ। ਪੀ.ਡਬਲਿਊ.ਡੀ ਮੰਤਰੀ ਬੈਠੇ ਹਨ, ਕਾਈਂਡਲੀ ਉਸ ਦੀ ਰਿਪੇਅਰ ਕਰਵਾ ਦਿੱਤੀ ਜਾਵੇ ਤਾਂ ਜੋ ਉਹ ਲੰਘਣਯੋਗ ਬਣ ਜਾਵੇ ਕਿਉਂਕਿ ਪਠਾਨਕੋਟ ਦੀ ਸਾਰੀ ਟਰੈਫਿਕ ਵੀ ਉਸ ਉਪਰੋਂ ਜਾਂਦੀ ਹੈ। Thank you so much.

ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਗਰੀਬ ਵਿਦਿਆਰਥੀਆਂ ਨਾਲ ਸਬੰਧਤ ਬਹੁਤ ਹੀ ਮਹੱਤਵਪੂਰਣ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਐਸਸੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਤਕਰੀਬਨ ਲੱਖ ਕੁ ਵਿਦਿਆਰਥੀ ਅੱਜ ਵੀ ਪੀੜ੍ਹਤ ਹਨ। ਅੱਜ ਵੀ ਉਨ੍ਹਾਂ ਦਾ ਵਜ਼ੀਫਾ ਨਹੀਂ ਦਿੱਤਾ ਜਾ ਰਿਹਾ। 1650 ਕਰੋੜ ਦੇ ਕਰੀਬ ਵਜ਼ੀਫਾ ਅੱਜ ਵੀ ਪੈਂਡਿੰਗ ਹੈ। ਮੈਨੂੰ ਦੱਸਦੇ ਹੋਏ ਬਹੁਤ ਦੁੱਖ ਹੋ ਰਿਹਾ ਹੈ ਕਿ ਲੁਧਿਆਣੇ ਦਾ ਇਕ ਪ੍ਰਾਈਵੇਟ ਕਾਲਜ, ਜਿਸ ਦਾ ਨਾਂ ਗੁਰੂ ਨਾਨਕ ਕਾਲਜ ਫਾਰ ਵਿਮੈਨ ਹੈ, ਜਿੱਥੇ ਬੱਚਿਆਂ ਤੋਂ ਚੈੱਕ ਲਏ ਗਏ ਹਨ। ਉਹ ਚੈੱਕ ਕੋਰਟ ਵਿੱਚ ਲਗਾ ਦਿੱਤੇ ਗਏ ਕਿਉਂਕਿ ਉਹ ਬਾਊਂਸ ਹੋ ਗਏ। ਇਹ ਹੋਣੇ ਹੀ ਸਨ ਕਿਉਂਕਿ ਬੱਚੇ ਫੀਸ ਨਹੀਂ ਦੇ ਸਕਦੇ ਸਨ। ਉਸ ਅਧੀਨ ਬੱਚਿਆਂ ਤੇ ਕੇਸ ਕਰ ਦਿੱਤੇ ਗਏ ਹਨ। ਕੋਰਟ ਵਿੱਚ ਅਨੇਕਾਂ ਕੇਸ ਅੱਜ ਚੱਲ ਰਹੇ ਹਨ। ਸਪੀਕਰ ਸਾਹਿਬ, ਹੈਰਾਨੀ ਦੀ ਗੱਲ ਹੈ ਕਿ ਇਕ ਚੈੱਕ ਕਿਸੇ ਬੱਚੇ ਦੀ ਮਦਰ ਨੇ ਦਿੱਤਾ ਸੀ, ਜਿਸ ਕਾਰਨ ਮਦਰ ਤੇ ਵੀ ਕੇਸ ਹੋ ਗਿਆ। ਜੇਕਰ ਫਰਵਰੀ ਵਿੱਚ ਉਹ 25,000 ਰੁਪਿਆ ਜਮ੍ਹਾਂ ਨਾ ਕਰਵਾ ਸਕੀ ਤਾਂ ਮੈਂ ਸਮਝਦਾ ਹਾਂ ਕਿ ਔਰਤ ਉੱਪਰ ਅਤੇ ਦਲਿਤਾਂ ਉੱਪਰ ਬਹੁਤ ਵੱਡਾ ਅੱਤਿਆਚਾਰ ਹੋਵੇਗਾ। ਮੈਂ ਆਪ ਜੀ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਖਾਸ ਤੌਰ ਤੇ ਆਪਣੇ ਉਨ੍ਹਾਂ ਸਾਥੀਆਂ ਨੂੰ ਕਹਾਂਗਾ ਜਿਹੜੇ ਅੱਜ ਵਿੱਤ ਮੰਤਰੀ ਵੀ ਹਨ, ਮੰਤਰੀ ਵੀ ਹਨ, ਜਿਹੜੇ ਲਗਾਤਾਰ ਇਹ ਸੰਘਰਸ਼ ਕਰਦੇ ਰਹੇ ਹਨ। ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਅੱਜ ਉੱਠਣ, ਜਾਗਣ ਅਤੇ ਅਜਿਹੇ ਬੱਚਿਆਂ ਦੀ, ਜਿਹੜੇ ਅੱਜ ਵੀ ਪੀੜ੍ਹਤ ਹਨ, ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰਨ। ਸਪੀਕਰ ਸਾਹਿਬ, ਸਾਲ 2021 ਵਿੱਚ ਡਾਇਰੈਕਟੋਰੇਟ, ਸ਼ੋਸ਼ਲ ਜਸਟਿਸ, ਇੰਪਾਵਰਮੈਂਟ ਐਂਡ ਮਾਇਨਾਰਟੀਜ਼ ਦਾ ਸਪੈਸ਼ਲ ਫੈਸਲਾ ਵੀ ਆਇਆ ਸੀ ਕਿ ਕੋਈ ਵੀ ਕਾਲਜ ਜਾਂ ਯੂਨੀਵਰਸਿਟੀ ਬੱਚਿਆਂ ਦੀ ਫੀਸ ਜਾਂ ਚੈੱਕ ਜਾਂ ਡਿਗਰੀਜ਼, ਡੀਐਮਸੀਜ਼ ਵਿਦਹੋਲਡ ਨਹੀਂ ਕਰ ਸਕਦੇ। Even recently High Court judgement ਵੀ ਆਈ ਹੈ ਕਿ ਕੋਈ ਵੀ ਕਾਲਜ ਬੱਚਿਆਂ ਦੇ ਸਰਟੀਫਿਕੇਟ ਵਿਦਹੈਲਡ ਨਹੀਂ ਕਰ ਸਕਦਾ। ਸੋ, ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਹੁਕਮ ਕਰੋ, ਮੈਂ ਟੇਬਲ ਤੇ ਕੁਝ ਪੇਪਰਜ਼ ਵੀ ਰੱਖਣਾ ਚਾਹੁੰਦਾ ਹਾਂ ਕਿ ਹਾਈਕੋਰਟ ਦੀ ਜਜਮੈਂਟ ਦੇ ਬੇਸ ਤੇ ਕਾਲਜਾਂ ਨੂੰ ਇਹ ਡਾਇਰੈਕਸ਼ਨਜ਼ ਦਿੱਤੀਆਂ ਜਾਣ ਕਿ ਕੋਈ ਵੀ ਬੱਚਾ ਪ੍ਰਭਾਵਿਤ ਨਾ ਹੋਵੇ, ਕੋਈ ਬੱਚਾ ਪੀੜ੍ਹਤ ਨਾ ਹੋਵੇ। ਧੰਨਵਾਦ।

ਸ੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ) : ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਲਹਿਰਾ ਗਾਗਾ ਵਿਖੇ ਬਾਬਾ ਹੀਰਾ ਸਿੰਘ ਭੱਠਲ ਕਾਲਜ ਬਾਰੇ ਤੁਹਾਡੇ ਮਾਧਿਅਮ ਰਾਹੀਂ ਗੱਲ ਕਰਨੀ ਚਾਹੁੰਦਾ ਹਾਂ। ਬਾਬਾ ਹੀਰਾ ਸਿੰਘ ਭੱਠਲ ਕਾਲਜ ਵਿੱਚ 104 ਮੁਲਾਜ਼ਮ ਕੰਮ ਕਰਦੇ ਹਨ। ਅੱਜ ਉਹ ਮੁਲਾਜ਼ਮ ਉੱਥੇ ਧਰਨੇ ਤੇ ਬੈਠੇ ਹਨ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਹੀਰਾ ਸਿੰਘ ਭੱਠਲ ਕਾਲਜ, ਜਿਹੜਾ ਕਿ 1995 ਤੋਂ ਬਿਲਕੁਲ ਠੀਕ ਠਾਕ ਚੱਲ ਰਿਹਾ ਸੀ, ਉਸ ਨੂੰ ਅਪਸੈੱਟ ਕਰਨ ਵਿੱਚ ਪਿਛਲੀ ਕਾਂਗਰਸ ਸਰਕਾਰ ਪੂਰਨ ਤੌਰ ਤੇ ਜਿੰਮੇਵਾਰ ਹੈ। ਸਪੀਕਰ ਸਾਹਿਬ, ਕਾਂਗਰਸ ਸਰਕਾਰ ਨੇ ਉਨ੍ਹਾਂ 104 ਮੁਲਾਜ਼ਮਾਂ ਨੂੰ 36 ਮਹੀਨੇ ਤਨਖਾਹ ਨਹੀਂ ਦਿੱਤੀ। ਜਿਸ ਕਾਰਨ ਕਾਲਜ ਬੰਦ ਹੋਣ ਦੀ ਕਗਾਰ ਤੇ ਆ ਗਿਆ। ਜਦੋਂ ਕਾਲਜ ਨੂੰ ਬੰਦ ਕਰਨ ਦਾ ਮੁੱਢ ਬੰਨ੍ਹ ਦਿੱਤਾ ਤਾਂ ਕਾਲਜ ਬੰਦ ਹੋ ਗਿਆ। ਜਿਹੜੇ 104 ਮੁਲਾਜ਼ਮ ਸਨ, ਉਹ ਹੁਣ ਧਰਨੇ ਤੇ ਬੈਠੇ ਹਨ ਕਿ ਸਾਨੂੰ ਹੋਰਨਾਂ ਮਹਿਕਮਿਆਂ ਵਿੱਚ ਸ਼ਿਫਟ ਕੀਤਾ ਜਾਵੇ ਅਤੇ ਉਨ੍ਹਾਂ ਦੀ ਮੰਗ ਜਾਇਜ਼ ਹੈ। ਸਪੀਕਰ ਸਾਹਿਬ, ਇਸ ਕਾਲਜ ਨੂੰ ਬੰਦ ਕਰਵਾਉਣ ਲਈ ਜਿਹੜੇ ਲੋਕ ਪੂਰਨ ਤੌਰ ਤੇ ਜ਼ਿੰਮੇਵਾਰ ਹਨ, ਭਾਵੇਂ ਉਹ ਪਿਛਲੀ ਸਰਕਾਰ ਦੇ ਹਲਕਾ ਇੰਚਾਰਜ

ਸਾਬਕਾ ਮੁੱਖ ਮੰਤਰੀ ਹੋਣ, ਭਾਵੇਂ ਪਿਛਲੀ ਸਰਕਾਰ ਵਿੱਚ ਹਲਕਾ ਲਹਿਰਾ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਹੋਣ, ਅੱਜ ਉਹੀ ਲੋਕ ਬਾਂਹਾਂ ਖੜ੍ਹੀਆਂ ਕਰਕੇ ਉੱਥੇ ਉਸ ਧਰਨੇ ਵਿੱਚ ਸ਼ਮੂਲੀਅਤ ਕਰ ਰਹੇ ਹਨ, ਮਾਹੌਲ ਖਰਾਬ ਕਰ ਰਹੇ ਹਨ। ਆਪਣੀਆਂ ਨਲਾਇਕੀਆਂ ਨੂੰ ਜਾਂ ਜੋ ਪਿੱਛੇ ਗਲਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਛੁਪਾਉਣ ਦੀ ਖਾਤਰ ਧਰਨਾ ਲਗਾ ਰਹੇ ਹਨ।

0420/Beant kaur/ Harjinder singh

0425/Karamjit kaur

ਸਰ, ਹੀਰਾ ਸਿੰਘ ਭੱਠਲ ਕਾਲਜ ਜਿੱਥੇ 19 ਏਕੜ ਜ਼ਮੀਨ ਹੈ ਅਤੇ 2 ਲੱਖ 82 ਹਜ਼ਾਰ ਸੁਕੇਅਰ ਫੁੱਟ ਕਵਰਡ ਏਰੀਆ ਹੈ। ਉਥੇ ਵੱਡੀਆਂ ਕੋਠੀਆਂ ਬਣੀਆਂ ਹੋਈਆਂ ਹਨ। ਉਸ ਕਾਲਜ ਨੂੰ ਚਲਾਉਣ ਲਈ ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਕ ਤਾਂ ਉਸ ਗੱਲ ਨੂੰ ਚਲਾਉਣ ਦੀ ਗੱਲ ਕੀਤੀ ਜਾਵੇ। ਦੂਜੀ ਸਰ, ਜਿਹੜੇ 104 ਮੁਲਾਜ਼ਮ ਹਨ, ਜਿਨ੍ਹਾਂ ਨੇ ਅੱਧੀ ਅੱਧੀ ਜਿੰਦਗੀ ਉਥੇ ਕਾਲਜ ਵਿੱਚ ਆਪਣੀ ਨੌਕਰੀ ਕਰਦਿਆਂ ਲਗਾ ਦਿੱਤੀ, ਉਹ ਅੱਜ ਸੜਕਾਂ ’ਤੇ ਹਨ। ਉਨ੍ਹਾਂ ਮੁਲਾਜ਼ਮਾਂ ਦਾ ਛੇਤੀ ਤੋਂ ਛੇਤੀ ਦੂਜੀ ਜਗ੍ਹਾ ਐਡਜਸਟ ਕਰਨ ਦਾ ਪ੍ਰਬੰਧ ਫੌਰਨ ਕੀਤਾ ਜਾਵੇ, ਜਿਹੜੀ ਕਿ ਸਮੇਂ ਦੀ ਜ਼ਰੂਰਤ ਹੈ।

ਡਾਕਟਰ ਵਿਜੈ ਸਿੰਗਲਾ (ਮਾਨਸਾ): ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਨਾਲ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੀਆਂ ਜ਼ਿਆਦਾਤਰ ਲਿੰਕ ਰੋਡਜ਼ ਤੇ ਦੂਜੀਆਂ ਸੜਕਾਂ ਜੋ ਹਨ, ਉਹ ਮੰਡੀਕਰਨ ਬੋਰਡ ਦੇ ਤਹਿਤ ਬਣਾਈਆਂ ਜਾਂਦੀਆਂ ਹਨ। ਮੰਡੀਕਰਨ ਬੋਰਡ ਦਾ ਇੱਕ ਲਾਅ ਹੈ ਕਿ ਜਦੋਂ ਸੜਕ ਬਣੀ ਨੂੰ ਛੇ ਸਾਲ ਹੋ ਜਾਣ ਤਾਂ ਹੀ ਰਿਪੇਅਰ ਕਰਦੇ ਹਨ। ਇਸ ਤੋਂ ਪਹਿਲਾਂ ਨਾ ਤਾਂ ਸੜਕ ਦੀ ਰਿਪੇਅਰ ਹੁੰਦੀ ਹੈ ਅਤੇ ਨਾ ਹੀ ਦੁਬਾਰਾ ਬਣਾਈ ਜਾਂਦੀ ਹੈ ਪਰ ਮਾਨਸਾ ਸ਼ਹਿਰ ਦੀਆਂ ਜਿਹੜੀਆਂ ਸਾਰੀਆਂ ਐਂਟਰੀਜ ਹਨ ਅਤੇ ਸਾਡੀਆਂ ਜੋ ਹੋਰ ਲਿੰਕ ਰੋਡਜ ਹਨ, ਉਹ ਪਾਣੀ ਦੀ ਨਿਕਾਸੀ ਪਰਾਪਰ ਨਾ ਹੋਣ ਕਾਰਨ ਬੁਰੀ ਤਰ੍ਹਾਂ ਟੁੱਟ ਚੁੱਕੀਆਂ ਹਨ। ਮੈਂ ਸਬੰਧਤ ਮਹਿਕਮੇ ਦੇ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਲਾਅ ਵਿੱਚ ਅਮੈਂਡਮੈਂਟ ਕਰਵਾਈ ਜਾਵੇ। ਇਹ ਬਹੁਤ ਹੀ ਲੋੜੀਂਦਾ ਮਸਲਾ ਹੈ ਕਿ ਇਨ੍ਹਾਂ ਸੜਕਾਂ ਦੀ ਜਿੱਥੇ ਰਿਪੇਅਰ ਹੋ ਸਕਦੀ ਹੈ, ਉਨ੍ਹਾਂ ਦੀ ਰਿਪੇਅਰ ਕਰਵਾਈ ਜਾਵੇ, ਜਾਂ ਨਵੀਆਂ ਬਣਾਈਆਂ ਜਾਣ। ਕਿਉਂਕਿ ਇਹ ਸਾਡਾ ਜ਼ਿਲ੍ਹਾ ਹੈਡਕੁਆਰਟਰ ਹੈ, ਜਿਸ ਦੀਆਂ ਚਾਰੋਂ ਸਾਈਡਾਂ ਦੀਆਂ ਜੋ ਸੜਕਾਂ ਹਨ, ਉਹ ਬਿਲਕੁਲ ਖਰਾਬ ਹੋ ਚੁੱਕੀਆਂ ਹਨ। ਮੈਂ ਚਾਹੁੰਦਾ ਹਾਂ ਕਿ ਲਾਅ ਵਿੱਚ ਅਮੈਂਡਮੈਂਟ ਕਰਵਾਈ ਜਾਵੇ ਤਾਂ ਕਿ ਇਨ੍ਹਾਂ ਨੂੰ ਬਣਾਇਆ ਜਾ ਸਕੇ ਅਤੇ ਦੂਰ ਦੁਰਾਡੇ ਤੋਂ ਆਉਣ ਵਾਲੇ ਲੋਕਾਂ ਨੂੰ ਸਹੂਲਤ ਮਿਲ ਸਕੇ।

ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.): ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਪੰਜਾਬ ਦੇ ਲੋਕ ਰਜਿਸਟਰੀਆਂ ਨੂੰ ਲੈ ਕੇ ਬੜੀ ਵੱਡੀ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ ਜੀ। ਲੋਕ ਕਚਿਹਿਰੀਆਂ ਵਿੱਚ ਗੇੜੇ ਮਾਰਦੇ ਹਨ, ਆਪਣੇ ਦਫ਼ਤਰਾਂ ਦੇ ਵਿੱਚ ਵੀ ਮਿਲਣ ਆਉਂਦੇ ਹਨ ਅਤੇ

ਆਪਾਂ ਤਹਿਸੀਲਦਾਰ ਸਾਹਿਬਾਨਾਂ ਨਾਲ ਜਦੋਂ ਗੱਲ ਕਰਦੇ ਹਾਂ ਤਾਂ ਉਹ ਐਨ.ਓ.ਸੀ. ਦੀ ਸਮੱਸਿਆ ਬਾਰੇ ਕਹਿ ਦਿੰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਐਨ.ਓ.ਸੀ. ਦਾ ਕੋਈ ਪੱਕਾ ਹੱਲ ਕੀਤਾ ਜਾਵੇ।

ਸਰ, ਇਸ ਦੇ ਨਾਲ ਹੀ ਇੱਕ ਨਿੱਕੀ ਜਿਹੀ ਹੋਰ ਬੇਨਤੀ ਹੈ, ਮੇਰੇ ਛੋਟੇ ਵੀਰ ਸਰਦਾਰ ਦਵਿੰਦਰ ਸਿੰਘ ਲਾਡੀ ਢੋਸ ਸਾਹਿਬ ਨੇ ਸੜਕਾਂ ਦੀ ਗੱਲ ਕੀਤੀ ਸੀ। ਜਿਹੜੇ ਪਿੰਡਾਂ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਉਹ ਬਿਲਕੁਲ ਮੇਰੇ ਨਾਲ ਦੇ ਪਿੰਡ ਹਨ, ਜਿਵੇਂ ਕਿ ਚੌਗਾਵੇਂ ਤੇ ਕਪੂਰੇ ਦੀ ਗੱਲ ਕੀਤੀ ਹੈ, ਉਹ ਸੜਕਾਂ ਬਿਲਕੁਲ ਬਣਨੀਆਂ ਚਾਹੀਦੀਆਂ ਹਨ, ਉਨ੍ਹਾਂ ਦੀ ਬੜੀ ਮਾੜੀ ਹਾਲਤ ਹੈ ਜੀ। ਮੇਰੀ ਸਬੰਧਤ ਮੰਤਰੀ ਜੀ ਨੂੰ ਬੇਨਤੀ ਹੈ ਕਿ ਜੋ ਇਨ੍ਹਾਂ ਨੇ ਸਵਾਲ ਕੀਤਾ ਹੈ, ਉਸ ਦਾ ਜਲਦੀ ਹੱਲ ਕੀਤਾ ਜਾਵੇ।

ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ): ਸਪੀਕਰ ਸਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਰਫ਼ਤ ਸਰਕਾਰ ਦੇ ਧਿਆਨ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਜਲੰਧਰ ਮਿਉਂਸਿਪਲ ਕਾਰਪੋਰੇਸ਼ਨ ਅੱਜ ਪੰਜਾਬ ਦੇ ਵਿੱਚ ਲੁਧਿਆਣੇ ਤੋਂ ਬਾਅਦ ਸਭ ਤੋਂ ਵੱਡੀ ਕਾਰਪੋਰੇਸ਼ਨ ਹੈ। ਸਾਡੇ ਲੋਕਲ ਬਾਡੀਜ਼ ਮਨਿਸਟਰ ਵੀ ਜਲੰਧਰ ਤੋਂ ਹੀ ਆਉਂਦੇ ਹਨ। ਪਰ ਬੜੇ ਅਫਸੋਸ ਨਾਲ ਇਸ ਹਾਊਸ ਨੂੰ ਦੱਸਣਾ ਪੈਂਦਾ ਹੈ ਕਿ ਇਸ ਮਿਉਂਸਿਪਲ ਕਾਰਪੋਰੇਸ਼ਨ ਵਿੱਚ ਪਿਛਲੇ 15 ਦਿਨਾਂ ਤੋਂ ਕੋਈ ਵੀ ਕਮਿਸ਼ਨਰ ਸਾਹਿਬ ਤਾਇਨਾਤ ਨਹੀਂ ਹਨ। ਪਿਛਲੇ ਇੱਕ ਸਾਲ ਤੋਂ ਸਾਡੇ ਹਾਊਸ ਦਾ ਗਠਨ ਨਹੀਂ ਹੋਇਆ। ਸਰ, ਮੇਰੀ ਸਿਰਫ ਇਹ ਬੇਨਤੀ ਹੈ, ਇਹ ਸਾਡੇ ਸਮੁੱਚੇ ਐਮ.ਐਲ.ਏ ਸਾਹਿਬਾਨਾਂ ਵਲੋਂ ਹੈ ਕਿ ਜਲਦ ਤੋਂ ਜਲਦ ਉਥੇ ਇੱਕ ਕਮਿਸ਼ਨਰ ਸਾਹਿਬ ਦੀ ਤਾਇਨਾਤੀ ਕਰਵਾਈ ਜਾਵੇ। ਧੰਨਵਾਦ ਜੀ।

ਸਰਦਾਰ ਤਰੁਨਪ੍ਰੀਤ ਸਿੰਘ ਸੌਂਦ (ਖੰਨਾ): ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਆਪਣੇ ਹਲਕੇ ਖੰਨਾ ਦੇ ਸਭ ਤੋਂ ਇੰਪੌਰਟੈਂਟ ਪੁਆਇੰਟ ਤੇ ਲਿਆਉਣਾ ਚਾਹੁੰਦਾ ਹਾਂ। ਮੇਰਾ ਹਲਕਾ ਖੰਨਾ ਜੀ.ਟੀ. ਰੋਡ ਦੇ ਉਤੇ ਹੈ ਅਤੇ ਖੰਨੇ ਦੇ ਵਿੱਚ ਦੋ ਵੱਡੀਆਂ ਡਾਈਵਰਸੀਫਿਕੇਸ਼ਨਜ਼ ਹੁੰਦੀਆਂ ਹਨ, ਇੱਕ ਖੰਨੇ ਤੋਂ ਸਮਰਾਲਾ-ਮਾਛੀਵਾੜਾ ਸਾਹਿਬ ਹੋ ਕੇ ਨਵਾਂ ਸ਼ਹਿਰ ਨੂੰ ਰਸਤਾ ਜਾਂਦਾ ਹੈ, ਦੂਜਾ ਖੰਨੇ ਤੋਂ ਮਾਲਰੇਕੋਟਲੇ ਨੂੰ ਰਸਤਾ ਜਾਂਦਾ ਹੈ, ਜਿਹੜੀ ਬੜੀ ਹਿਊਜ ਟ੍ਰੈਫਿਕ ਹੈ, ਵੱਡੇ ਟਿੱਪਰ, ਵੱਡੇ ਟਰਾਲੇ ਜੋ ਹਨ, ਉਹ ਖੰਨੇ ਸ਼ਹਿਰ ਦੇ ਬਿਲਕੁਲ ਵਿੱਚੋਂ ਦੀ ਹੋ ਕੇ ਗੁਜ਼ਰਦੇ ਹਨ ਜਿਸ ਦੇ ਕਰਕੇ ਉਥੇ ਜਾਮ ਲੱਗਿਆ ਰਹਿੰਦਾ ਹੈ। ਅਸੀਂ ਇਸ ਦੀ ਇੱਕ ਪ੍ਰਪੋਜ਼ਲ ਬਣਵਾ ਕੇ ਸਰਕਾਰ ਪਾਸ ਭੇਜ ਚੁੱਕੇ ਹਾਂ ਜੀ। ਖੰਨੇ ਦੀ ਕਮੇਟੀ ਵਿੱਚ ਇਸ ਸਬੰਧੀ ਮਤਾ ਪਾ ਕੇ ਭੇਜਿਆ ਹੈ ਕਿ ਸਾਡੇ ਕੋਲ ਜਗ੍ਹਾ ਹੈਗੀ ਹੈ, ਖੰਨੇ ਵਿੱਚ ਜੀ.ਟੀ. ਰੋਡ ਤੋਂ ਲੈ ਕੇ ਦੁਕਾਨਾਂ ਤੱਕ 22-22 ਮੀਟਰ ਜਗ੍ਹਾ ਦੋਵੇਂ ਪਾਸੇ ਵੇਕੈਂਟ ਪਈ ਹੈ, ਮੈਂ ਤਾਂ ਕਹਿੰਦਾ ਹਾਂ ਕਿ ਮੰਡੀ ਗੋਬਿੰਦਗੜ੍ਹ ਵੀ ਵਿੱਚ ਐਡ ਕਰ ਦਿਉ ਤਾਂ ਇਹ ਸਾਰੀ ਜ਼ਿੰਦਗੀ ਲਈ ਬੜਾ ਵੱਡਾ ਕਾਰਜ ਹੋ ਜਾਵੇਗਾ, ਉਸ ਦੇ ਦੋਵੇਂ ਪਾਸੇ ਸਬ ਰੋਡਜ਼ ਬਣਾ ਦਿਉ ਔਰ ਇਹ ਸਮੱਸਿਆ ਤਾਅ-ਜ਼ਿੰਦਗੀ ਲਈ ਖਤਮ ਹੋ ਜਾਵੇਗੀ ਅਤੇ ਅਸੀਂ ਇਸ ਗੱਲ ਲਈ ਧੰਨਵਾਦੀ ਹੋਵਾਂਗੇ ਜੀ।

0425/Karamjit kaur/ Harjinder singh

0430/harpreet singh

CALLING ATTENTION NOTICES UNDER RULE 66

(ਕ੍ਰਮ ਨੰ: 2)

ਮਾਣਯੋਗ ਸਪੀਕਰ: ਅਗਲੀ ਆਈਟਮ, ਧਿਆਨ ਦਿਵਾਊ ਨੋਟਿਸ। ਡਾ. ਸੁਖਵਿੰਦਰ ਕੁਮਾਰ ਸੁੱਖੀ ਜੀ। ਹੁਣ ਤੁਸੀਂ ਬੋਲੋਂਗੇ।

ਡਾਕਟਰ ਸੁਖਵਿੰਦਰ ਕੁਮਾਰ ਸੁੱਖੀ: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਭਾਵ ਰਾਜ ਵਿਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਡੇਂਗੂ ਦੇ ਕੇਸਾਂ ਵਿਚ ਭਾਰੀ ਵਾਧਾ ਹੋਇਆ ਹੈ। ਰਾਜ ਵਿਚ ਇਸ ਵਾਰ ਡੇਂਗੂ ਕਾਰਨ ਕਈ ਮੌਤਾਂ ਵੀ ਹੋਈਆਂ ਹਨ। ਰਾਜ ਸਰਕਾਰ ਵੱਲੋਂ ਇਸ ਸਾਲ ਡੇਂਗੂ ਦੀ ਰੋਕਥਾਮ ਕਰਨ ਦੇ ਬਹੁਤ ਸਾਰੇ ਪ੍ਰਬੰਧ ਕਰਨ ਦੇ ਦਾਅਵੇ ਕੀਤੇ ਗਏ ਪਰ ਇਸ ਦੇ ਬਾਵਜੂਦ ਡੇਂਗੂ ਕੇਸਾਂ ਦੀ ਗਿਣਤੀ ਘਟਣ ਦੀ ਬਜਾਏ ਹੋਰ ਵੱਧ ਗਈ ਹੈ। ਅਖਬਾਰਾਂ ਵਿਚ ਹਰ ਰੋਜ਼ ਡੇਂਗੂ ਕਾਰਨ ਬਿਮਾਰ ਨੌਜੁਆਨ, ਬਜ਼ੁਰਗ, ਔਰਤਾਂ ਤੇ ਬੱਚਿਆਂ ਦੇ ਬਿਮਾਰ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਤੋਂ ਪਤਾ ਚੱਲਦਾ ਹੈ ਕਿ ਸਰਕਾਰ ਇਸ ਗੰਭੀਰ ਮਾਮਲੇ ਪ੍ਰਤੀ ਗੰਭੀਰ ਨਹੀਂ ਹੈ ਅਤੇ ਸਰਕਾਰ ਵਿਸ਼ੇਸ਼ ਡੇਂਗੂ ਲਾਰਵਾ ਚੈਕਿੰਗ ਅਭਿਆਨ ਅਤੇ ਡੇਂਗੂ ਵਿਰੁੱਧ ਭਾਈਚਾਰਕ ਭਾਗੀਦਾਰੀ ਬਣਾਉਣ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਸਰਕਾਰ ਨੇ ਡੇਂਗੂ ਦੀ ਬਿਮਾਰੀ ਦੀ ਰੋਕਥਾਮ ਲਈ ਕੇਵਲ ਅਖਬਾਰਾਂ ਵਿਚ ਬਿਆਨ ਤੋਂ ਇਲਾਵਾ ਗਰਾਉਂਡ ਤੇ ਕੋਈ ਸਾਰਥਕ ਕੰਮ ਨਹੀਂ ਕੀਤਾ, ਜਿਸ ਕਾਰਨ ਰਾਜ ਦੇ ਲੋਕਾਂ ਵਿਚ ਦਹਿਸ਼ਤ, ਮਾਯੂਸੀ ਅਤੇ ਸ਼ੰਕਾਂ ਦਾ ਮਾਹੌਲ ਬਣਿਆ ਹੋਇਆ ਹੈ। ਇਸ ਲੋਕ ਹਿੱਤ ਦੇ ਮਾਮਲੇ ਤੇ ਤੁਰੰਤ ਸੋਚਣ ਅਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਡੇਂਗੂ ਦੀ ਰੋਕਥਾਮ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ): ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਕ ਲੋਕਹਿੱਤ ਦੇ ਮੁੱਦੇ ਤੇ ਸਦਨ ਦਾ ਧਿਆਨ ਖਿੱਚਿਆ ਹੈ। ਮੈਂ ਮਾਨਯੋਗ ਮੈਂਬਰ ਸਮੇਤ ਸਾਰੇ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਡੇਂਗੂ ਦੇ ਕੇਸਿਜ਼ ਹਰ ਸਾਲ ਹੁੰਦੇ ਹਨ ਅਤੇ ਅਲਟਰਨੇਟ ਸਾਲਾਂ ਵਿਚ, ਜੇਕਰ ਮੈਂ ਗੱਲ ਕਰਾਂ ਸਾਲ 2021 ਵਿਚ 22,000 ਕੇਸਿਜ਼ ਹੋਏ ਸੀ ਅਤੇ ਇਸ ਸਾਲ ਤਕਰੀਬਨ 12,000 ਕੇਸ ਹੋਏ ਹਨ ਅਤੇ ਪਿਛਲੇ ਸਾਲ 11 ਹਜ਼ਾਰ ਕੇਸ ਹੋਏ। ਇਸ ਵਾਰੀ ਅਸੀਂ ਪਿਛਲੀ ਵਾਰ ਨਾਲੋਂ 10 ਫੀਸਦੀ ਟੈਸਟ ਵਧਾਏ ਹਨ। ਕਿਤੇ ਨਾ ਕਿਤੇ ਜਿਹੜੇ ਸਰਕਾਰ ਨੇ ਬੰਦੋਬਸਤ ਕੀਤੇ ਸਨ, ਉਸਦਾ ਹੀ ਨਤੀਜਾ ਹੈ ਕਿ ਇਸ ਵਾਰ ਡੇਂਗੂ ਕਾਰਨ ਹੋਈਆਂ ਮੌਤਾਂ ਪਿਛਲੇ ਦੋ ਸਾਲਾਂ ਵਿਚੋਂ ਸਭ ਤੋਂ ਘੱਟ ਹੋਈਆਂ ਹਨ। ਇਸ ਸਾਲ 13 ਮੌਤਾਂ ਰਿਪੋਰਟ ਹੋਈਆਂ, ਪਿਛਲੇ ਸਾਲ 41 ਅਤੇ ਉਸ ਤੋਂ ਪਿਛਲੇ ਸਾਲ 55 ਮੌਤਾਂ ਰਿਪੋਰਟ ਹੋਈਆਂ ਹਨ। ਇਸ ਦੇ ਬਾਵਜੂਦ ਵੀ ਇਹ ਬਹੁਤ ਗੰਭੀਰ ਮੁੱਦਾ ਹੈ ਅਤੇ ਇਸੇ ਲਈ ਇਸ ਨੂੰ ਇਕ ਲੋਕ ਲਹਿਰ ਬਣਾਉਣ ਲਈ ਮਾਨਯੋਗ ਮੁੱਖ ਮੰਤਰੀ ਜੀ ਨੇ ਖੁਦ ਇਕ ਨਵੀਂ ਕੰਪੇਨ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਸ਼ੁਰੂ ਕੀਤੀ। ਇਕ ਨਵੀਂ ਸੋਚ ਦੇ ਨਾਲ ਸਿਹਤ

ਮਹਿਕਮੇ ਦੀ ਅਗਵਾਈ ਵਿਚ ਸਥਾਨਕ ਸਰਕਾਰ ਵਿਭਾਗ, ਪੰਚਾਇਤ ਵਿਭਾਗ ਅਤੇ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਸਮੇਤ ਚਾਰਾਂ ਮਹਿਕਮਿਆਂ ਦੀ ਕਮੇਟੀ ਬਣਾ ਕੇ ਸਾਡੇ ਆਸ਼ਾ ਵਰਕਰ ਤੋਂ ਲੈ ਕੇ ਸਬੰਧਤ ਮਹਿਕਮਿਆਂ ਦੀਆਂ 20 ਹਜ਼ਾਰ ਤੋਂ ਵੱਧ ਕਮੇਟੀਆਂ ਬਣਾਈਆਂ ਗਈਆਂ ਹਨ, ਜਿਨ੍ਹਾਂ ਨਾਲ ਅਸੀਂ ਤਕਰੀਬਨ 28 ਲੱਖ ਘਰਾਂ ਵਿਚ ਜਾ ਕੇ ਡੇਂਗੂ ਦਾ ਲਾਰਵਾ ਚੈੱਕ ਕੀਤਾ ਹੈ। ਇਸ ਵਿਚੋਂ ਹੈਰਾਨੀ ਦੀ ਗੱਲ ਹੈ ਕਿ ਸਾਨੂੰ 49 ਹਜ਼ਾਰ ਘਰਾਂ ਵਿਚੋਂ ਡੇਂਗੂ ਦਾ ਲਾਰਵਾ ਮਿਲਿਆ ਹੈ, ਜਦੋਂ ਕਿ ਕੇਸ ਕੇਵਲ 12,000 ਰਿਪੋਰਟ ਹੋਏ ਹਨ। ਘਰਾਂ ਵਿਚੋਂ ਫਰਿਜ ਦੇ ਹੇਠਾਂ ਪਾਣੀ ਦੀ ਟਰੇਅ ਵਿਚੋ, ਕੂਲਰਾਂ ਦੇ ਪਾਣੀ ਵਿਚੋਂ, ਪੰਛੀਆਂ ਲਈ ਰੱਖੇ ਪਾਣੀ ਵਿਚੋਂ ਅਤੇ ਕਿਸੇ ਉਸਾਰੀ ਕੰਮ ਚੱਲ ਰਹੇ ਹਨ, ਉੱਥੇ ਪਏ ਪਾਣੀ ਵਿਚੋਂ ਲਾਰਵਾ ਮਿਲਿਆ ਹੈ। ਮੈਂ ਖੁਦ ਹਰ ਸ਼ੁਕਰਵਾਰ ਨੂੰ ਚੈੱਕ ਕਰਦਾ ਹਾਂ। ਇਸੇ ਤਰ੍ਹਾਂ ਸਾਰੇ ਮੰਤਰੀ ਸਾਹਿਬਾਨ ਵੀ ਚੈੱਕ ਕਰਦੇ ਹਨ। ਸਾਡੇ ਵਿਰੋਧੀ ਧਿਰ ਦੇ ਨੇਤਾ ਦਾ ਘਰ ਵੀ ਸਾਡੇ ਕੋਲ ਹੀ ਹੈ, ਮੈਂ ਉਨ੍ਹਾਂ ਦਾ ਘਰ ਵੀ ਚੈੱਕ ਕੀਤਾ ਹੈ। ਉੱਥੋਂ ਵੀ ਸਾਨੂੰ ਡੇਂਗੂ ਦਾ ਲਾਰਵਾ ਮਿਲਿਆ ਹੈ। ਸੋ, ਸਾਨੂੰ ਸਾਰਿਆ ਨੂੰ ਆਪਣੇ ਹਲਕਿਆਂ ਵਿਚ ਇਸ ਕੰਪੈਨ ਨੂੰ ਲੀਡ ਕਰਨ ਦੀ ਲੋੜ ਹੈ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਜਿਹੜੇ ਪਰਿਵਾਰ ਵਿਚ ਡੇਂਗੂ ਹੋ ਜਾਂਦਾ ਹੈ ਅਤੇ ਜੇਕਰ ਡੇਂਗੂ ਖਤਰਨਾਕ ਹੋਵੇ ਤਾਂ ਕਈ ਵਾਰ ਉਨ੍ਹਾਂ ਨੂੰ ਬਹੁਤ ਮੁਸ਼ਕਿਲ ਪੇਸ਼ ਆ ਜਾਂਦੀ ਹੈ। ਸਰਕਾਰ ਨੇ ਪੂਰੇ ਬੰਦੋਬਸਤ ਕੀਤੇ ਹੋਏ ਹਨ। ਸਾਡੇ ਮੁੱਖ ਮੰਤਰੀ ਜੀ ਦਾ ਜਨਮ ਦਿਨ ਸੀ, ਉਨ੍ਹਾਂ ਨੇ ਆਪਣੇ ਜਨਮ ਦਿਨ ਮੌਕੇ ਇਹ ਕੰਪੈਨ ਸ਼ੁਰੂ ਕਰਵਾਈ। ਉਨ੍ਹਾਂ ਨੇ ਮੈਨੂੰ ਕਿਹਾ ਕਿ ਡਾਕਟਰ ਸਾਹਿਬ, ਮੈਨੂੰ ਜਨਮ ਦਿਨ ਤੇ ਕੋਈ ਤੋਹਫ਼ਾ ਨਹੀਂ ਚਾਹੀਦਾ, ਮੈਂ ਖ਼ੂਨਦਾਨ ਕਰਨਾ ਹੈ। ਉੱਥੇ 6 ਹਜ਼ਾਰ ਤੋਂ ਵੱਧ ਲੋਕਾਂ ਨੇ ਖ਼ੂਨਦਾਨ ਕੀਤਾ ਤਾਂ ਕਿ ਲੋਕਾਂ ਨੂੰ ਪਲੇਟਲੈਟਸ ਦੀ ਕਮੀ ਨਾ ਆਵੇ। ਇਹ ਪਹਿਲੀ ਵਾਰ ਹੋਇਆ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਸਾਡੇ ਕੋਲ 1500 ਬੈੱਡ ਹਨ। ਸਾਡੇ ਕੋਲ ਕਿਸੇ ਵੀ ਸਰਕਾਰੀ ਹਸਪਤਾਲ ਵਿਚ 100-150 ਤੋਂ ਵੱਧ ਬੈਡਾਂ ਤੇ ਡੇਂਗੂ ਦੇ ਕੇਸ ਨਹੀਂ ਆਏ। ਅਸੀਂ ਆਪਣੀ ਪੂਰੀ ਤਿਆਰੀ ਕੀਤੀ ਹੋਈ ਹੈ, ਪਲੇਟਲੈਟਸ ਦੀ ਕੋਈ ਕਮੀ ਨਹੀਂ, ਮੈਡੀਸਨਜ਼ ਦੀ ਕੋਈ ਕਮੀ ਨਹੀਂ। ਜੇ ਲੋੜ ਹੈ ਤਾਂ ਇਸ ਨੂੰ ਜਨਤਕ ਮੁਹਿੰਮ ਬਣਾਉਣ ਦੀ ਲੋੜ ਹੈ। ਇਹ ਪਹਿਲੀ ਵਾਰ ਕੋਸ਼ਿਸ਼ ਕੀਤੀ ਗਈ ਹੈ ਕਿ ਚਾਰ ਮਹਿਕਮਿਆਂ ਦੀ, ਚਾਰ ਮੰਤਰੀਆਂ ਦੀ ਹੇਠਲੇ ਪੱਧਰ ਤੇ ਕਮੇਟੀਆਂ ਬਣਾਈਆਂ ਹਨ। ਸਿਹਤ ਮਹਿਕਮੇ ਵੱਲੋਂ ਰੈਗੁਲਰ ਅਲਰਟ ਜਾਰੀ ਕੀਤੇ ਗਏ ਹਨ। ਜੇਕਰ ਕਿਸੇ ਏਰੀਏ ਵਿਚੋਂ 5 ਕੇਸ ਆ ਗਏ

0430/harpreet singh/BS khokhar

0435/amandeep kaur

ਘਰ ਘਰ ਜਾ ਕੇ ਆਸ਼ਾ ਵਰਕਰ, ਸਾਡੀਆਂ ਸਟੂਡੈਂਟ ਨਰਸਿਜ਼, ਸਾਡੇ ਜਿਹੜੇ ਟਰੇਂਡ ਬਰੀਡਿੰਗ ਚੈਕਰ ਅਤੇ ਸਾਡੇ ਸਿਹਤ ਮਹਿਕਮੇ ਦੇ ਬੰਦੇ ਘਰ ਘਰ ਜਾ ਕੇ ਅਸੀਂ ਲਾਰਵਾ ਡਿਸਟਰਾਏ ਕੀਤਾ ਪਰੰਤੂ ਇੰਨਾ ਜ਼ਿਆਦਾ ਲਾਰਵਾ ਪੰਜਾਬ ਦੇ ਵਿੱਚ ਆਇਆ ਕਿ ਸਾਨੂੰ ਜਨਤਕ ਮੂਵਮੈਂਟ ਬਨਾਉਣ ਦੇ ਲਈ ਇਹ ਸਾਡੀ ਕੰਪੇਂਨ ਲਗਾਤਾਰ ਚੱਲੇਗੀ। ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਸਾਰਿਆਂ ਨੂੰ ਵੀ ਅੱਗੇ ਆਉਣ ਦੀ ਲੋੜ ਹੈ। ਇਸ ਦੇ ਲਈ ਅਸੀਂ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਹੈ ਜੀ। ਐਜੂਸੈਟ ਜਿਹੜਾ ਪਲੈਟਫਾਰਮ ਹੈ ਜਿਹੜੀ ਟੈਕਨਾਲੋਜੀ ਹੈ, ਅਸੀਂ ਉਸ ਵੀ ਯੂਜ਼ ਕਰ ਰਹੇ ਹਾਂ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਜਿਹੜੇ ਡੇਂਗੂ ਦੇ ਪੇਸ਼ੈਂਟਸ ਹਨ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ,

ਇਸ ਦੇ ਵਾਸਤੇ ਸਾਡੇ ਕੋਲ ਪਲੈਂਟੀ ਆਫ ਪਲੇਟਲੈਟਸ ਅਤੇ ਹਸਪਤਾਲਾਂ ਦੇ ਵਿੱਚ ਬੈੱਡਸ ਅਵੇਲੇਬਲ ਹਨ। ਇਹ ਸਾਡੀ ਬਰੀਫਲੀ ਕੋਸ਼ਿਸ਼ ਹੈ।

ਡਾਕਟਰ ਸੁਖਵਿੰਦਰ ਕੁਮਾਰ ਸੁੱਖੀ : ਧੰਨਵਾਦ ਮੰਤਰੀ ਸਾਹਿਬ। ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਗੱਲ 22 ਹਜ਼ਾਰ ਜਾਂ 12 ਹਜ਼ਾਰ ਦੀ ਨਹੀਂ ਹੈ। ਬੰਗਾ ਹਲਕੇ ਦਾ ਐਸਾ ਕੋਈ ਵੀ ਪਿੰਡ ਨਹੀਂ ਹੈ ਜਿੱਥੇ ਕਿ ਡੇਂਗੂ ਨਾਲ ਕੋਈ ਡੈਥ ਨਾ ਹੋਈ ਹੋਵੇ। ਇਸ ਤਰ੍ਹਾਂ ਨਾ ਕਰੀਏ ਕਿ ਮੈਂ ਡੇਂਗੂ ਤੇ ਸਵਾਲ ਕਰਾਂ ਤੇ ਮੰਤਰੀ ਸਾਹਿਬ ਇਸ ਤੇ ਜਵਾਬ ਦੇ ਦੇਣ। ਮੈਨੂੰ ਪਤਾ ਹੈ ਇਸ ਵਿੱਚ ਸਰਕਾਰ ਦਾ ਬਹੁਤ ਵੱਡਾ ਰੋਲ ਨਹੀਂ ਹੈ। ਪਿਛਲੀ ਵਾਰ 22000 ਕੇਸਿਸ ਸਨ ਪਰ ਡੈਥ ਰੇਟ ਬਹੁਤ ਘੱਟ ਸੀ। ਪਤਾ ਨਹੀਂ ਕੀ ਕਾਰਨ ਹੈ। ਇਸ ਵਾਰ ਡੇਂਗੂ ਫੀਵਰ ਨਾਲ ਕੰਪਲੀਕੇਸ਼ਨਜ਼ ਹੋ ਰਹੀਆਂ ਹਨ, ਬਹੁਤ ਜ਼ਿਆਦਾ ਨੰਬਰ ਨਾਲ ਡੈਥਸ ਹੋ ਰਹੀਆਂ ਹਨ। ਮੇਰੀ ਬੇਨਤੀ ਹੈ ਕਿ ਇਸ ਤੇ ਗੌਰ ਕੀਤਾ ਜਾਵੇ ਕਿ ਇਸ ਵਾਰ ਡੈਥਸ ਕਿਉਂ ਜ਼ਿਆਦਾ ਹੋਈਆਂ ਹਨ। ਦੂਸਰਾ , ਗੌਰਮਿੰਟ ਤੇ ਪ੍ਰਾਈਵੇਟ ਹਸਪਤਾਲਾਂ ਦਾ ਇਹ ਹਾਲ ਹੈ ਕਿ ਪੈਰਾਸੀਟਾਮੋਲ ਤੋਂ ਇਲਾਵਾ ਦੇਣਾ ਹੀ ਕੁਝ ਨਹੀਂ ਹੈ। ਇਸ ਦੇ ਬਾਵਜੂਦ ਨਵਾਂਸ਼ਹਿਰ ਦੇ ਵਿੱਚ ਜੇ ਤੁਸੀਂ ਕਿਸੇ ਪਿੰਡ ਵਿੱਚ ਵੀ ਚਲੇ ਜਾਓ ਤੁਹਾਨੂੰ ਦੋ ਚਾਰ ਪੇਸ਼ੈਂਟ ਅਜਿਹੇ ਮਿਲ ਜਾਣਗੇ ਜਿਹੜੇ ਲੱਖਾਂ ਦਾ ਬਿਲ ਦੇ ਕੇ ਆਏ ਹਨ। ਆਪਾਂ ਕਿਸੇ ਨੂੰ ਇਹ ਵੀ ਕਦੀ ਗਾਈਡ ਨਹੀਂ ਕਰ ਪਾਏ ਕਿ ਅਸੀਂ ਟੈਸਟ ਫੀਵਰ ਤੋਂ ਕਿੰਨੇ ਦਿਨਾਂ ਬਾਅਦ ਕਰਵਾਉਣਾ ਹੈ। ਕਈ ਵਾਰ ਚੌਥੇ ਦਿਨ ਟੈਸਟ ਕਰਵਾਈਏ ਤਾਂ ਨੈਗੇਟਿਵ ਆਉਂਦਾ ਹੈ ਤੇ ਛੇਵੇਂ ਦਿਨ ਕਰਵਾਉਂਦੇ ਹਾਂ ਤਾਂ ਪਾਜ਼ਿਟਿਵ ਆ ਜਾਂਦਾ ਹੈ ਕਿਉਂਕਿ ਥੱਲੜੇ ਲੈਵਲ ਤੇ ਇਹ ਕਲੈਰਿਟੀ ਨਹੀਂ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਬਹੁਤ ਜ਼ਿਆਦਾ ਡੈੱਥਸ ਹੋ ਰਹੀਆਂ ਹਨ। ਜਿਹੜੇ ਪ੍ਰਾਈਵੇਟ ਹਸਪਤਾਲ ਹਨ ਉਹ ਕਦੇ ਵੀ ਡੇਲੀ ਰਿਪੋਰਟ ਨਹੀਂ ਕਰਦੇ। ਮੈਨੂੰ ਸਮਝ ਨਹੀਂ ਆਉਂਦੀ ਕਿ ਰਿਪੋਰਟਾਂ ਕਿੱਥੋਂ ਆਉਂਦੀਆਂ ਹਨ ਕਿ ਗਿਣਤੀ 12000 ਹੈ। ਮੈਂ ਆਪਣੇ ਸ਼ਹਿਰ ਦੇ ਵਿੱਚ ਦੋ ਤਿੰਨ ਹਸਪਤਾਲਾਂ ਨੂੰ ਫੋਨ ਕੀਤਾ ਕਿ ਤੁਸੀਂ ਰਿਪੋਰਟਿੰਗ ਕਿੱਥੇ ਕਰਦੇ ਹੋ। ਉਹ ਕਹਿੰਦੇ ਕਿ ਅਸੀਂ ਕਈ ਵਾਰ ਕਰ ਦਿੰਦੇ ਹਾਂ ਤੇ ਕਈ ਵਾਰ ਨਹੀਂ ਕਰਦੇ ਹਾਂ। ਡੇਂਗੂ ਹੋਣਾ ਤੇ ਪਾਜ਼ੀਟਿਵ ਆਉਣਾ ਇਹ ਦੋ ਵੱਖਰੀਆਂ ਵੱਖਰੀਆਂ ਗੱਲਾਂ ਹਨ। ਜਿਹੜੀ ਗੱਲ ਮੰਤਰੀ ਜੀ ਕਰ ਰਹੇ ਹਨ ਕਿ ਪਲੇਟਲੈਟਸ ਅਸੀਂ ਦੇ ਦਿੰਦੇ ਹਾਂ, 10-12 ਹਜ਼ਾਰ ਰੁਪਿਆ ਲੱਗਦਾ ਹੈ। ਸਿਵਾਏ ਡਿਸਟ੍ਰਿਕਟ ਲੈਵਲ ਦੇ ਹਸਪਤਾਲਾਂ ਦੇ ਸਬ-ਡਵੀਜ਼ਨਲ ਲੈਵਲ ਤੇ ਇਹ ਫੈਸਿਲਿਟੀ ਨਹੀਂ ਹੈ। ਸੋ, ਮੇਰੀ ਬੇਨਤੀ ਹੈ ਕਿ ਅਸੀਂ ਨੰਬਰਜ਼ ਤੇ ਨਾ ਜਾਈਏ। ਤੁਸੀਂ ਐਕਚੁਲ ਸਥਿਤੀ ਪਤਾ ਕਰੋ। ਜਦੋਂ ਆਪਾਂ ਲੋਕਾਂ ਦੇ ਘਰ ਅਫਸੋਸ ਤੇ ਜਾਂਦੇ ਹਾਂ ਤਾਂ ਅੱਗੋਂ ਦੱਸਦੇ ਹਨ ਕਿ ਸੈੱਲ ਘੱਟ ਗਏ ਸਨ। ਕਿਸੇ ਅਨਪੜ੍ਹ ਨੂੰ ਵੀ ਪੁੱਛ ਲਵੋ ਉਹ ਵੀ ਦੱਸ ਦੇਵੇਗਾ ਕਿ ਸੈੱਲ ਘੱਟ ਗਏ ਸਨ, ਇਹ ਨਹੀਂ ਪਤਾ ਡੇਂਗੂ ਨਾਲ ਘੱਟੇ ਹਨ ਜਾਂ ਕਾਹਦੇ ਨਾਲ ਘੱਟੇ ਹਨ। ਪਰ ਡੈੱਥਸ ਹੋ ਰਹੀਆਂ ਹਨ। ਸੋ, ਮੇਰੀ ਬੇਨਤੀ ਹੈ ਕਿ ਇੱਕ ਤਾਂ ਜਿਹੜੇ ਲੋਕਾਂ ਨੂੰ ਪਲੇਟਲੈਟਸ ਚਾਹੀਦੀਆਂ ਹਨ, ਉਸ ਦਾ ਰੇਟ ਬਹੁਤ ਜ਼ਿਆਦਾ ਹੈ, ਉਹ ਸਰਕਾਰੀ ਪੱਧਰ ਤੇ ਕੀਤਾ ਜਾਵੇ। ਦੂਸਰਾ ਪੰਚਾਇਤਾਂ ਅਤੇ ਲੋਕਲ ਬਾਡੀਜ਼ ਕੋਲ ਬਜਟ ਨਹੀਂ ਹੈ । ਸਰਵੇ ਕਰਨ ਦਾ ਮਤਲਬ ਇਹ ਨਹੀਂ ਕਿ ਅਸੀਂ ਪਤਾ ਕਰ ਲਿਆ ਕਿ ਲਾਰਵਾ ਹੈ। ਉਸ ਨੂੰ ਮਾਰਨਾ ਕਿਵੇਂ ਹੈ? ਸਰ, ਡੇਂਗੂ ਨਾਲ ਲੋਕ ਰੋਜ਼ ਮਰ ਰਹੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਲਈ ਬਜਟ ਵੀ ਦਿੱਤਾ ਜਾਵੇ। ਪੇਂਡੂ ਅਤੇ ਸ਼ਹਿਰੀ ਲੈਵਲ ਤੇ ਇਸ ਦੀ ਰੋਕਥਾਮ ਲਈ ਕੁਝ ਕੀਤਾ ਜਾਵੇ।

ਮੰਤਰੀ: ਸਪੀਕਰ ਸਾਹਿਬ, ਜਿੱਥੋਂ ਤੱਕ ਸਪਰੇਅ ਦੀ ਗੱਲ ਹੈ ਤਾਂ ਸਾਡੀਆਂ ਕੋਆਡੀਨੇਟਿਡ ਐਫਰਟਸ ਹਨ , ਲੋਕਲ ਬਾਡੀਜ਼, ਪੰਚਾਇਤਾਂ ਅਤੇ ਬੀ.ਡੀ.ਪੀ.ਓ ਤੋਂ ਦਵਾਈ ਸਬੰਧੀ ਕਿਤੋਂ ਵੀ ਰਿਪੋਰਟ ਨਹੀਂ ਕੀਤੀ ਗਈ ਕਿ ਸਾਡੇ ਕੋਲ ਦਵਾਈ ਨਹੀਂ ਹੈ। ਸਾਡੇ ਕੋਲ ਮੋਸਕਿਟੋ ਵਾਲੀ ਮੈਡੀਸਿਨ ਦੀ ਕਿਤੇ ਵੀ ਕੋਈ ਕਮੀ ਨਹੀਂ ਹੈ। Fumigation ਰੈਗੂਲਰਲੀ ਚਲਦੀ ਹੈ। ਕਿਤੇ ਵੀ ਕੋਈ ਦਿੱਕਤ ਨਹੀਂ ਹੈ। ਸਿਹਤ ਮਹਿਕਮਾ ਜਿੱਥੇ ਲੋੜ ਹੈ ਉੱਥੇ ਇਨਡੋਰ ਫੋਗਿੰਗ ਵੀ ਅਸੀਂ ਕਰਦੇ ਹਾਂ। ਪਹਿਲੀ ਵਾਰੀ ਪਿੰਡਾਂ ਦੇ ਪੌਂਡ , ਛੱਪੜ ਅਤੇ ਦੂਜੇ ਲਾਰਜ ਸਕੇਲ ਤੇ gambusia ਕਿਸਮ ਦੀ ਜਿਹੜੀ ਮੱਛੀ ਹੈ, ਅਸੀਂ ਬਾਈਲਾਜੀਕਲ ਮੈਥਡ ਵੀ ਅਡਾਪਟ ਕਰ ਰਹੇ ਹਾਂ।

0435/amandeep kaur/BS khokhar

0440/Tarlochan Singh

ਜਦੋਂ ਬਠਿੰਡਾ ਵਿੱਚ ਚੈੱਕ ਕੀਤਾ ਤਾਂ ਜਿੰਨੇ ਵੀ ਬੰਦਿਆਂ ਨੂੰ ਡੇਂਗੂ ਹੋਇਆ ਸੀ, ਉਨ੍ਹਾਂ ਦੇ ਘਰ ਵਿੱਚ ਫਰਿੱਜ ਦੀ ਟਰੇਅ ਵਿੱਚੋਂ ਡੇਂਗੂ ਮਿਲਿਆ ਸੀ। ਘਰ ਵਿੱਚੋਂ ਬਰੀਡਿੰਗ ਦੇ ਸੈਂਪਲ ਮਿਲੇ ਸਨ। ਸੋ, ਕਿਤੇ ਨਾ ਕਿਤੇ ਅਵੇਅਰਨੈੱਸ ਦੀ ਲੋੜ ਹੈ। ਜਿਹੜਾ ਇਨ੍ਹਾਂ ਨੇ ਡੈੱਥਜ਼ ਦਾ ਡਾਟਾ ਦਿੱਤਾ ਹੈ, ਮੈਂ ਉਸ ਨਾਲ ਸਹਿਮਤ ਨਹੀਂ ਹਾਂ। ਸਾਡਾ ਡਾਟਾ ਮੈਥੋਡੋਲੋਜੀਕਲੀ ਕੁਲੈਕਟ ਕੀਤਾ ਹੈ। ਇਸ ਸਾਲ ਪਿਛਲੇ ਸਾਲ ਨਾਲੋਂ ਮੌਤਾਂ ਘੱਟ ਹੋਈਆਂ ਹਨ। ਫਿਰ ਵੀ ਮੈਂ ਕਹਿੰਦਾ ਹਾਂ ਕਿ ਇੱਕ ਵੀ ਮੌਤ ਦੁੱਖਦਾਈ ਹੈ। ਇਸ ਵਿੱਚ ਸਰਕਾਰ ਵੱਲੋਂ ਕੋਈ ਥੁੜ੍ਹ ਨਹੀਂ ਹੈ। ਫਿਊਮੀਕੇਸ਼ਨ ਕਰਨ ਲਈ ਵੀ ਕੋਆਰਡੀਨੇਟਿਡ ਐਫਰਟਜ਼ ਹਨ। ਜਿਵੇਂ ਪਿਛਲੇ ਸਾਲ ਵੀ ਕੇਸ ਆਏ ਸਨ, ਜਿੱਥੇ ਕਿਤੇ ਵੀ 5 ਤੋਂ ਵੱਧ ਕੇਸਿਜ਼ ਆ ਜਾਂਦੇ ਹਨ, ਅਸੀਂ ਉਸ ਨੂੰ ਹੌਟ ਸਪੌਟਜ਼ ਕਹਿੰਦੇ ਹਾਂ। ਸਾਨੂੰ ਹੁਸ਼ਿਆਰਪੁਰ ਵਿੱਚ ਦਿੱਕਤ ਆਈ ਸੀ। ਆਮ ਆਦਮੀ ਕਲੀਨਿਕ ਤੋਂ ਵੀ ਸਾਨੂੰ ਫੀਵਰ ਦੇ ਕੇਸਿਜ਼ ਦਾ ਡਾਟਾ ਮਿਲਦਾ ਹੈ। ਕੁਝ ਇੱਕ ਡੈਥਜ਼ ਇਸ ਦੀ ਕੋਮੌਰਬਿਲਿਟੀ ਕਰਕੇ ਹੁੰਦੀਆਂ ਹਨ। ਇਸ ਵਾਸੀ ਡੈੱਥਜ਼ ਘੱਟ ਹੋਈਆਂ ਹਨ। ਹੁਸ਼ਿਆਰਪੁਰ ਵਿੱਚ ਕੇਸ ਆਏ ਹਨ ਤਾਂ ਅਸੀਂ ਡੋਰ ਟੂ ਡੋਰ ਕੰਪੇਨ ਕਰਵਾਈ ਹੈ, ਸਾਰਾ ਸਟਾਫ ਅਸੀਂ ਉਥੇ ਝੌਂਕ ਦਿੱਤਾ ਸੀ। ਹੁਸ਼ਿਆਰਪੁਰ ਦੇ ਨਰਸਿੰਗ ਕਾਲਜਾਂ ਨੂੰ ਵੀ ਨਾਲ ਲਗਾਇਆ ਅਤੇ ਡੇਂਗੂ ਦੇ ਲਾਰਵੇ ਨੂੰ ਡਿਸਟਰਾਏ ਕੀਤਾ। ਜਿੱਥੇ ਸਪਰੇਅ ਦੀ ਲੋੜ ਸੀ, ਉਥੇ ਸਪਰੇਅ ਕੀਤੀ ਅਤੇ ਫਿਊਮੀਕੇਸ਼ਨ ਕੀਤੀ। ਮੈਂ ਸਿਰਫ ਇਸ ਹਾਲ ਵਿੱਚ ਬੈਠਿਆਂ ਨੂੰ ਹੀ ਨਹੀਂ ਸਗੋਂ ਜਿੰਨੇ ਵੀ ਪੰਜਾਬੀ ਅਤੇ ਦੇਸ਼ ਦੇ ਲੋਕ ਸੁਣ ਰਹੇ ਹਨ, ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਡੇਂਗੂ ਦਾ ਮੱਛਰ ਹੈ, ਇਹ ਤੁਹਾਡੇ ਘਰ ਵਿੱਚ ਹੀ ਪੈਦਾ ਹੁੰਦਾ ਹੈ। ਤੁਹਾਡੇ ਘਰ ਵਿੱਚ ਹੀ, ਫਰਿੱਜ ਦੇ ਨੀਚੇ, ਕੂਲਰ ਵਿੱਚ, ਪੰਛੀਆਂ ਨੂੰ ਰੱਖੇ ਪਾਣੀ ਦੇ ਕਟੋਰੇ ਵਿੱਚ, ਸੁੱਟੇ ਹੋਏ ਬਰਤਨਾਂ ਵਿੱਚ, ਅਣਗਹਿਲੀ ਨਾਲ ਕੋਈ ਡੱਬਾ ਰੱਖਿਆ ਜਾਂਦਾ ਹੈ, ਉਸ ਵਿੱਚ ਇਹ ਬਰੀਡ ਕਰਦਾ ਹੈ ਅਤੇ ਇੱਕ ਹਫਤੇ ਬਾਅਦ ਉਡ ਜਾਂਦਾ ਹੈ। ਇਸ ਲਈ ਹਰ ਸ਼ੁੱਕਰਵਾਰ ਨੂੰ ਸਭ ਕੁਝ ਸੁਕਾ ਦਿਉ ਤਾਂ ਕਿ ਇਸ ਦੇ ਲਾਈਫ ਸਾਈਕਲ ਨੂੰ ਡਿਸਰਪਟ ਕੀਤਾ ਜਾ ਸਕੇ। ਇਸ ਨੂੰ ਲੋਕ ਲਹਿਰ ਬਣਾਉਣਾ ਪਵੇਗਾ। ਬਾਕੀ ਸਰਕਾਰ ਵੱਲੋਂ ਕੋਈ ਕਮੀ ਨਹੀਂ ਹੈ, ਜੇਕਰ ਪਲੇਟਲੈਟਸ ਦੀ ਲੋੜ ਹੈ ਤਾਂ ਸਰਕਾਰੀ ਹਸਪਤਾਲ ਤੋਂ ਲਵੋ। ਸਾਡੇ ਕੋਲ ਬੈੱਡਜ਼ ਖਾਲੀ ਪਏ ਹਨ, ਸਟਾਫ ਵੀ ਹੈ ਅਤੇ ਅਸੀਂ ਸਾਰਾ ਇਲਾਜ ਫਰੀ ਕਰ ਰਹੇ ਹਾਂ।

ਮਾਣਯੋਗ ਸਪੀਕਰ : ਮੰਤਰੀ ਜੀ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਪਿਛਲੇ ਦਿਨਾਂ ਵਿੱਚ ਫਰੀਦਕੋਟ ਦੇ ਇੱਕ ਪਿੰਡ ਵਿੱਚ ਡੇਂਗੂ ਦੇ ਇਲਾਜ ਲਈ ਸਾਮਾਨ ਚਾਹੀਦਾ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਮੈਨੂੰ ਫੋਨ ਕੀਤਾ

ਅਤੇ ਮੈਂ ਮੰਤਰੀ ਜੀ ਨੂੰ ਕਿਹਾ ਅਤੇ ਮੰਤਰੀ ਜੀ ਨੇ ਸਿਰਫ 10 ਮਿੰਟ ਵਿੱਚ ਸਾਰਾ ਅਰੇਂਜਮੈਂਟ ਕਰਵਾ ਦਿੱਤਾ ਅਤੇ ਪਰਿਵਾਰ ਨੂੰ ਬੜੀ ਸ਼ਾਂਤੀ ਮਿਲੀ। ਸੋ, ਮੰਤਰੀ ਸਾਹਿਬ, ਤੁਹਾਡਾ ਧੰਨਵਾਦ।

(ਕ੍ਰਮ ਨੰਬਰ 13)

ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ : ਧੰਨਵਾਦ ਸਪੀਕਰ ਸਾਹਿਬ। ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦੀ ਹਾਂ ਅਰਥਾਤ ਜੋ ਬੱਚੇ ਪਰਮਾਤਮਾ ਕਰਕੇ ਅਕਸਰ ਹੀ ਅੰਗਹੀਣ ਪੈਦਾ ਹੁੰਦੇ ਹਨ, ਦਿਮਾਗੀ ਤੌਰ ਤੇ ਵਿਕਸਿਤ ਨਹੀਂ ਹੁੰਦੇ, ਉਹ ਆਪਣੇ ਮਾਂ ਬਾਪ ਦੀ ਬੇਕਦਰੀ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਬੱਚਿਆਂ ਦੀ ਹਾਲਤ ਬਹੁਤ ਹੀ ਤਰਸਯੋਗ ਹੁੰਦੀ ਹੈ। ਇਸ ਦੇ ਨਾਲ ਹੀ ਕੁਝ ਬੱਚੇ ਅਜਿਹੇ ਵੀ ਹਨ ਜਿਨ੍ਹਾਂ ਦੇ ਮਾਤਾ ਪਿਤਾ ਦੀ ਮੌਤ ਉਨ੍ਹਾਂ ਦੇ ਜਨਮ ਸਮੇਂ ਜਾਂ ਥੋੜ੍ਹੀ ਜਿਹੀ ਦੇਰ ਬਾਅਦ ਹੋ ਜਾਂਦੀ ਹੈ, ਜਿਸ ਕਰਕੇ ਉਨ੍ਹਾਂ ਦਾ ਕੋਈ ਵੀ ਸਹਾਰਾ ਨਾ ਹੋਣ ਕਰਕੇ ਜ਼ਿੰਦਾ ਰਹਿਣਾ ਵੀ ਮੁਸ਼ਕਲ ਹੈ। ਮੇਰੀ ਸਰਕਾਰ ਨੂੰ ਗੁਜ਼ਾਰਿਸ਼ ਹੈ ਇਨ੍ਹਾਂ ਬੱਚਿਆਂ ਦੀ ਤਰਸਯੋਗ ਹਾਲਤ ਨੂੰ ਦੇਖਦੇ ਹੋਏ, ਇਨ੍ਹਾਂ ਬੱਚਿਆਂ ਨੂੰ ਵਿਸ਼ੇਸ਼ ਪੈਨਸ਼ਨ ਜਾਂ ਮਾਲੀ ਸਹਾਇਤਾ ਦੀ ਸਹੂਲਤ ਬਿਨਾ ਕਿਸੇ ਸ਼ਰਤ ਤੇ ਪਹਿਲ ਦੇ ਆਧਾਰ ਤੇ ਮਿਲਣੀ ਚਾਹੀਦੀ ਹੈ ਅਤੇ ਨਾਲ ਹੀ ਇਨ੍ਹਾਂ ਦੇ ਸਰੀਰਕ ਰੋਗ, ਬਿਮਾਰੀ ਦੇ ਇਲਾਜ ਲਈ ਵੀ ਇਲਾਜ ਦਾ ਖਰਚਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਵੀ ਸਮਾਜ ਵਿੱਚ ਆਮ ਨਾਗਰਿਕ ਦੀ ਤਰ੍ਹਾਂ ਸਹੀ ਜੀਵਨ ਜੀ ਸਕਣ। ਸਬੰਧਤ ਮੰਤਰੀ ਜੀ ਮਾਮਲੇ ਦੀ ਅਤਿ ਮਹੱਤਤਾ ਨੂੰ ਦੇਖਦੇ ਹੋਏ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ (ਡਾਕਟਰ ਬਲਜੀਤ ਕੌਰ) : ਆਨਰੇਬਲ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦੀ ਹਾਂ ਕਿ ਸਮਾਜਿਕ ਸੁਰੱਖਿਆ ਵਿਭਾਗ ਬੇਸਹਾਰਾ ਤੇ ਲੋੜਵੰਦਾਂ ਲਈ ਬੁਢਾਪਾ ਪੈਨਸ਼ਨ, ਵਿਧਵਾ, ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ, ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਅਤੇ ਦਿਵਿਆਂਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇ ਰਿਹਾ ਹੈ।

ਮੈਂਬਰ ਸਾਹਿਬਾ ਦਾ ਇਹ ਸਵਾਲ ਮੰਦਬੁੱਧੀ ਬੱਚਿਆਂ ਅਤੇ ਆਸ਼ਰਿਤ ਬੱਚਿਆਂ ਵੱਲ ਕੇਂਦਰਿਤ ਹੈ। ਆਸ਼ਰਿਤ ਬੱਚੇ ਜੋ ਕਿ ਮਾਤਾ ਪਿਤਾ ਦੀ ਮੌਤ ਹੋ ਜਾਣ ਕਾਰਨ ਜਾਂ ਲੰਮੇ ਸਮੇਂ ਤੋਂ ਮਾਤਾ ਪਿਤਾ ਤੋਂ ਦੂਰ ਰਹਿਣ ਕਾਰਨ ਜਾਂ ਦੋਨੋ ਮਾਤਾ ਪਿਤਾ ਅਪੰਗ ਹੋਣ ਕਾਰਨ, ਜੇਕਰ ਇਸ ਤਰ੍ਹਾਂ ਦੇ ਬੱਚੇ ਧਿਆਨ ਵਿੱਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਪੈਨਸ਼ਨ ਬਿਨਾ ਕਿਸੇ ਸ਼ਰਤ ਦੇ ਲਗਾਈ ਜਾਂਦੀ ਹੈ ਭਾਵ ਕਿ ਜਿਹੜੀ ਇਨਕਮ ਵਾਲੀ ਸ਼ਰਤ ਹੈ, ਉਹ ਉਨ੍ਹਾਂ ਤੋਂ ਹਟਾਈ ਗਈ ਹੈ। ਦਿਵਿਆਂਗਜਨ ਬੱਚਿਆਂ ਨੂੰ, 50% ਡਿਸਐਬਿਲਿਟੀ ਵਾਲੇ ਬੱਚਿਆਂ ਨੂੰ ਇਹ ਪੈਨਸ਼ਨ ਲਗਾਈ ਜਾਂਦੀ ਹੈ ਪਰ ਮੰਦਬੁੱਧੀ ਬੱਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਵਿੱਚ ਪਰਸੈਂਟੇਜ ਆਫ ਡਿਸਐਬਿਲਿਟੀ ਦਾ ਕਰਾਈਟੇਰੀਆ ਵੀ ਖਤਮ ਕੀਤਾ ਹੋਇਆ ਹੈ। ਸੋ, ਉਨ੍ਹਾਂ ਨੂੰ ਵੀ ਅਸੀਂ ਬਿਨਾਂ ਸ਼ਰਤ ਪੈਨਸ਼ਨ ਦੇ ਰਹੇ ਹਾਂ।

0445/mehak

ਇਸ ਵੇਲੇ ਪੰਜਾਬ ਸਰਕਾਰ 2,12,448 ਆਸ਼ਰਿਤ ਬੱਚੇ, 2,59,568 ਦਿਵਿਆਂਗ ਬੱਚੇ ਤੇ ਉਨ੍ਹਾਂ ਵਿੱਚੋਂ 12,396 ਮੰਦ ਬੁੱਧੀ ਬੱਚਿਆਂ ਨੂੰ ਪੈਨਸ਼ਨ ਦੇ ਰਹੀ ਹੈ।

ਸ੍ਰੀਮਤੀ ਸਰਵਜੀਤ ਕੌਰ ਮਾਣੂਕੇ: ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦਾ ਇੱਕ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਮੈਂ ਪਿਛਲੀ ਵਾਰੀ ਅੰਗਹੀਣਾਂ ਵਾਸਤੇ ਇੱਕ ਮਸਲਾ ਚੁੱਕਿਆ ਸੀ ਤੇ ਉਹ ਇਨ੍ਹਾਂ ਨੇ ਪੂਰਾ ਕੀਤਾ ਹੈ। ਹੁਣ ਮੇਰਾ ਧਿਆਨ ਦਿਵਾਊ ਮਤਾ ਲਿਆਉਣ ਦਾ ਇੱਕੋ ਹੀ ਮਕਸਦ ਹੈ ਕਿ ਜਦੋਂ ਬੱਚੇ ਹਸਪਤਾਲਾਂ ਵਿੱਚ ਅੰਗਹੀਣ ਪੈਦਾ ਹੁੰਦੇ ਹਨ ਜਾਂ ਦਿਮਾਗੀ ਤੌਰ ਤੇ ਵਿਕਸਿਤ ਪੈਦਾ ਨਹੀਂ ਹੁੰਦੇ ਤਾਂ ਉਸ ਸਮੇਂ ਕਈ ਮਾਂ ਬਾਪ ਬੱਚਿਆਂ ਤੋਂ ਖਹਿੜਾ ਛੁਡਾਉਣ ਲਈ ਬੱਚਿਆਂ ਨੂੰ ਜਾਂ ਤਾਂ ਅਨਾਥ ਆਸ਼ਰਮ ਵੱਲ ਧੱਕਦੇ ਹਨ ਜਾਂ ਉਨ੍ਹਾਂ ਨੂੰ ਸਮਾਜ ਦੀ ਬੇਕਦਰੀ ਸਹਿਣੀ ਪੈਂਦੀ ਹੈ। ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਲਿਆਉਣਾ ਚਾਹੁੰਦੀ ਹਾਂ ਕਿ ਜਦੋਂ ਪਤਾ ਲੱਗ ਗਿਆ ਕਿ ਇਸ ਬੱਚੇ ਨੇ ਹੁਣ ਵਿਕਸਿਤ ਨਹੀਂ ਹੋਣਾ ਹੈ ਤਾਂ ਉਸੇ ਸਮੇਂ ਸਿਹਤ ਵਿਭਾਗ ਨਾਲ ਡਿਸਕਸ ਕਰਕੇ ਕੋਈ ਐਸੀ ਪਾਲਿਸੀ ਲਿਆਂਦੀ ਜਾਵੇ ਕਿ ਉਸ ਬੱਚੇ ਦੇ ਜਿੰਦਾ ਰਹਿਣ ਤੱਕ ਉਸ ਦੇ ਮਾਂ ਬਾਪ ਦੀ ਪੈਨਸ਼ਨ ਤਾਂ ਕਿ ਉਹ ਬੱਚੇ ਦੇ ਅਟੈਂਡੈਂਟ ਬਣ ਜਾਣ ਤੇ ਉਸ ਬੱਚੇ ਦੀ ਵੀ ਪੈਨਸ਼ਨ ਲਗਾਈ ਜਾਵੇ ਤਾਂ ਜੋ ਕਿਸੇ ਪੇਰੈਂਟਸ ਦੀ ਬੱਚੇ ਨੂੰ ਸੜਕ ਤੇ ਸੁੱਟਣ ਦੀ ਹਿੰਮਤ ਨਾ ਪਵੇ ਜਿਸ ਕਰਕੇ ਉਹ ਬੱਚਾ ਅਨਾਥ ਆਸ਼ਰਮ ਵਿੱਚ ਬੇਕਦਰੀ ਦਾ ਸ਼ਿਕਾਰ ਹੋਵੇ।

ਮੰਤਰੀ: ਮਾਣਯੋਗ ਸਪੀਕਰ ਸਾਹਿਬ, ਜਿੱਥੋਂ ਤੱਕ ਬੱਚੇ ਦੇ ਜਨਮ ਦੇ ਤੁਰੰਤ ਬਾਅਦ ਮੰਦ ਬੁੱਧੀ ਬੱਚੇ ਦੀ ਪੈਨਸ਼ਨ ਲਗਾਉਣ ਦਾ ਸਵਾਲ ਹੈ ਤਾਂ ਇਸ ਬਾਰੇ ਮੈਂ ਥੋੜ੍ਹਾ ਜਿਹਾ ਐਕਸਪਲੇਨ ਕਰਾਂਗੀ ਕਿ ਬਹੁਤੀ ਵਾਰ ਬੱਚੇ ਦੇ ਜਨਮ ਦੇ ਤੁਰੰਤ ਬਾਅਦ ਬੱਚੇ ਦੀ ਮੈਨਟਲ ਡਿਸਏਬਿਲਿਟੀ ਡਿਟੈਕਟ ਨਹੀਂ ਹੁੰਦੀ ਕਿਉਂਕਿ ਜਿਹੜੇ ਬਾਅਦ ਵਿੱਚ ਮਾਈਲਸਟੋਨ ਡਿਵੈਲਪ ਹੁੰਦੇ ਹਨ, ਉਨ੍ਹਾਂ ਦੇ ਬੇਸ ਤੇ ਕਈ ਵਾਰ ਡਿਲੇਅਡ ਮੈਨਟਲ ਡਿਸਏਬਿਲਿਟੀ ਡਿਟੈਕਟ ਹੁੰਦੀ ਹੈ ਤਾਂ ਕਰਕੇ ਤੁਰੰਤ ਵਾਲੀ ਗੱਲ ਮਾਣਯੋਗ ਸਿਹਤ ਮੰਤਰੀ ਜੀ ਨਾਲ ਮਿਲ ਕੇ ਡਿਸਕਸ ਕਰ ਲਵਾਂਗੇ ਅਤੇ ਜਿਹੜੇ ਸਰਜੀਕਲੀ ਡਿਸਏਬਲ ਬੱਚੇ ਜਿਨ੍ਹਾਂ ਨੂੰ ਜਨਮ ਤੋਂ ਤੁਰੰਤ ਬਾਅਦ ਮੈਨਟਲੀ ਚੈਲੈਂਜਡ ਡਿਕਲੇਅਰ ਕਰ ਸਕਦੇ ਹਾਂ ਉਨ੍ਹਾਂ ਲਈ ਕੀ ਪਾਲਿਸੀ ਬਣਾਈ ਜਾ ਸਕਦੀ ਹੈ, ਇਸ ਨੂੰ ਸਿਹਤ ਮੰਤਰੀ ਜੀ ਵਧੀਆ ਐਕਸਪਲੇਨ ਕਰ ਸਕਦੇ ਹਨ।

ਮਾਣਯੋਗ ਸਪੀਕਰ: ਠੀਕ ਹੈ ਜੀ। ਧੰਨਵਾਦ।

(ਕ੍ਰਮ ਨੰ: 20)

ਡਾਕਟਰ ਵਿਜੈ ਸਿੰਗਲਾ: ਸ੍ਰੀਮਾਨ ਜੀ, ਮੈਂ ਸਥਾਨਕ ਸਰਕਾਰਾਂ ਮੰਤਰੀ ਦਾ ਧਿਆਨ ਲੋਕ ਮਹੱਤਤਾ ਦੇ ਅਤਿ ਜ਼ਰੂਰੀ ਵਿਸ਼ੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਸ਼ਹਿਰ ਮਾਨਸਾ ਵਿੱਚ ਸੀਵਰੇਜ਼ ਸਿਸਟਮ ਦਾ ਬਹੁਤ ਬੁਰਾ ਹਾਲ ਹੈ। ਸੀਵਰੇਜ਼ ਦਾ ਪਾਣੀ ਗਲੀਆਂ ਅਤੇ ਨਾਲੀਆਂ ਵਿੱਚ ਭਰਿਆ ਹੋਇਆ ਹੈ ਕਿਉਂਕਿ ਸੀਵਰੇਜ ਦੇ ਪਾਣੀ ਦੇ ਐਸ.ਟੀ.ਪੀ.

ਪਲਾਂਟ ਦੀ ਕੈਪੇਸਿਟੀ ਬਹੁਤ ਘੱਟ ਹੋਣ ਕਾਰਨ ਅੱਗੇ ਪਾਣੀ ਦਾ ਵਹਾਅ ਜਾਂ ਪਾਣੀ ਦਾ ਡਿਸਪੋਜ਼ਲ ਕਿਤੇ ਨਹੀਂ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਅਤਿ ਮਹੱਤਵ ਵਿਸ਼ੇ ਤੇ ਬਿਆਨ ਦੇਣ ਦੀ ਖੇਚਲ ਕਰਨ।

ਸਥਾਨਕ ਸਰਕਾਰ ਮੰਤਰੀ (ਸਰਦਾਰ ਬਲਕਾਰ ਸਿੰਘ): ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮਾਨਸਾ ਸ਼ਹਿਰ ਵਿਖੇ ਸੀਵਰੇਜ਼ ਦੀ ਸਮੱਸਿਆ ਦਾ ਕਾਰਨ ਮਾਨਸਾ ਸ਼ਹਿਰ ਦੇ ਨਜ਼ਦੀਕ ਸੀਵਰੇਜ਼ ਦੇ ਪਾਣੀ ਦੀ ਨਿਕਾਸੀ ਲਈ ਕੋਈ ਡਰੇਨ ਮੌਜੂਦ ਨਹੀਂ ਹੈ। ਸੀਵਰੇਜ ਦਾ ਪਾਣੀ ਸੋਧ ਕੇ ਸਿੰਚਾਈ ਲਈ ਵਰਤਿਆ ਜਾਂਦਾ ਹੈ। ਪਾਣੀ ਨੂੰ ਇੱਕ ਟੋਭੇ ਵਿੱਚ ਸਟੋਰ ਕੀਤਾ ਜਾਂਦਾ ਹੈ ਜਿਸ ਦੀ ਸਮਰੱਥਾ ਬਰਸਾਤਾਂ ਦੇ ਦੌਰਾਨ ਸਿਰਫ ਇੱਕ ਦਿਨ ਦੀ ਹੈ। ਇਸ ਲਈ ਸੀਵਰੇਜ਼ ਦਾ ਪਾਣੀ ਸੀਵਰੇਜ ਟ੍ਰੀਟਮੈਂਟ ਪਲਾਂਟ ਤੋਂ ਸਰਹਿੰਦ ਚੋਅ ਡਰੇਨ ਤੱਕ ਵਧਾਉਣ ਲਈ 14.76 ਕਿਲੋਮੀਟਰ ਰਾਈਜ਼ਿੰਗ ਮੇਨ ਦਾ 56.41 ਕਰੋੜ ਰੁਪਏ ਦਾ ਐਸਟੀਮੇਟ ਤਿਆਰ ਕੀਤਾ ਗਿਆ ਹੈ। ਇਸ ਕੰਮ ਨੂੰ ਅੱਠ ਮਹੀਨਿਆਂ ਵਿੱਚ ਪੂਰਾ ਕੀਤਾ ਜਾ ਸਕਦਾ ਹੈ। ਜਿੱਥੋਂ ਤੱਕ ਸੋਧੇ ਹੋਏ ਸੀਵਰੇਜ਼ ਦੇ ਪਾਣੀ ਨੂੰ ਤਲਵੰਡੀ ਸਾਬੋ ਪਾਵਰ ਪਲਾਂਟ ਲਿਮਟਿਡ ਵੱਲੋਂ ਵਰਤੋਂ ਵਿੱਚ ਲਿਆਉਣ ਦਾ ਸਬੰਧ ਹੈ, ਇਸ ਸਬੰਧੀ ਤਲਵੰਡੀ ਸਾਬੋ ਪਾਵਰ ਪਲਾਂਟ ਲਿਮਟਿਡ ਵੱਲੋਂ ਲਗਾਏ ਗਏ ਸਲਾਹਕਾਰ ਦੀ ਫਿਜ਼ੀਬਿਲਿਟੀ ਰਿਪੋਰਟ ਅਤੇ ਨਿਯਮਾਂ ਦੇ ਅਨੁਸਾਰ ਮਾਨਸਾ ਵਿਖੇ 14 ਮਿਲੀਅਨ ਲੀਟਰ ਪ੍ਰਤੀ ਦੀ ਸਮਰੱਥਾ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਤਲਵੰਡੀ ਸਾਬੋ ਪਾਵਰ ਪਲਾਂਟ ਦੀ 30% ਪਾਣੀ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ। ਇਸ ਕਾਰਨ ਤਲਵੰਡੀ ਸਾਬੋ ਪਲਾਂਟ ਲਈ ਇਸ ਦੀ ਵਰਤੋਂ ਕਰਨਾ ਸੰਭਵ ਨਹੀਂ ਹੈ।

0445/mehak/Rajneesh kumar

0450/Sukhpiar Singh

ਡਾਕਟਰ ਵਿਜੈ ਸਿੰਗਲਾ: ਜਿਹੜਾ ਤਲਵੰਡੀ ਸਾਬੋ ਪਾਵਰ ਪਲਾਂਟ ਆਪਣੇ ਰਿਕਾਰਡ ਵਿੱਚ 128 ਐਮ.ਐਲ.ਡੀ. ਪਾਣੀ ਦੀ ਵਰਤੋਂ ਦਿਖਾ ਰਹੇ ਹਨ ਪਰ ਇੱਥੇ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਸਾਹਿਬ ਵੀ ਬੈਠੇ ਹਨ। ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ 30 ਕਿਊਸਿਕ ਵਾਟਰ ਪ੍ਰਤੀ ਸੈਕਿੰਟ ਅਲਾਟ ਹੋਇਆ ਹੈ ਜਦੋਂ ਕਿ ਉਹ 13-14 ਕਿਊਸਿਕ ਪਾਣੀ ਹੀ ਵਰਤ ਰਹੇ ਹਨ ਭਾਵ ਕਿ ਲਗਭੱਗ 55 ਐਮ.ਐਲ.ਡੀ. ਪਾਣੀ ਵਰਤ ਰਹੇ ਹਨ। ਉਸ ਦਾ 30% ਪਾਣੀ ਮਾਨਸਾ ਸੀਵਰੇਜ ਪਾਣੀ ਪੈਦਾ ਕਰਦੀ ਹੈ। ਜੇ ਆਪਾਂ ਪ੍ਰੈਕਟੀਕਲ ਅੰਕੜਿਆਂ ਤੇ ਜਾਈਏ ਤਾਂ ਉਹ ਪਾਣੀ ਉਨ੍ਹਾਂ ਲਈ ਕਾਫੀ ਸਫੀਸ਼ੀਐਂਟ ਹੈ। ਅਸੀਂ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੈਂ ਵੀ ਉਨ੍ਹਾਂ ਨਾਲ ਮੀਟਿੰਗਾਂ ਕਰ ਚੁੱਕਿਆ ਹਾਂ ਪਰ ਉਹ ਹਰ ਵਾਰੀ ਆਨਾ ਕਾਨੀ ਕਰਦੇ ਹਨ ਕਿਉਂਕਿ ਇੱਕੋ ਹੀ ਹੱਲ ਹੈ ਕਿ ਤਲਵੰਡੀ ਸਾਬੋ ਪਾਵਰ ਪਲਾਂਟ ਵਿੱਚ ਇਹ ਪਾਣੀ ਲਿਜਾਇਆ ਜਾ ਸਕੇ ਜਿਸ ਨਾਲ ਸੀਵਰੇਜ ਦੇ ਪਾਣੀ ਤੋਂ ਸ਼ਹਿਰੀਆਂ ਨੂੰ ਨਿਜਾਤ ਮਿਲੇਗੀ, ਉੱਥੇ ਹੀ ਲਗਭੱਗ 30 ਹਜ਼ਾਰ ਕਿੱਲੇ ਨੂੰ ਸਿੰਚਾਈ ਵਾਲਾ ਪਾਣੀ ਦਿੱਤਾ ਜਾ ਸਕਦਾ ਹੈ, ਉਹ ਪਾਣੀ ਦੀ ਵੀ ਬੱਚਤ ਕੀਤੀ ਜਾ ਸਕਦੀ ਹੈ। ਸੋ, ਮੈਂ ਬੇਨਤੀ ਕਰਾਂਗਾ ਕਿ ਤਲਵੰਡੀ ਸਾਬੋ ਪਾਵਰ ਪਲਾਂਟ ਨਾਲ ਇੱਕ ਹੰਗਾਮੀ ਮੀਟਿੰਗ ਕਰਕੇ ਉਨ੍ਹਾਂ ਲਈ ਇਹ ਪਾਣੀ ਲਿਜਾਇਆ ਜਾਣਾ ਜ਼ਰੂਰੀ ਬਣਾਇਆ ਜਾਵੇ।

ਮੰਤਰੀ: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਵਿੱਚ ਅਸੀਂ ਜਲਦੀ ਹੀ ਤਲਵੰਡੀ ਸਾਬੋ ਪਾਵਰ ਪਲਾਂਟ ਦੇ ਨਾਲ ਮੀਟਿੰਗ ਕਰਾਂਗੇ ਅਤੇ ਐਮ.ਐਲ.ਏ. ਸਾਹਿਬ ਵਿੱਚ ਹੋਣਗੇ ਅਤੇ ਅਸੀਂ ਸਬੰਧਤ ਮੰਤਰੀ ਸਾਹਿਬ ਨੂੰ ਐਡਮਨਿਸਟਰੇਟਿਵ ਲੈਵਲ ਤੇ ਰਿਕੁਐਸਟ ਕਰਕੇ ਜੋ ਜਲਦੀ ਹੱਲ ਹੋ ਸਕਦਾ ਹੈ, ਜ਼ਰੂਰ ਕਰਾਂਗੇ।

ਮਾਣਯੋਗ ਸਪੀਕਰ: ਧੰਨਵਾਦ ਜੀ।

PRESENTATION OF THE FIRST REPORT OF THE BUSINESS ADVISORY COMMITTEE

ਮਾਣਯੋਗ ਸਪੀਕਰ: ਹੁਣ ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜਿਸ ਵਿੱਚ ਪੂਰੀ ਤਰ੍ਹਾਂ ਆਰਜ਼ੀ ਪ੍ਰੋਗਰਾਮ ਤੇ ਵਿਚਾਰ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਮਿਤੀ 28-11-2023 ਤੋਂ 29-11-2023 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ ਕੀਤਾ ਜਾਵੇਗਾ।

ਮੰਗਲਵਾਰ, ਮਿਤੀ 28 ਨਵੰਬਰ, 2023	ਵਿਧਾਨਕ ਕੰਮ-ਕਾਰ
ਬੁੱਧਵਾਰ, ਮਿਤੀ 29 ਨਵੰਬਰ, 2023	(1) ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ।
(10:00 ਵਜੇ ਸਵੇਰੇ)	(2) ਵਿਧਾਨਕ ਕੰਮ-ਕਾਰ

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਮਾਣਯੋਗ ਸਪੀਕਰ: ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਮਾਣਯੋਗ ਸਪੀਕਰ: ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ): ਸਰ, ਸੀ.ਐਮ. ਸਾਹਿਬ ਬੈਠੇ ਹਨ। ਮੈਂ ਸਿਰਫ ਇੰਨੀ-ਕੁ ਰਿਕੁਐਸਟ ਕਰਨੀ ਸੀ, ਸੀ.ਐਮ. ਸਾਹਿਬ ਨੇ ਵੀ ਉਦੋਂ ਕਿਹਾ ਸੀ ਕਿ ਅਸੀਂ ਸੁਪਰੀਮ ਕੋਰਟ ਜਾ ਆਈਏ ਤੇ ਮੁੜ ਕੇ ਆਪਾਂ ਖੁੱਲ੍ਹ ਕੇ ਇਸ ਤੇ ਗੱਲ ਕਰਾਂਗੇ ਕਿਉਂਕਿ ਸਵਾ-ਕੁ ਦਿਨ ਦਾ ਸੈਸ਼ਨ ਬਹੁਤ ਘੱਟ ਹੈ ਕਿਉਂਕਿ ਪੁਰਾਣੀਆਂ ਰੀਤੀ-ਰਿਵਾਜਾਂ ਬਾਰੇ ਤੁਹਾਨੂੰ ਤਾਂ ਸਪੀਕਰ ਸਾਹਿਬ ਪਤਾ ਹੈ। ਤੁਸੀਂ ਇੱਥੇ ਬੈਠ ਕੇ ਇਸ ਗੱਲ ਦੀ ਬਹੁਤ ਤਾਈਦ ਕਰਦੇ ਹੁੰਦੇ ਸੀ ਕਿ ਸੈਸ਼ਨ ਲੰਬੇ ਹੋਣੇ ਚਾਹੀਦੇ ਹਨ। ਮੇਰੀ ਰਿਕੁਐਸਟ ਹੈ ਕਿਉਂਕਿ ਤੁਹਾਡੇ ਤਾਂ 92 ਐਮ.ਐਲ.ਏ. ਹਨ, ਇਨ੍ਹਾਂ ਨੂੰ ਘੱਟੋ-ਘੱਟ ਅੱਧਾ-ਅੱਧਾ ਘੰਟਾ ਬੋਲਣ ਨੂੰ ਦੇਈਏ ਕਿਉਂਕਿ ਆਪਾਂ ਇੱਕ ਪਾਸੇ ਤਾਂ ਕਹਿੰਦੇ ਹਾਂ ਕਿ ਬਿਊਰੋਕਰੇਟ ਸਾਡੀ ਗੱਲ ਨਹੀਂ ਸੁਣਦੇ ਤੇ ਆਪਾਂ ਇਹ ਸੈਸ਼ਨ ਛੋਟਾ ਕਰੀ ਜਾਂਦੇ ਹਾਂ, ਸਵਾ-ਕੁ ਦਿਨ ਦਾ ਸੈਸ਼ਨ, ਮੇਰੀ ਤਾਂ ਤੁਹਾਨੂੰ ਬੇਨਤੀ ਹੈ ਕਿ ਆਪਾਂ ਡੈਮੋਕਰੇਸੀ ਦੀਆਂ ਕਦਰਾਂ-ਕੀਮਤਾਂ ਨੂੰ ਵਧਾਈਏ ਕਿਉਂਕਿ ਜਿਹੜੀਆਂ ਪਿਛਲੀਆਂ ਨੇ ਘਟਾ ਦਿੱਤੀਆਂ, ਤੁਸੀਂ ਇਹੀ ਕਹਿਣਾ ਹੈ। ਮੇਰੀ ਇਹੀ ਰਿਕੁਐਸਟ ਹੈ ਕਿ ਆਪਾਂ ਇਸ ਨੂੰ ਹਫਤਾ- 10 ਦਿਨ ਦਾ ਕਰੀਏ ਕਿਉਂਕਿ ਕਈ ਐਮ.ਐਲ.ਏ. ਵਿਚਾਰੇ ਇਹੋ ਜਿਹੇ ਵੀ ਹੋਣਗੇ ਜਿਹੜੇ ਪੰਜ ਸਾਲਾਂ ਵਿੱਚ ਸੁੱਚੇ ਮੂੰਹ ਹੀ ਮੁੜ ਜਾਣਗੇ ਕਿਉਂਕਿ ਟਾਈਮ ਬਹੁਤ ਥੋੜ੍ਹਾ ਹੁੰਦਾ ਹੈ। ਮੇਰੀ ਸੀ.ਐਮ. ਸਾਹਿਬ ਨੂੰ ਬੇਨਤੀ ਹੈ ਕਿ ਆਪਾਂ ਇੱਧਰ ਨੂੰ ਥੋੜ੍ਹਾ ਸੋਚ ਲਈਏ।

ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ): ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਲੋਕਾਂ ਨੇ ਸਾਰਿਆਂ ਨੂੰ ਚੁਣ ਕੇ ਇਸ ਪਵਿੱਤਰ ਸਦਨ ਵਿੱਚ ਭੇਜਿਆ ਹੈ ਤੇ ਸਾਡਾ ਪ੍ਰਾਇਮਰੀ ਓਬਜੈਕਟ ਹੈ ਕਿ ਅਸੀਂ ਐਕਟ ਬਣਾਉਣੇ ਹਨ। ਸਰ, ਤੁਸੀਂ ਪਿਛਲੀ ਵਿਧਾਨ ਸਭਾ ਦੇ ਸੈਸ਼ਨ ਵਿੱਚ ਵੀ ਆਖਿਆ ਸੀ ਕਿ ਸਮੇਂ ਤੋਂ ਪਹਿਲਾਂ ਤੁਹਾਨੂੰ ਐਕਟ ਮਿਲ ਜਾਇਆ ਕਰਨਗੇ। ਸਰ, ਹੁਣ ਆਨਲਾਈਨ ਐਕਟ ਸਿਰਫ 2 ਮਿੰਟ ਪਹਿਲਾਂ ਚੜ੍ਹੇ ਹਨ। ਅਸੀਂ ਉਨ੍ਹਾਂ ਨੂੰ ਕਦੋਂ ਪੜ੍ਹਾਂਗੇ ਤੇ ਕਿਵੇਂ ਡਿਸਕਸ਼ਨ ਕਰਾਂਗੇ? ਸਰ, ਮੇਰੀ ਬੇਨਤੀ ਹੈ ਕਿ ਜਿਹੜੇ ਅੱਜ ਸਰਕਾਰ ਵੱਲੋਂ ਐਕਟ ਲਿਆਂਦੇ ਜਾ ਰਹੇ ਹਨ, ਇਨ੍ਹਾਂ ਨੂੰ ਕੱਲ੍ਹ ਵਾਸਤੇ ਸਥਗਿਤ ਕਰ ਦਿੱਤਾ ਜਾਵੇ ਤਾਂ ਕਿ ਅਸੀਂ ਇਨ੍ਹਾਂ ਨੂੰ ਪੜ੍ਹ ਸਕੀਏ। ਅਤੇ ਇਨ੍ਹਾਂ ਉੱਤੇ ਕੋਈ ਨਾ ਕੋਈ ਡਿਸਕਸ਼ਨ ਕਰ ਸਕੀਏ। ਸਪੀਕਰ ਸਾਹਿਬ ਥੈਂਕਿਯੂ।

0450/Sukhpiar Singh/Monika sharma

0455/Manika Rani

ਮਾਣਯੋਗ ਸਪੀਕਰ: ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਚੈੱਕ ਕਰ ਲਓ। ਇਸ ਵਾਰ ਮੁੱਖ ਮੰਤਰੀ ਦੇ ਤਰੱਦਦ ਕਰਕੇ ਹੀ ਸਾਡੇ ਪਾਰਲੀਮੈਂਟਰੀ ਅਫੇਅਰ ਮਨਿਸਟਰ ਸਾਹਿਬ ਹੋਰਾਂ ਨੇ ਵੀ ਪੇਨ ਲਈ ਹੈ।ਔਰ 22 ਤਾਰੀਖ ਨੂੰ ਇਹ ਜਿਹੜੇ ਬਿਲ ਹਨ, ਉਹ ਅਪਲੋਡ ਕਰ ਦਿੱਤੇ ਗਏ ਸਨ। ਆਪਣੇ ਕੋਲ ਕੋਈ ਸਿਸਟਮ ਵਿੱਚ ਪ੍ਰਾਬਲਮ ਹੋਵੇਗੀ, ਉਹ ਚੈੱਕ ਕਰਵਾ ਲਵਾਂਗੇ। ਤੁਹਾਡੀ ਗੱਲ ਵੈਲਿਡ ਹੈ ਪਰ ਇਹ 22 ਤਾਰੀਖ ਨੂੰ ਅਪਲੋਡ ਕਰ ਦਿੱਤੇ ਗਏ ਸਨ।

ਸ਼੍ਰੀ ਅਵਤਾਰ ਸਿੰਘ ਜੂਨੀਅਰ: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜੀ ਟੀਮ ਇਸ ਨੂੰ ਦੇਖ ਰਹੀ ਹੈ, ਅਸੀਂ ਸਾਰਿਆਂ ਨੇ ਕਮ ਸੇ ਕਮ ਉਨ੍ਹਾਂ ਨੂੰ ਪੰਜ ਸੱਤ ਵਾਰੀ ਬੁਲਾਇਆ ਹੈ। ਇਹ ਬਿਲ ਸਿਰਫ ਦੋ ਮਿੰਟ ਪਹਿਲਾਂ ਹੀ ਚੜ੍ਹੇ ਹਨ। ਅਗਰ ਇਹ 22 ਤਾਰੀਖ ਨੂੰ ਅਪਲੋਡ ਹੋਏ ਹੁੰਦੇ ਤਾਂ ਅਸੀਂ ਸਾਰੇ prepared ਹੋ ਕੇ ਆਉਂਦੇ। ਮੇਰੀ ਸਿਰਫ ਗੁਜ਼ਾਰਿਸ਼ ਹੈ।

ਮਾਣਯੋਗ ਸਪੀਕਰ: ਇੱਕ ਮਿੰਟ ਜੀ। ਜਿਹੜਾ ਤੁਹਾਡਾ ਈ-ਮੇਲ ਆਈ-ਡੀ ਅਤੇ ਵਟਸਐਪ ਨੰਬਰ ਹੈ, ਜੋ ਆਫਿਸ ਨੂੰ ਦਿੱਤਾ ਹੋਇਆ ਹੈ, ਤੁਸੀਂ ਉਹ ਵੀ ਜਾ ਕੇ ਚੈੱਕ ਕਰ ਲਓ। ਜੇ ਉਸ ਵਿੱਚ ਕੋਈ ਕਮੀ ਹੈ ਤਾਂ ਤੁਸੀਂ ਫਰੈਸ਼ ਦੇ ਦਿਓ ਕਿਉਂਕਿ 22 ਤਾਰੀਖ ਨੂੰ ਹੀ ਈ-ਮੇਲ ਕੀਤੇ ਗਏ ਸਨ ਅਤੇ ਵਟਸਐਪ ਵੀ ਕਰ ਦਿੱਤੇ ਗਏ ਸਨ। ਇਸ ਤੋਂ ਇਲਾਵਾ ਜਿਹੜਾ ਨੇਵਾ ਐਪਲੀਕੇਸ਼ਨ ਦੇ ਸਬੰਧੀ, ਜਿਹੜਾ ਟੈਬਲੇਟ ਤੁਹਾਨੂੰ ਦਿੱਤਾ ਗਿਆ ਹੈ, ਉਸ ਉੱਤੇ ਵੀ 22 ਤਾਰੀਖ ਨੂੰ ਅਪਲੋਡ ਕਰ ਦਿੱਤੇ ਗਏ ਸਨ। ਸੋ, ਇਸ ਨੂੰ ਆਪਾਂ ਠੀਕ ਕਰ ਲੈਂਦੇ ਹਾਂ ਅਤੇ ਹੁਣ ਅੱਗੇ ਚੱਲੀਏ।

ਸ਼੍ਰੀ ਅਵਤਾਰ ਸਿੰਘ ਜੂਨੀਅਰ: ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੇ ਅੱਜ ਵਾਲੇ ਬਿਲ ਹਨ, ਉਹ ਕੱਲ੍ਹ ਤੱਕ ਪੋਸਟਪੋਨ ਕਰ ਦਿੱਤੇ ਜਾਣ ਤਾਂ ਕਿ ਅਸੀਂ ਤਿਆਰੀ ਕਰ ਸਕੀਏ ਔਰ ਡਿਸਕਸ਼ਨ ਕਰ ਸਕੀਏ।ਸਰ, ਇਹ ਬਿਲ ਬਹੁਤ ਜ਼ਰੂਰੀ ਹਨ। ਇਸ ਤੋਂ ਜ਼ਿਆਦਾ ਕੋਈ ਜ਼ਰੂਰੀ ਨਹੀਂ ਹੈ।

ਮਾਣਯੋਗ ਸਪੀਕਰ: ਥੈਂਕਿਯੂ ਜੀ।

ਮੁੱਖ ਮੰਤਰੀ (ਬੈਠੇ-ਬੈਠੇ): ਜੇਕਰ ਤੁਸੀਂ ਆਪਣੀ ਈ-ਮੇਲ ਚੈੱਕ ਨਹੀਂ ਕੀਤੀ ਤਾਂ ਬਿਲ ਨਾ ਆਉਣ। ਕਦੇ ਗਵਰਨਰ ਰੋਕ ਲੈਂਦਾ ਹੈ ਅਤੇ ਕਦੇ ਤੁਸੀਂ ਰੋਕ ਲੈਂਦੇ ਹੋ। ਕੰਮ ਕਰ ਲੈਣ ਦਿਓ। ਹਰ ਗੱਲ ਉੱਤੇ ਥੋੜ੍ਹਾ ਖੜ੍ਹਾ ਹੋਣਾ ਹੁੰਦਾ। ਐਥਿਕਸ ਨਾਲ ਗੱਲ ਕਰਿਆ ਕਰੋ।

ਮਾਣਯੋਗ ਸਪੀਕਰ: ਮਾਣਯੋਗ ਮੈਂਬਰ ਸਾਹਿਬ ਬੈਠੋ। ਆਪਾਂ ਅੱਗੇ ਚੱਲੀਏ। ਤੁਹਾਡੀ ਗੱਲ ਆ ਗਈ। ਤੁਸੀਂ ਚੈੱਕ ਕਰ ਲਿਓ। ਤੁਸੀਂ ਬੈਠੋ। ਆਪਾਂ ਅੱਗੇ ਚੱਲੀਏ।ਸੀ.ਐਮ. ਸਾਹਿਬ।

ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ): ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਰਸਨਲ ਈ-ਮੇਲ ਚੈੱਕ ਨਹੀਂ ਕੀਤੀ ਤਾਂ ਇਸ ਦਾ ਮਤਲਬ ਹੈ ਕਿ ਅਸੀਂ ਕੰਮ ਰੋਕ ਦੇਈਏ। ਇਹ ਕੋਈ ਐਥਿਕਸ ਨਹੀਂ ਬਣਦਾ। 22 ਤਾਰੀਖ ਨੂੰ ਅਪਲੋਡ ਹੋ ਗਏ। ਇਹ ਕਹਿੰਦੇ ਕਿ ਦੋ ਮਿੰਟ ਪਹਿਲਾਂ ਅਪਲੋਡ ਹੋਏ ਹਨ। ਗੱਲ ਗੱਲ ਤੇ ਰੋਕਣਾ ਜਾਂ ਗੱਲ ਗੱਲ ਤੇ ਇਹ ਕਹਿਣਾ ਕਿ ਅਸੀਂ ਤਾਂ ਪੜ੍ਹੇ ਨਹੀਂ ਜੀ, ਜਿਨ੍ਹਾਂ ਨੇ ਪੜ੍ਹੇ ਹਨ, ਉਹ ਕਿਹੜਾ ਇੱਥੇ ਬੈਠੇ ਹਨ, ਉਹ

ਕਿੱਧਰ ਚਲੇ ਗਏ ਹਨ। ਟੋਟਲ 17 ਹਨ, ਸੱਤ-ਅੱਠ ਹਨ, ਬਾਅਦ ਵਿੱਚ ਇਹ ਵੀ ਚਲੇ ਜਾਣਗੇ। ਇਸ ਦਾ ਮਤਲਬ ਇਹ ਥੋੜ੍ਹਾ ਕਿ ਤੁਸੀਂ ਵਾਕਆਊਟ ਕਰ ਜਾਓ ਅਤੇ ਅਸੀਂ ਕੰਮ ਰੋਕ ਦੇਈਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਡਾਕਟਰ ਰਾਜ ਕੁਮਾਰ ਅਤੇ ਸਰਦਾਰ ਪਰਗਟ ਸਿੰਘ ਪੋਆਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਣਯੋਗ ਮੁੱਖ ਮੰਤਰੀ ਜੀ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

ਮੁੱਖ ਮੰਤਰੀ: ਮੈਂ ਤੁਹਾਡੀ ਗੱਲ ਤੇ ਹੀ ਬੋਲ ਰਿਹਾ ਹਾਂ।

ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਬਿਨਾਂ ਮਾਈਕ ਤੋਂ): ਸੀ.ਐਮ ਤੁਸੀਂ ਸਾਡਾ ਅਪਮਾਨ ਕਿਉਂ ਕਰ ਰਹੇ ਹੋ, ਅਸੀਂ ਤੁਹਾਨੂੰ ਸੁਣਨ ਲਈ ਹੀ ਬੈਠੇ ਹਾਂ।

ਮੁੱਖ ਮੰਤਰੀ: ਇਹ ਜਿਹੜੀ ਮੁੱਖ ਵਿਰੋਧੀ ਧਿਰ ਹੈ, ਇਸ ਦੀ ਇੱਕ ਦਿੱਕਤ ਹੈ, ਜੋ ਪਿਛਲੇ ਦਿਨਾਂ ਵਿੱਚ ਨੋਟ ਕੀਤੀ ਹੈ। ਇਨ੍ਹਾਂ ਵਿੱਚ ਇੱਕ ਦੂਜੇ ਤੋਂ ਪਹਿਲਾਂ ਬਿਆਨ ਦੇਣ ਦੀ ਜਲਦੀ ਹੁੰਦੀ ਹੈ ਕਿ ਮੈਂ ਪਹਿਲਾਂ ਬਿਆਨ ਦੇ ਦੇਵਾਂ ਕਿਤੇ ਮੇਰੇ ਤੋਂ ਪਹਿਲਾਂ ਮੇਰਾ ਦੂਜਾ ਸਾਥੀ ਬਿਆਨ ਨਾ ਦੇ ਦੇਵੇ। ਉਸ ਚੱਕਰ ਵਿੱਚ ਇਹ ਕਈ ਵਾਰੀ ਬਿਨਾਂ ਤੱਥਾਂ ਤੋਂ ਵੀ ਲਿਖ ਦਿੰਦੇ ਹਨ ਕਿ ਸੁਪਰੀਮ ਕੋਰਟ ਵਿੱਚ ਆਹ ਐਫੀਡੈਵਿਟ ਦੇ ਦਿੱਤਾ, ਬਾਅਦ ਵਿੱਚ ਜਦੋਂ ਐਫੀਡੈਵਿਟ ਪੇਸ਼ ਕਰ ਦਿੰਦੇ ਹਾਂ ਤਾਂ ਫਿਰ ਮਾਫੀਆ ਮੰਗਦੇ ਹਨ। ਫਿਰ ਵੀਡਿਓ ਚਾੜ੍ਹ ਦਿੰਦੇ ਹਨ। ਸੋ, ਇਹ ਬਿਨਾਂ ਤੱਥਾਂ ਤੋਂ ਗੱਲ ਨਾ ਕਰੋ। ਸਪੀਕਰ ਸਾਹਿਬ, ਖੁਦ ਕਹਿ ਰਹੇ ਹਨ ਕਿ 22 ਤਾਰੀਖ ਨੂੰ ਬਿਲ ਅਪਲੋਡ ਕਰ ਦਿੱਤੇ ਗਏ ਸਨ। ਜੇ ਤੁਹਾਡੇ ਕੋਲ ਦੋ ਮਿੰਟ ਪਹਿਲਾਂ ਪਹੁੰਚੇ ਹਨ ਤਾਂ ਤੁਹਾਡੇ ਈ-ਮੇਲ ਅਤੇ ਵਟਸਐਪ ਵਿੱਚ ਕੋਈ ਦਿੱਕਤ ਹੈ। ਇਹ ਵਿਧਾਨ ਸਭਾ ਦਾ ਕੰਮ ਹੋਵੇਗਾ। ਕਰੋੜਾਂ ਲੋਕਾਂ ਨੇ ਚੁਣ ਕੇ ਭੇਜਿਆ ਹੈ।

ਸ਼੍ਰੀ ਅਵਤਾਰ ਸਿੰਘ ਜੂਨੀਅਰ (ਬਿਨਾਂ ਮਾਈਕ ਤੋਂ): ਸਾਨੂੰ ਵੀ ਕਰੋੜਾਂ ਲੋਕਾਂ ਨੇ ਚੁਣ ਕੇ ਭੇਜਿਆ ਹੈ। (ਵਿਘਨ, ਸ਼ੋਰ)

ਮੁੱਖ ਮੰਤਰੀ: ਤੁਸੀਂ ਹੀ ਕਹਿੰਦੇ ਸਨ ਕਿ ਇੰਨੇ ਕਰੋੜਾਂ ਦਾ ਨੁਕਸਾਨ ਹੋ ਗਿਆ, ਸੈਸ਼ਨ ਇਲੀਗਲ ਹੈ, ਮੈਂ ਇੱਥੇ ਖੜ੍ਹ ਕੇ ਹੀ ਕਿਹਾ ਸੀ ਕਿ 15 ਮਿੰਟ ਨਹੀਂ ਚੱਲਣੀਆਂ ਇਹ ਅਰਜ਼ੀਆਂ, ਅਸੀਂ ਸੈਸ਼ਨ ਲੀਗਲ ਕਰਵਾ ਕੇ ਆਵਾਂਗੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਤੁਸੀਂ ਕਹਿੰਦੇ ਸੀ ਕਿ ਇੰਨੇ ਲੱਖ ਰੁਪਏ ਦਾ ਨੁਕਸਾਨ ਹੋ ਗਿਆ, ਇਹ ਸੈਸ਼ਨ ਤਾਂ ਇਲੀਗਲ ਹੈ। ਇਹ ਵੀ ਲੀਗਲ ਅਤੇ ਜਿਹੜਾ 19/20 ਜੂਨ ਦਾ ਸੀ, ਉਹ ਵੀ ਲੀਗਲ, ਸਾਰੇ ਬਿਲਾਂ ਤੇ ਸਾਈਨ ਕਰਵਾਵਾਂਗੇ। ਸਾਨੂੰ ਸਰਕਾਰ ਬਣਾਉਣੀ ਵੀ ਆਉਂਦੀ ਹੈ ਅਤੇ ਚਲਾਉਣੀ ਵੀ ਆਉਂਦੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)(ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਡਾਕਟਰ ਰਾਜ ਕੁਮਾਰ ਅਤੇ ਸਰਦਾਰ ਪਰਗਟ ਸਿੰਘ ਪੋਆਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਮਾਣਯੋਗ ਮੁੱਖ ਮੰਤਰੀ ਜੀ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

PAPERS LAID ON THE TABLE ON THE TABLE OF THE HOUSE

ਮਾਨਯੋਗ ਸਪੀਕਰ : ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ

ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ) : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ. VI ਅਧੀਨ ਦਰਸਾਏ ਗਏ ਕ੍ਰਮ ਅੰਕ ਨੰ. 1 ਤੋਂ 4 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1. ਵਿੱਤੀ ਸਾਲ 2023-24 (ਅਪ੍ਰੈਲ 2023 ਤੋਂ ਜੂਨ 2023) ਲਈ ਰਾਜ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਖਰਚੇ ਦੀਆਂ ਪ੍ਰਵਿਰਤੀਆਂ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ ਐਕਟ, 2003 ਦੀ ਧਾਰਾ 6 (1) ਅਧੀਨ ਲੋੜੀਂਦਾ ਹੈ।

2. ਸਾਲ 2016-17 ਲਈ ਪੰਜਾਬ ਰਾਜ ਖਰੀਦ ਨਿਗਮ ਲਿਮਿਟਡ ਦੀ 14ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(3) (ੳ) ਅਧੀਨ ਲੋੜੀਂਦਾ ਹੈ।

3. ਸਾਲ 2020-21 ਲਈ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ, ਪੰਜਾਬ ਦੇ ਸਾਲਾਨਾ ਲੇਖੇ ਤੇ ਵੱਖਰੀ ਆਡਿਟ ਰਿਪੋਰਟ ਸਦਲ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਐਕਟ, 2016 ਦੀ ਧਾਰਾ 77(4) ਅਧੀਨ ਲੋੜੀਂਦਾ ਹੈ।

4. ਸਾਲ 2021-22 ਲਈ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਰੀਅਲ ਅਸਟੇਟ (ਵਿਨਿਯਮਨ ਅਤੇ ਵਿਕਾਸ) ਐਕਟ, 2016 ਦੀ ਧਾਰਾ 78(2) ਅਧੀਨ ਲੋੜੀਂਦਾ ਹੈ।

0455/Manika Rani/Monika sharma

0500/Gurpreet kaur

LEGISLATIVE BUSINESS

1.THE PUNJAB GOODS AND SERVICE TAX (AMENDMENT) BILL, 2023

ਮਾਨਯੋਗ ਸਪੀਕਰ : ਵਿੱਤ ਮੰਤਰੀ ਜੀ ਬਿਲ ਪੇਸ਼ ਕਰਨ।

ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) : ਸ੍ਰੀਮਾਨ ਜੀ, ਮੈਂ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ)ਬਿਲ, 2023 ਪੇਸ਼ ਕਰਦਾ ਹਾਂ।

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਨਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

ਸ੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.): ਸਪੀਕਰ ਸਾਹਿਬ, ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਜੋ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ ਸੋਧਨਾ ਬਿਲ ਪੇਸ਼ ਕੀਤਾ ਹੈ, ਉਸ ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕ ਹੋਸਪੀਟੇਲਿਟੀ ਲਈ ਜਾਣੇ ਜਾਂਦੇ ਹਨ। ਜਦੋਂ ਇਨ੍ਹਾਂ ਦਾ ਕੋਈ ਮਹਿਮਾਨ ਆ ਜਾਂਦਾ ਹੈ ਤਾਂ ਵੱਧ ਖਰਚ ਵੀ ਕਰਦੇ ਹਨ। ਉਨ੍ਹਾਂ ਨੂੰ ਘੁੰਮਣ ਫਿਰਨ ਦਾ ਸ਼ੌਕ ਵੀ ਹੈ। ਪੰਜਾਬ ਦੇ ਲੋਕ ਘੁੰਮਣ ਲਈ ਕਦੇ ਗੋਆ ਜਾਂਦੇ ਹਨ ਜਾਂ ਭਾਰਤ ਦੀਆਂ ਵੱਖ ਵੱਖ ਥਾਵਾਂ ਤੇ ਜਾਂਦੇ ਹਨ, ਚੰਡੀਗੜ ਤਾਂ ਆਮ ਤੌਰ ਤੇ ਆਉਂਦੇ ਹੀ ਰਹਿੰਦੇ ਹਨ। ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਪ੍ਰੋਵੀਜ਼ਨ ਕੀਤੀ ਜਾਵੇ ਕਿ ਜਦੋਂ ਕੋਈ ਬੰਦਾ ਪੰਜਾਬ ਤੋਂ ਬਾਹਰ ਕੋਈ ਵਸਤੂ ਖਰੀਦਦਾ ਹੈ ਅਤੇ ਉਸ ਦਾ ਬਿਲ ਲੈਂਦਾ ਹੈ ਅਤੇ ਪੰਜਾਬ ਦੇ ਕਿਸੇ ਪਿੰਡ ਸ਼ਹਿਰ ਦਾ ਐਡਰੈਸ ਦਿੰਦਾ ਹੈ ਤਾਂ ਉਸ ਦਾ ਜੀ.ਐਸ.ਟੀ. ਦਾ ਕਲੇਮ ਪੰਜਾਬ ਦੇ ਖਾਤੇ ਵਿੱਚ ਹੋਣਾ ਚਾਹੀਦਾ ਹੈ। ਜਦੋਂ ਗੋਆ ਜਾਂਦੇ ਹਨ, ਗੋਆ ਤੋਂ ਕੋਈ ਮੋਬਾਈਲ ਵਗੈਰਾ ਖਰੀਦ ਲੈਂਦੇ ਹਨ ਜਾਂ ਕੋਈ ਹੋਰ ਚੀਜ਼ ਲੈ ਲੈਂਦੇ ਹਨ, ਸਾਡੇ ਐਮ.ਐਲ.ਏ. ਸਾਹਿਬਾਨ ਵੀ ਹੋਰ ਸਟੇਟਾਂ ਵਿੱਚ ਜਾਂਦੇ ਹਨ। ਉੱਥੋਂ ਵੱਡੀ ਪੱਧਰ ਤੇ ਸਮਾਨ ਦੀ ਖਰੀਦ ਕਰਦੇ ਹਨ ਤਾਂ ਉੱਥੋਂ ਦੀ ਸਟੇਟ ਦੇ ਜੀ.ਐਸ.ਟੀ. ਖਾਤੇ ਵਿੱਚ ਜੁੜ ਜਾਂਦਾ ਹੈ। ਇਹ ਗਲਤ ਹੈ। ਅਸੀਂ

ਪੰਜਾਬ ਦੇ ਲੋਕ ਹਾਂ। ਜੋ ਜੀ.ਐਸ.ਟੀ. ਦਾ ਕਲੇਮ ਹੈ, ਜੋ ਵੀ ਉਸ ਦੀ ਗਰੋਥ ਹੈ ਉਹ ਸਾਡੇ ਹਿੱਸੇ ਵਿੱਚ ਆਉਣੀ ਚਾਹੀਦੀ ਹੈ। ਦੂਜੀ ਗੱਲ, ਸਰਦਾਰ ਭਗਵੰਤ ਸਿੰਘ ਜੀ ਦੀ ਸਰਕਾਰ ਨੇ ਬਹੁਤ ਮਿਹਨਤ ਕੀਤੀ ਹੈ। ਚੀਮਾ ਸਾਹਿਬ ਦੀ ਮਿਹਨਤ ਨਾਲ ਕਾਫੀ ਗਰੋਥ ਹੋਈ ਹੈ। ਇਹ ਮੰਤਰੀ ਸਾਹਿਬ ਹੀ ਦੱਸਣਗੇ ਕਿ ਕਿੰਨੀ ਗਰੋਥ ਹੋਈ ਹੈ। ਇਸ ਬਿਲ ਵਿੱਚ ਕਿਹੜੇ ਕਿਹੜੇ ਨਵੇਂ ਮਡਿਊਲ ਸ਼ਾਮਿਲ ਕੀਤੇ ਗਏ ਹਨ ਤਾਂ ਕਿ ਜੋ ਟੈਕਸ ਦਾ ਡਰ ਹੈ ਉਹ ਘਟ ਜਾਵੇ ਅਤੇ ਕੰਪਲੈਂਸ ਚੰਗੀ ਤਰ੍ਹਾਂ ਹੋ ਸਕੇ। ਮੈਂ ਇੰਨਾ ਕਹਿੰਦਾ ਹੋਇਆ ਚੀਮਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਿਲ ਵਿੱਚ ਇਹ ਪ੍ਰੋਵੀਜ਼ਨ ਕੀਤੀ ਜਾਵੇ। ਧੰਨਵਾਦ ਜੀ।

ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ): ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਅੱਜ ਇਸ ਮੁਕੱਦਸ ਹਾਊਸ ਦਾ ਸਰਦ ਰੁੱਤ ਸੈਸ਼ਨ ਦਾ ਪਹਿਲਾ ਦਿਨ ਹੈ। ਸਭ ਤੋਂ ਪਹਿਲਾਂ ਮੈਂ ਮਾਣਯੋਗ ਸੁਪਰੀਮ ਕੋਰਟ ਦਾ ਇਸ ਗੱਲੋਂ ਧੰਨਵਾਦ ਕਰਦਾ ਹਾਂ ਕਿ ਜਿਹੜੇ ਪਿਛਲੇ ਸੈਸ਼ਨਾਂ ਤੇ ਸਵਾਲ ਉੱਠੇ ਸੀ ਅਸੀਂ ਉਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। ਉੱਥੇ ਸਾਨੂੰ ਇਨਸਾਫ ਮਿਲਿਆ। ਨਾਲ ਦੀ ਨਾਲ ਜੋ ਪਿਛਲੇ 19 ਅਤੇ 20 ਜੂਨ ਵਾਲੇ ਸੈਸ਼ਨ ਤੇ ਜੋ ਸਵਾਲ ਉਠਾਏ ਗਏ ਸੀ ਕਿ ਇਹ ਲੀਗਲ ਹੈ ਜਾਂ ਇਲਲੀਗਲ ਹੈ ਜਾਂ ਫਿਰ ਅਗਲੇ ਸੈਸ਼ਨ ਦੀ ਸੀਟਿੰਗ ਦੇ ਪਹਿਲੇ ਦਿਨ ਹੀ ਇਹ ਕਹਿ ਦਿੱਤਾ ਗਿਆ ਸੀ ਕਿ ਇਹ ਸੈਸ਼ਨ ਇਲਲੀਗਲ ਹੈ। ਮਾਣਯੋਗ ਗਵਰਨਰ ਸਾਹਿਬ ਨੇ ਵੀ ਕਿਹਾ ਸੀ ਕਿ ਮੈਂ ਬਿਲ ਸਾਈਨ ਨਹੀਂ ਕਰਾਂਗਾ ਕਿ ਮੈਨੂੰ ਸੈਸ਼ਨ ਦੀ ਵੈਧਤਾ ਤੇ ਸ਼ੱਕ ਹੈ ਜਾਂ ਮੈਂ ਕਾਨੂੰਨੀ ਸਲਾਹ ਲਵਾਂਗਾ। ਮਾਣਯੋਗ ਸੁਪਰੀਮ ਕੋਰਟ ਨੇ ਇਹ ਗੱਲ not only for Punjab ਇਕੱਲੇ ਪੰਜਾਬ ਵਾਸਤੇ ਨਹੀਂ ਬਲਕਿ ਪੂਰੇ ਦੇਸ਼ ਵਾਸਤੇ ਇਹ ਗੱਲ ਕਲੀਅਰ ਕਰ ਦਿੱਤੀ ਹੈ ਕਿ ਜਿਹੜਾ ਸੈਸ਼ਨ ਸਪੀਕਰ ਸਾਹਿਬ ਨੇ ਬੁਲਾਇਆ ਹੋਇਆ ਹੈ, ਸਪੀਕਰ ਸਾਹਿਬ, ਚੁਣੇ ਹੋਏ ਐਮ.ਐਲ.ਏਜ਼ ਦੁਆਰਾ ਚੁਣੇ ਹੋਏ ਸਪੀਕਰ ਹਨ, ਉਨ੍ਹਾਂ ਦੀ ਬੁਲਾਏ ਹੋਏ ਸੈਸ਼ਨ ਦੀ ਲਿਗੈਲਟੀ ਚੈੱਕ ਕਰਨ ਦਾ ਕਿਸੇ ਹੋਰ ਨੂੰ ਅਧਿਕਾਰ ਨਹੀਂ ਹੈ। ਇਹ ਸਭ ਕੁਝ ਮਾਣਯੋਗ ਸਪੀਕਰ ਸਾਹਿਬ ਦੇ ਅਧਿਕਾਰ ਅੰਦਰ ਹੀ ਹੈ। ਨਾਲ 3 -4 ਸਟੇਟਾਂ ਦੀਆ ਗੌਰਮਿੰਟਾਂ ਦਾ ਕੰਮ ਵੀ ਬਣ ਗਿਆ। ਸੁਪਰੀਮ ਕੋਰਟ ਨੇ ਬਹੁਤ ਡਿਟੇਲ ਵਿੱਚ ਆਰਡਰ ਜਾਰੀ ਕੀਤਾ ਹੈ।

0500/Gurpreet kaur/Shubham jain

0505/Rajneet Kaur

ਜੋ ਕਿ ਪਿਛਲੇ ਦਿਨੀਂ ਅਪਲੋਡ ਹੋਇਆ ਹੈ। ਉਨ੍ਹਾਂ ਨੇ ਕਿਹਾ ਹੈ ਕਿ 19 ਤੇ 20 ਜੂਨ ਵਾਲਾ ਸੈਸ਼ਨ ਵੀ ਲੀਗਲ ਸੀ, ਇਸ ਸਬੰਧੀ ਮਾਨਯੋਗ ਗਵਰਨਰ ਸਾਹਿਬ ਨੂੰ ਡਾਇਰੈਕਸ਼ਨ ਦਿੱਤੀ ਗਈ ਹੈ ਕਿ ਜਿਹੜੇ ਉਸ ਸੈਸ਼ਨ ਦੇ ਵਿੱਚ ਪਾਸ ਹੋਏ ਬਿਲ ਹਨ, ਉਨ੍ਹਾਂ ਤੇ ਜਲਦੀ ਫੈਸਲਾ ਕਰੋ। ਇਸ ਦੇ ਨਾਲ ਹੀ ਮੈਂ ਗਵਰਨਰ ਸਾਹਿਬ ਦਾ ਵੀ ਬਹੁਤ ਧੰਨਵਾਦ ਕਰਾਂਗਾ ਕਿ ਜਦੋਂ ਕੋਰਟ ਦੇ ਵਿੱਚ ਇਹ ਪੁੱਛਿਆ ਕਿ ਤੁਸੀਂ ਸੈਸ਼ਨ ਨੂੰ *sine die* ਕਰ ਦਿੰਦੇ ਹੋ ਤੇ prorogue ਕਿਉਂ ਨਹੀਂ ਕਰਦੇ ਤਾਂ ਪੰਜਾਬ ਸਰਕਾਰ ਵੱਲੋਂ ਦੱਸਿਆ ਗਿਆ ਕਿ ਅਸੀਂ ਕਿਵੇਂ ਕਰੀਏ, ਗਵਰਨਰ ਸਾਹਿਬ, ਇੱਕ ਦਿਨ ਪਰਮਿਸ਼ਨ ਦੇ ਦਿੰਦੇ ਹਨ ਤੇ ਦੂਜੇ ਦਿਨ ਮੁੱਕਰ ਜਾਂਦੇ ਹਨ ਕਿ ਮੈਂ ਪਰਮਿਸ਼ਨ ਨਹੀਂ ਦਿੰਦਾ। ਸਾਨੂੰ ਫਿਰ ਤੁਹਾਡੇ ਕੋਲ ਆਉਣਾ ਪੈਂਦਾ ਹੈ। ਸਾਨੂੰ ਬਜਟ ਸੈਸ਼ਨ ਦੀ ਪਰਮਿਸ਼ਨ ਲੈਣ ਲਈ ਕੋਰਟ ਵਿੱਚ ਜਾਣਾ ਪਿਆ ਸੀ। ਅਸੀਂ ਕੋਰਟ ਦੇ

ਵਿੱਚ ਵਾਅਦਾ ਕੀਤਾ ਕਿ ਗਵਰਨਰ ਸਾਹਿਬ ਅੱਜ ਪਰਮਿਸ਼ਨ ਦੇ ਦੇਣ ਤੇ ਅਸੀਂ prorogue ਕਰ ਦਿੰਦੇ ਹਾਂ ਜੀ। ਸਪੀਕਰ ਸਾਹਿਬ, ਤੁਸੀਂ prorogue ਕੀਤਾ ਤੇ ਮਾਨਯੋਗ ਗਵਰਨਰ ਸਾਹਿਬ ਨੂੰ ਚਿੱਠੀ ਭੇਜੀ ਤੇ ਏਜੰਡੇ ਸਮੇਤ ਅਗਲੇ ਸੈਸ਼ਨ ਲਈ ਤੁਸੀਂ ਚਿੱਠੀ ਭੇਜੀ ਤਾਂ ਉਨ੍ਹਾਂ ਨੇ ਉਸੇ ਦਿਨ ਹੀ ਪਰਮਿਸ਼ਨ ਦੇ ਦਿੱਤੀ। ਮੈਂ ਇਸ ਗੱਲ ਦੇ ਲਈ ਗਵਰਨਰ ਸਾਹਿਬ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਉਹ ਆਪਣੇ ਸੰਵਿਧਾਨਕ ਅਧਿਕਾਰਾਂ ਦੀ ਵਰਤੋਂ ਕਰ ਰਹੇ ਹਨ ਔਰ ਅਸੀਂ ਵੀ ਆਪਣੇ ਵਿਧਾਨਕ ਅਧਿਕਾਰਾਂ ਦੀ ਵਰਤੋਂ ਕਰ ਰਹੇ ਹਾਂ। ਮਾਨਯੋਗ ਸੁਪਰੀਮ ਕੋਰਟ ਨੇ ਬਿਲਕੁਲ ਵਾਜਬ ਤੌਰ ਤੇ ਅਤੇ ਸਾਫ ਤੌਰ ਤੇ ਲਿਖਿਆ ਹੈ ਕਿ ਸਿਲੈਕਟਡ ਅਤੇ ਇਲੈਕਟਡ ਵਿੱਚ ਫਰਕ ਹੈ। ਡੈਮੋਕ੍ਰੇਸੀ ਦੇ ਵਿੱਚ ਇਲੈਕਟਡ ਕੰਮ ਕਰਦੇ ਹਨ। ਮੈਂ ਇਸ ਵਿੱਚ ਕੋਈ ਹਾਰ ਜਿੱਤ ਨਹੀਂ ਕਹਿੰਦਾ ਕਿ ਪੰਜਾਬ ਸਰਕਾਰ ਜਿੱਤ ਗਈ ਜਾਂ ਗਵਰਨਰ ਸਾਹਿਬ ਹਾਰ ਗਏ। ਇਸ ਵਿੱਚ ਜਿੱਤ ਹਾਰ ਨਹੀਂ ਹੈ। ਇਹ ਸਿਰਫ ਕੰਮ ਕਰਨ ਦੇ ਵਿੱਚ ਜਿਹੜੀਆਂ ਰੁਕਾਵਟਾਂ ਸਨ, ਉਨ੍ਹਾਂ ਨੂੰ ਦੂਰ ਕਰਨ ਦੀ ਗੱਲ ਹੈ। ਪੂਰੇ ਦੇਸ਼ ਵਿੱਚ ਚਾਰ-ਪੰਜ ਸਟੇਟਾਂ ਦੀ ਇਹ ਬਹੁਤ ਵੱਡੀ ਪ੍ਰਾਬਲਮ ਸੀ। ਪਿਛਲੇ ਦਿਨੀਂ ਕੇਰਲਾ ਗੌਰਮਿੰਟ ਵੀ ਸੁਪਰੀਮ ਕੋਰਟ ਦੇ ਵਿੱਚ ਆਈ। ਉਨ੍ਹਾਂ ਨੇ ਵੀ ਸੇਮ ਗੱਲ ਕਹੀ ਕਿ ਗਵਰਨਰ ਸਾਹਿਬ ਬਿਲ ਪਾਸ ਨਹੀਂ ਕਰਦੇ। ਗਵਰਨਰ ਸਾਹਿਬ ਦਾ ਵਕੀਲ ਜਦੋਂ ਬੋਲਣ ਲੱਗਿਆ ਤਾਂ ਚੀਫ ਜਸਟਿਸ ਜੀ ਨੇ ਕਿਹਾ ਕਿ ਪੰਜਾਬ ਸਰਕਾਰ ਵਾਲਾ ਫੈਸਲਾ ਪੜ੍ਹ ਕੇ ਅਗਲੇ friday 10 ਵਜੇ ਆ ਜਾਇਓ। ਇਸ ਦਾ ਮਤਲਬ ਪੰਜਾਬ ਇੱਕ ਵਾਰ ਫੇਰ ਪੂਰੇ ਦੇਸ਼ ਵਾਸਤੇ ਰੋਲ ਮਾਡਲ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਾਲਾ ਫੈਸਲਾ ਪੜ੍ਹ ਕੇ ਆ ਜਾਇਓ ਤੇ ਫੇਰ ਗੱਲ ਕਰ ਲੈਣਾ । ਇਸ ਦੇ ਨਾਲ ਤਾਮਿਲਨਾਡੂ ਵਾਲਿਆਂ ਦਾ ਵੀ ਕੰਮ ਬਣ ਗਿਆ ਤੇ ਤੇਲੰਗਾਨਾ ਦੇ ਵਿੱਚ ਹਾਲੇ ਇਲੈਕਸ਼ਨਾਂ ਹਨ, ਜਨਤਾ ਨੇ ਪਤਾ ਨਹੀਂ ਕੀ ਕਰਨਾ ਹੈ। ਬੰਗਾਲ ਦੇ ਵਿੱਚ ਵੀ ਹਾਲਾਤ ਸੁਖਾਵੇਂ ਹੋ ਗਏ ਹਨ। ਅਸੀਂ ਚਾਹੁੰਦੇ ਨਹੀਂ ਹਾਂ ਕਿ ਗਵਰਨਰ ਹਾਊਸ ਅਤੇ ਸਰਕਾਰ ਦੇ ਵਿੱਚ ਕੋਈ ਤਕਰਾਰਾਂ ਰਹਿਣ ਕਿਉਂਕਿ ਉਹ ਮਾਨਯੋਗ ਰਾਸ਼ਟਰਪਤੀ ਜੀ ਨੂੰ ਰੀਪ੍ਰਜ਼ੈਂਟ ਕਰਦੇ ਹਨ, ਕੇਂਦਰ ਸਰਕਾਰ ਨੂੰ ਰੀਪ੍ਰਜ਼ੈਂਟ ਕਰਦੇ ਹਨ। ਸੋ, ਮੈਂ ਇਸ ਫਲੋਰ ਤੇ ਮਾਨਯੋਗ ਗਵਰਨਰ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਦੋਂ ਵੀ ਅਸੀਂ ਉਨ੍ਹਾਂ ਨੂੰ ਕੋਈ ਚਿੱਠੀ ਲਿਖਦੇ ਹਾਂ ਤਾਂ ਨਾਲ ਦੀ ਨਾਲ ਉਸ ਦਾ ਜਵਾਬ ਵੀ ਆਉਂਦਾ ਹੈ। ਸੋ, ਮੈਨੂੰ ਉਮੀਦ ਹੈ ਕਿ ਜਿਹੜੇ ਪਿਛਲੇ ਸੈਸ਼ਨਾਂ ਦੌਰਾਨ ਬਿਲ ਪਾਸ ਹੋਏ ਹਨ ਜਾਂ ਇਸ ਸੈਸ਼ਨ ਦੇ ਦੌਰਾਨ ਮਨੀ ਬਿਲ ਪਾਸ ਹੋਣਗੇ, ਉਨ੍ਹਾਂ ਤੇ ਵੀ ਜਲਦੀ ਤੋਂ ਜਲਦੀ ਫੈਸਲਾ ਲੈਣਗੇ ਤਾਂ ਕਿ ਪੰਜਾਬ ਦੇ ਲੋਕਾਂ ਦੁਆਰਾ ਡੈਮੋਕ੍ਰੇਟਿਕ ਤਰੀਕੇ ਨਾਲ ਚੁਣੀ ਹੋਈ ਸਰਕਾਰ ਆਪਣਾ ਕੰਮ ਕਰ ਸਕੇ। ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਜਿਹੜਾ ਜੀ.ਐਸ.ਟੀ. ਦਾ ਬਿਲ ਪੇਸ਼ ਕੀਤਾ ਹੈ, ਅੱਜ ਜੀ.ਐਸ.ਟੀ. ਪੂਰੇ ਦੇਸ਼ ਦੇ ਵਿੱਚ ਲਾਗੂ ਹੋ ਗਈ ਹੈ। ਇਸ ਤੇ ਬਹੁਤ ਸਵਾਲ ਉਠਾਏ ਗਏ ਕਿ ਕਿਵੇਂ ਹੋਵੇਗਾ ਪਰੰਤੂ ਜਿਹੜਾ ਇੱਥੇ ਦਾ ਬਣਿਆ ਹੋਇਆ ਟ੍ਰੈਕਟਰ ਹੈ, ਉਸ ਦੀ ਡੀਲਰਸ਼ਿਪ ਤਾਮਿਲਨਾਡੂ ਵਿੱਚ ਹੈ ਜਾਂ ਮਹਾਰਾਸ਼ਟਰ ਵਿੱਚ ਹੈ, ਜੇ ਕੋਈ ਟ੍ਰੈਕਟਰ ਉੱਥੇ ਖਰੀਦਿਆ ਜਾਂਦਾ ਹੈ ਤਾਂ ਇਹ ਜੀ.ਐਸ.ਟੀ. ਉੱਥੇ ਹੀ ਮਿਲਦੀ ਹੈ। ਸੋ, ਇਸ ਸਬੰਧੀ ਲੋਕ ਸਭਾ ਦੇ ਵਿੱਚ ਵੀ ਡਿਬੇਟਾਂ ਚਲਦੀਆਂ ਰਹਿੰਦੀਆਂ ਹਨ ਕਿ ਇਸ ਵਿੱਚ ਸੋਧਾਂ ਇਸ ਤਰ੍ਹਾਂ ਦੀਆਂ ਕਰੋ ਕਿ ਇਸ ਦਾ ਫਾਇਦਾ ਉਨ੍ਹਾਂ ਨੂੰ ਮਿਲੇ ਜਿਨ੍ਹਾਂ ਨੇ ਪੈਸਾ ਖਰਚਿਆ ਹੈ ਜਾਂ ਜਿਨ੍ਹਾਂ ਦੀ ਧਰਤੀ ਦਾ ਪਾਣੀ ਯੂਜ਼ ਹੋਇਆ ਹੈ। ਜਿਨ੍ਹਾਂ ਦੇ ਲੋਕਾਂ ਨੇ ਮਿਹਨਤ ਕਰਕੇ ਉਹ ਪ੍ਰੋਡਕਟ ਤਿਆਰ ਕੀਤਾ ਹੈ। ਇਸ ਤੋਂ ਪਹਿਲਾ ਵੈਟ ਸੀ, ਵੈਲਿਊ ਐਡਿਡ ਟੈਕਸ, ਮੈਂ ਇਸ ਗੱਲੋਂ ਸਦਨ ਨੂੰ ਸੂਚਿਤ ਕਰਦਿਆਂ ਹੋਇਆ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਅਸੀਂ ਵੈਟ ਵਿੱਚ ਵੀ ਓ.ਟੀ.ਐਸ. ਲੈ ਕੇ ਆਂਦਾ ਹੈ। ਇਸ ਸਬੰਧੀ ਬਹੁਤ ਸਾਰੇ ਲੋਕਾਂ ਦੇ ਪੁਰਾਣੇ ਲਟਕਦੇ ਕੇਸ ਪੈਂਡਿੰਗ ਪਏ ਸੀ। ਵਪਾਰੀਆਂ ਨੂੰ ਪਤਾ ਨਹੀਂ ਸੀ

ਲੱਗ ਰਿਹਾ ਕਿ ਕੀ ਕਰੀਏ, ਪੈਸੇ ਦੇਈਏ ਜਾਂ ਨਾ ਦੇਈਏ, ਪੈਨਲਿਟੀ ਲੱਗੀ ਜਾਂਦੀ ਹੈ, ਵਿਆਜ ਲੱਗੀ ਜਾਂਦਾ ਹੈ। ਸੋ, ਅਸੀਂ ਉਨ੍ਹਾਂ ਨਾਲ ਗੱਲ-ਬਾਤ ਕਰਕੇ ਵੈਟ ਤੇ ਓ.ਟੀ.ਐਸ. ਲੈ ਕੇ ਆਂਦਾ ਹੈ।

0505/Rajneet Kaur/Shubham jain

0510/Kuldeep kaur

ਜਿਸ ਵਿੱਚ ਅਸੀਂ ਇੱਕ ਲੱਖ ਤੋਂ ਇੱਕ ਕਰੋੜ ਤੱਕ ਬਿਲਕੁਲ ਹੀ ਮੁਆਫ ਕਰ ਦਿੱਤੇ ਹਨ। ਇੱਕ ਕਰੋੜ ਤੋਂ ਉੱਪਰ 50 ਪਰਸੈਂਟ ਅਤੇ ਉਸ ਤੋਂ ਬਾਅਦ ਇੱਕ certain figure ਤੋਂ ਉੱਪਰ ਅਸੀਂ ਪੂਰੀ ਪੈਨਲਟੀ ਤੇ ਪੂਰਾ ਵਿਆਜ ਲਵਾਂਗੇ ਕਿਉਂਕਿ ਉਹ ਵੱਡੇ ਇੰਡਸਟਰੀਲਿਸਟ ਹਨ ਅਤੇ ਉਹ ਦੇ ਸਕਦੇ ਹਨ। ਸੋ, ਇਕੱਲਾ ਇੱਕ ਲੱਖ ਤੋਂ ਇੱਕ ਕਰੋੜ ਦੇ ਵਿੱਚ-ਵਿੱਚ ਹੀ 59 ਹਜ਼ਾਰ ਕੇਸ ਆ ਗਏ ਹਨ। 63 ਹਜ਼ਾਰ ਦੇ ਨੇੜੇ-ਤੇੜੇ ਕੇਸ ਸਨ। 2-3 ਹਜ਼ਾਰ ਕੇਸ ਰਹਿ ਗਿਆ ਹੈ। ਸਾਨੂੰ 1800 ਤੋਂ ਉੱਪਰ ਐਪਲੀਕੇਸ਼ਨਾਂ ਆ ਚੁੱਕੀਆਂ ਹਨ ਕਿ ਸਾਡੇ ਨਾਲ ਹਿਸਾਬ ਕਰ ਲਓ। ਪੁਰਾਣੇ ਪੈਸੇ ਖੜ੍ਹੇ ਹਨ, ਕਿਸੇ ਦਾ 2015 ਦਾ ਖੜ੍ਹਾ ਹੈ ਕਿਸੇ ਦਾ 2016 ਦਾ ਖੜ੍ਹਾ ਹੈ। ਉਸ ਸਮੇਂ ਵੈਟ ਹੁੰਦਾ ਸੀ। ਸੋ, ਉਹ ਵੀ ਅਸੀਂ ਵਪਾਰੀਆਂ ਦੇ ਸਿਰ ਤੋਂ ਤਲਵਾਰ ਹਟਾ ਦੇਵਾਂਗੇ। ਇਸ ਦੇ ਨਾਲ ਹੀ ਰੈਵੇਨਿਊ ਵੀ ਆਵੇਗਾ। ਇਹੀ ਸਕੀਮ ਪਹਿਲਾਂ 2 ਵਾਰੀ ਦਿੱਤੀ ਗਈ ਸੀ ਪਰ ਉਸ ਤੇ ਇੰਨਾ ਹੋਮਵਰਕ ਨਹੀਂ ਕੀਤਾ ਗਿਆ। ਉਹ ਦੋਵੇਂ ਵਾਰ ਹੀ ਫੇਲ੍ਹ ਹੋ ਗਈ ਸੀ। ਅਸੀਂ ਉਸ ਦੇ ਫੇਲੀਅਰ ਦੇ ਕਾਰਨ ਲੱਭੇ ਹਨ ਕਿ ਉਹ ਕਿਉਂ ਫੇਲ੍ਹ ਹੋਈ ਸੀ। ਉਸ ਤੋਂ ਬਾਅਦ ਅਸੀਂ ਦੁਬਾਰਾ ਉਨ੍ਹਾਂ ਨਾਲ ਗੱਲ-ਬਾਤ ਕੀਤੀ ਹੈ। ਹੁਣ ਉਹ ਸਕੀਮ ਕਾਮਯਾਬ ਹੈ। ਇਸ ਨਾਲ ਪੰਜਾਬ ਸਰਕਾਰ ਨੂੰ ਬਹੁਤ ਵੱਡੇ ਪੱਧਰ ਤੇ ਰੈਵੇਨਿਊ ਆਵੇਗਾ। ਸਾਡਾ ਫੋਕਸ ਰੈਵੇਨਿਊ ਤੇ ਹੈ। ਜੇ ਰੈਵੇਨਿਊ ਆਵੇਗਾ ਤਾਂ ਨੌਕਰੀਆਂ ਦੇਵਾਂਗੇ ਤਾਂ ਹੀ ਤਨਖਾਹਾਂ ਦੇਵਾਂਗੇ। ਰੈਵੇਨਿਊ ਆਵੇਗਾ ਤਾਂ ਲੋਕਾਂ ਨੂੰ ਸਹੂਲਤਾਂ ਮਿਲਣਗੀਆਂ। ਸੋ, ਜੀ.ਐਸ.ਟੀ. ਹੋ ਗਈ, ਐਕਸਾਈਜ਼ ਹੋ ਗਈ, ਚਾਹੇ ਉਹ ਸਟੈਂਪ ਡਿਊਟੀ ਹੈ। ਵਹੀਕਲ ਦੀ ਰਜਿਸਟ੍ਰੇਸ਼ਨ ਫੀਸ ਹੈ। ਸੋ, ਇੰਨਾ ਵੀ ਰੈਵੇਨਿਊ ਸਾਡੇ ਕੋਲ ਘੱਟ ਨਹੀਂ ਹੈ ਕਿ ਅਸੀਂ ਕੁਝ ਵੀ ਨਾ ਕਰ ਸਕੀਏ ਜਾਂ ਖਜ਼ਾਨਾ ਖਾਲੀ, ਖਜ਼ਾਨਾ ਖਾਲੀ ਕਰਦੇ ਰਹੀਏ। ਅਸੀਂ ਉਹ ਨਹੀਂ ਹਾਂ। ਜਿਸ ਦੀ ਨੀਅਤ ਭਰੀ ਹੋਵੇ, ਤਾਂ ਖਜ਼ਾਨਾ ਕਦੇ ਖਾਲੀ ਨਹੀਂ ਹੁੰਦਾ ਹੈ। ਨੀਅਤ ਖਾਲੀ ਹੁੰਦੀ ਹੈ। ਸੋ, ਅੱਜ ਪੰਜਾਬ ਸਰਕਾਰ ਕੋਲ ਜੇ ਕੋਈ ਅਸੀਂ ਸਹੂਲਤਾਂ ਵੀ ਦਿੰਦੇ ਹਾਂ ਤਾਂ ਉਹ ਲੋਕਾਂ ਦੇ ਪੈਸੇ ਨਾਲ ਹੀ ਲੋਕਾਂ ਨੂੰ ਹੀ ਦਿੰਦੇ ਹਾਂ। ਸਰਕਾਰਾਂ ਦਾ ਕੰਮ ਹੀ ਇਹ ਹੁੰਦਾ ਹੈ ਕਿ ਲੋਕਾਂ ਤੋਂ ਟੈਕਸ ਕੁਲੈਕਸ਼ਨ ਕਰੋ ਅਤੇ ਲੋਕਾਂ ਤੇ ਹੀ ਲਗਾ ਦੇਵੋ। ਮਾਨਯੋਗ ਸਪੀਕਰ ਸਾਹਿਬ, ਜਦੋਂ ਲੋਕਾਂ ਨੂੰ ਇਹ ਯਕੀਨ ਹੋ ਜਾਵੇ ਕਿ ਸਾਡੇ ਟੈਕਸ ਦਾ ਪੈਸਾ ਸਾਨੂੰ ਹੀ ਮੁੜ ਕੇ ਆਵੇਗਾ, ਭਾਵੇਂ ਉਹ ਬਿਜਲੀ ਦੇ ਬਿਲ ਜ਼ੀਰੋ ਬਣ ਕੇ ਆਵੇ ਭਾਵੇਂ ਆਮ ਆਦਮੀ ਕਲੀਨਿਕਾਂ ਦੇ ਰੂਪ ਵਿੱਚ, ਫ੍ਰੀ ਦਵਾਈਆਂ ਦੇ ਰੂਪ ਵਿੱਚ ਆਵੇ, ਭਾਵੇਂ ਉਹ ਨੌਕਰੀਆਂ ਦੇ ਰੂਪ ਵਿੱਚ ਆ ਜਾਵੇ, ਭਾਵੇਂ ਉਹ ਸੜਕਾਂ ਬਣਾਉਣ ਜਾਂ ਆਟਾ-ਦਾਲ ਸਕੀਮ ਦੀ ਹੋਮ ਡਿਲੀਵਰੀ ਦੇ ਰੂਪ ਵਿੱਚ ਆ ਜਾਵੇ। ਸੋ, ਕਿਤੇ ਨਾ ਕਿਤੇ ਸਰਕਾਰ ਇਹ ਪੈਸਾ ਸਾਡੇ ਤੇ ਹੀ ਵਰਤੇਗੀ ਤਾਂ ਲੋਕ ਬੇਖੌਫ ਹੋ ਕੇ, ਬਿਨਾਂ ਡਰ ਤੋਂ ਟੈਕਸ ਦੇਣ ਲੱਗ ਜਾਂਦੇ ਹਨ। ਉਹ ਸੋਚਦੇ ਹਨ ਕਿ ਸਰਕਾਰ ਸਾਡੀ ਹੈ ਅਤੇ ਸਾਡੇ ਤੇ ਹੀ ਟੈਕਸ ਦਾ ਪੈਸਾ ਵਾਪਿਸ ਆਵੇਗਾ। ਸੋ, ਇਹ ਵਿਸ਼ਵਾਸ ਪਿਛਲੇ 70 ਸਾਲਾਂ ਤੋਂ ਟੁੱਟਿਆ ਹੋਇਆ ਸੀ। ਅਸੀਂ ਇਹ ਵਿਸ਼ਵਾਸ ਡੇਢ ਕੁ ਸਾਲ ਵਿੱਚ ਹੀ ਬਣਾ ਦਿੱਤਾ ਹੈ। ਦਿੱਲੀ ਵਿੱਚ ਤਾਂ ਬਹੁਤ ਚਿਰ ਪਹਿਲਾਂ ਹੀ ਬਣ ਗਿਆ ਸੀ। ਮੈਂ ਇੱਕ ਐਗਜ਼ਾਂਪਲ ਦਿੰਦਾ ਹਾਂ ਕਿ ਜਿਸ ਵੇਲੇ ਵੈਟ ਸੀ ਤਾਂ ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਜੀ 2015 ਵਿੱਚ ਮੁੱਖ ਮੰਤਰੀ ਬਣੇ ਸਨ। ਮਨੀਸ਼

ਸੁਸ਼ੋਦੀਆ ਜੀ ਉਸ ਵੇਲੇ ਫਾਈਨਾਂਸ ਮਨਿਸਟਰ ਸਨ। ਉਨ੍ਹਾਂ ਨੇ ਵਪਾਰੀਆਂ ਨਾਲ ਗੱਲ ਕੀਤੀ ਤਾਂ ਵਪਾਰੀਆਂ ਨੇ ਕਿਹਾ ਕਿ ਇੰਸਪੈਕਟਰਾਂ ਦੀਆਂ ਰੇਡਜ਼ ਬਹੁਤ ਹੁੰਦੀਆਂ ਹਨ। ਉਹ ਸਾਡੇ ਤੋਂ ਰਿਸ਼ਵਤ ਲੈ ਜਾਂਦੇ ਹਨ, ਉਹ ਕਿਹੜਾ ਖਜ਼ਾਨੇ ਵਿੱਚ ਆਉਂਦੇ ਹਨ। ਰਿਸ਼ਵਤ ਕਿਹੜਾ ਖਜ਼ਾਨੇ ਵਿੱਚ ਆਉਂਦੀ ਹੈ। ਸਾਡੇ ਤੇ ਰੇਡਜ਼ ਦਾ ਡਰ ਹੈ। ਇੰਪੈਕਟਰ ਰਾਜ ਹੈ, ਸਾਡਾ ਇਸ ਤੋਂ ਬਚਾਅ ਕਰੋ। ਉਸ ਵੇਲੇ ਵੈਟ 12.5 ਪਰਸੈਂਟ ਸੀ। ਅਰਵਿੰਦ ਕੇਜਰੀਵਾਲ ਜੀ ਖੁਦ ਆਈ.ਆਰ.ਐਸ. (ਇੰਡੀਅਨ ਰੈਵੇਨਿਊ ਸਰਵਿਸਜ਼ਿ) ਅਫਸਰ ਹਨ। ਉਹ ਇਨਕਮ ਟੈਕਸ ਦੇ ਕਮਿਸ਼ਨਰ ਰਹੇ ਹਨ। ਉਨ੍ਹਾਂ ਨੇ ਆਈ.ਆਈ.ਟੀ. ਖੜਗਪੁਰ ਤੋਂ ਇੰਜੀਨੀਅਰਿੰਗ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਠੀਕ ਹੈ, ਕੋਈ ਇੰਸਪੈਕਟਰ ਨਹੀਂ ਆਵੇਗਾ, ਕੋਈ ਰੇਡ ਨਹੀਂ ਪਵੇਗੀ। ਵੈਟ ਵੀ ਸਾਢੇ 12.5 ਤੋਂ 7.5 ਪਰਸੈਂਟ ਘਟਾ ਕੇ 5 ਪਰਸੈਂਟ ਕਰਨ ਲੱਗੇ ਹਾਂ ਪਰ ਚੋਰੀ ਨਾ ਕਰਿਓ। ਟੈਕਸ ਪੂਰਾ ਭਰ ਦਿਓ। ਸਰ, ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਸਾਢੇ 7 ਪਰਸੈਂਟ ਵੈਟ ਘਟਾ ਕੇ ਦਿੱਲੀ ਵਿੱਚ ਹਜ਼ਾਰ ਕਰੋੜ ਰੁਪਏ ਤੋਂ ਉੱਪਰ ਰੈਵੇਨਿਊ ਦੀ ਕੁਲੈਕਸ਼ਨ ਵਧ ਗਈ ਸੀ। (ਥੰਪਿੰਗ) ਲੋਕ ਟੈਕਸ ਦੇਣ ਲੱਗ ਗਏ ਕਿ ਇਹ ਪੈਸਾ ਮੁੜ ਕੇ ਸਾਡੇ ਕੋਲ ਹੀ ਆਵੇਗਾ। ਵਪਾਰੀ ਨੂੰ ਇਹ ਹੁੰਦਾ ਹੈ ਕਿ ਮੇਰੇ ਘਰ ਇੰਸਪੈਕਟਰ ਨਾ ਆਵੇ, ਮੇਰੇ ਘਰ ਪੁਲਿਸ ਨਾ ਆਵੇ, ਸੋਸ਼ਲ ਸਟੀਗਮਾ ਰਹਿੰਦਾ ਹੈ। ਸੋ, ਅਸੀਂ ਵੈਟ ਵਿੱਚ ਇਸ ਤਰ੍ਹਾਂ ਦੀ OTS (One Time Settlement scheme) ਲੈ ਕੇ ਆਏ ਹਾਂ। ਇਸ ਨਾਲ ਵੀ ਇਹ ਹੀ ਫਾਇਦਾ ਹੋਵੇਗਾ, ਵਪਾਰੀ ਕਹੇਗਾ ਕਿ ਖਤਮ ਕਰੋ ਜਾਂ ਘੱਟ ਪੈਸੇ ਲੈ ਲਵੋ ਪਰ ਕਿਤੇ ਨਾ ਕਿਤੇ ਨਿਬੇੜੋ। ਉਹ ਅਸੀਂ ਨਿਬੇੜ ਦੇਵਾਂਗੇ। ਹੁਣ ਰੈਵੇਨਿਊ ਪਹਿਲਾਂ ਨਾਲੋਂ ਜ਼ਿਆਦਾ ਹੋ ਰਿਹਾ ਹੈ।

0510/Kuldeep kaur/Abhishek gautam

0515/Pawan sharma

ਕਾਫੀ ਵਿਭਾਗ ਹਨ, ਜਿਹੜੇ ਗਰੀਨ ਕਲਰ ਵਿੱਚ ਹਨ ਹਾਲਾਂਕਿ ਪਿਛਲੀਆਂ ਸਰਕਾਰਾਂ ਦਾ ਕਾਫੀ Debt ਹੈ, ਉਹ ਵੀ ਨਾਲ ਲੈਣਾ ਪਵੇਗਾ। ਕੀ ਕਰੀਏ, ਜਿਹੜਾ ਕਰਜ਼ਾ ਵਿਰਸੇ ਵਿੱਚ ਮਿਲ ਗਿਆ, ਉਸ ਨੂੰ ਤਾਂ ਛੱਡ ਨਹੀਂ ਸਕਦੇ! ਜੇਕਰ ਹੁਣ ਗੱਡੀ ਨਵੀਂ ਹੈ, 92 ਡੱਬੇ ਨਵੇਂ ਹਨ ਪਰ ਜਿਹੜੇ ਪੁਰਾਣੇ ਡੱਬੇ ਖਰਾਬ ਕਰਕੇ ਗਏ ਹਨ, ਉਨ੍ਹਾਂ ਨੂੰ ਵੀ ਤਾਂ ਸਾਫ ਕਰਨਾ ਪਵੇਗਾ। ਅਸੀਂ ਸਟੇਸ਼ਨ ਤੇ ਉਨ੍ਹਾਂ ਡੱਬਿਆਂ ਨੂੰ ਛੱਡ ਤਾਂ ਨਹੀਂ ਸਕਦੇ। ਗੱਡੀ ਤਾਂ ਹੋਰ ਲੰਬੀ ਹੋਵੇਗੀ। ਸੋ, ਇਸ ਕਰਕੇ ਇਹ ਜਿਹੜਾ ਜੀ.ਐਸ.ਟੀ. ਦਾ ਬਿੱਲ ਹੈ, ਇਸ ਦੇ ਨਾਲ ਸਾਨੂੰ ਹੋਰ ਵੀ ਬਹੁਤ ਵੱਡਾ ਫਾਇਦਾ ਹੋਣਾ ਹੈ ਕਿ ਜੀ.ਐਸ.ਟੀ. ਦਾ ਰੈਵੀਨਿਊ ਬਹੁਤ ਵਧੇਗਾ ਕਿਉਂਕਿ ਅਜੇ ਵੀ ਸ਼ਿਕਾਇਤਾਂ ਹਨ ਕਿ ਕੰਮ ਕੱਚੇ ਵਿੱਚ ਹੋ ਰਿਹਾ ਹੈ। ਸਿਰਫ ਇੰਨੇ ਪਰਸੈਂਟ ਪੱਕੇ ਵਿੱਚ ਹੋ ਰਿਹਾ ਹੈ। ਸੋ, ਅਸੀਂ ਉਨ੍ਹਾਂ ਨੂੰ ਪ੍ਰੇਰਿਤ ਕਰ ਰਹੇ ਹਾਂ ਕਿਉਂਕਿ ਹਰ ਗੱਲ ਤੇ ਪੁਲਿਸ ਭੇਜਣਾ ਜਾਂ ਇਨਕਮ ਟੈਕਸ ਦੇ ਛਾਪੇ ਪੈਣੇ, ਇਹ ਕੋਈ ਬਹੁਤਾ ਵੱਡਾ ਕੰਮ ਨਹੀਂ ਹੁੰਦਾ। ਜੇਕਰ ਅਸੀਂ ਉਨ੍ਹਾਂ ਨਾਲ ਗੱਲ ਕਰ ਲਈਏ ਕਿ ਅਸੀਂ ਇਸੇ ਪੰਜਾਬ ਵਿੱਚ ਹੀ ਰਹਿਣਾ ਹੈ, ਇੱਥੇ ਹੀ ਤੁਹਾਡੇ ਬੱਚਿਆ ਨੇ ਪਲਣਾ ਹੈ, ਇੱਥੇ ਹੀ ਪੜ੍ਹਨਾ ਹੈ। ਜੇਕਰ ਤੁਸੀਂ ਟੈਕਸ ਦੇਵੋਗੇ ਤਾਂ ਉਹ ਕਿਸੇ ਨਾ ਕਿਸੇ ਰੂਪ ਵਿੱਚ, ਇੰਨਸੈਂਟਿਵ ਰਾਹੀਂ ਤੁਹਾਡੇ ਕੋਲ ਵਾਪਸ ਆ ਜਾਵੇਗਾ। ਸੋ, ਜੀ.ਐਸ.ਟੀ. ਦੇ ਵਿੱਚ ਅਸੀਂ Artificial Intelligence ਵੀ introduce ਕਰ ਰਹੇ ਹਾਂ, ਰੈਵੀਨਿਊ ਵਿੱਚ ਕਰ ਰਹੇ ਹਾਂ, ਹੈਲਥ ਵਿੱਚ ਕਰ ਰਹੇ ਹਾਂ, ਐਗਰੀਕਲਚਰ ਵਿੱਚ ਕਰ ਰਹੇ ਹਾਂ ਅਤੇ ਲੋਕਲ ਗੌਰਮਿੰਟ (ਪੀ.ਡਬਲਊ.ਡੀ.) ਵਿੱਚ ਵੀ ਕਰ ਰਹੇ ਹਾਂ। ਮੈਂ ਤੁਹਾਨੂੰ ਅੱਜ ਇੱਕ ਫਿਗਰ ਦੇਣੀ ਚਾਹੁੰਦਾ ਹਾਂ, ਤੁਸੀਂ ਹੈਰਾਨ ਹੋ ਜਾਵੋਗੇ

ਅਤੇ ਇਸ ਵੇਲੇ ਜਿਹੜੇ ਲੱਖਾਂ ਲੋਕ ਸੁਣ ਰਹੇ ਹੋਣਗੇ, ਉਹ ਵੀ ਸ਼ਾਇਦ ਇਸ ਗੱਲ ਤੇ ਹੈਰਾਨ ਹੋਣਗੇ ਕਿ ਇਸ ਤਰ੍ਹਾਂ ਵੀ ਹੁੰਦਾ ਰਿਹਾ ਹੈ। ਅਸੀਂ Artificial Intelligence pilot ਕੀਤਾ ਸੀ। ਸਿਰਫ ਜਿਹੜੇ ਸੜਕਾਂ ਦੀ ਰਿਪੇਅਰ ਦੇ ਮੈਨੂਅਲ ਐਸਟੀਮੇਟ ਸਨ ਕਿ ਕਿੰਨੀਆਂ ਸੜਕਾਂ ਟੁੱਟ ਗਈਆਂ, ਕਿੰਨੇ ਖੱਡੇ ਹਨ, ਉਨ੍ਹਾਂ ਨੂੰ ਭਰਨ ਤੇ ਕਿੰਨੇ ਪੈਸੇ ਲੱਗਣਗੇ, ਅਸੀਂ ਮੈਨੂਅਲ ਐਸਟੀਮੇਟ ਦੇ ਵਿੱਚ, ਜਿਹੜੀ ਪਿਛਲੀ ਵਾਰ ਦੀ ਸਾਡੇ ਕੋਲ ਆਈ ਹੋਈ ਸੀ, ਉਸ ਵਿੱਚ Artificial Intelligence introduce ਕਰ ਦਿੱਤੀ। ਇੱਕ ਲੇਜ਼ਰ ਹੈ, ਗੱਡੀ ਵਿੱਚ ਰੱਖੋ ਅਤੇ ਡਿੱਘੀ ਖੋਲ੍ਹ ਲਵੋ। ਇੱਕ ਅੱਗੇ ਲੇਜ਼ਰ ਲੱਗਿਆ ਹੁੰਦਾ ਹੈ, ਉਸ ਗੱਡੀ ਨੂੰ ਸੜਕ ਦੇ ਉੱਤੋਂ ਦੀ ਲੈ ਜਾਓ, ਉਹ ਲੇਜ਼ਰ ਆਪ ਹੀ ਰਿਕਾਰਡ ਕਰ ਲਵੇਗਾ ਕਿ ਸੜਕ ਵਿੱਚ ਖੱਡੇ ਕਿੰਨੇ ਹਨ, ਕਿੰਨੇ ਡੂੰਘੇ ਹਨ, ਕਿੰਨੇ ਕਿੱਲੋਮੀਟਰ ਹਨ, ਕਿੰਨੀ ਬਜਰੀ ਪਵੇਗੀ, ਸਾਰਾ ਡਾਟਾ ਰਿਕਾਰਡ ਕਰਕੇ ਦੇ ਦਿੰਦਾ ਹੈ। ਤੁਹਾਨੂੰ ਹੈਰਾਨੀ ਹੋਵੇਗੀ ਕਿ ਤਕਰੀਬਨ 65 ਹਜ਼ਾਰ ਕਿੱਲੋਮੀਟਰ ਸੜਕਾਂ ਦਾ guess ਅਸੀਂ ਕਰਵਾਇਆ। ਮੈਨੂਅਲ ਐਸਟੀਮੇਟ ਨਾਲੋਂ 163.26 ਕਰੋੜ ਰੁਪਏ ਘੱਟ ਬਣੇ(ਥੰਪਿੰਗ)। ਇਕੱਲਾ ਘੱਟ ਹੀ ਨਹੀਂ ਬਣੇ, 540 ਕਿੱਲੋਮੀਟਰ ਇਹੋ ਜਿਹੀਆਂ ਸੜਕਾਂ ਮਿਲੀਆਂ ਜਿਹੜੀਆਂ ਨਹੀਂ ਸਨ। ਸੜਕਾਂ ਕਿੱਧਰ ਗਈਆਂ। ਮੇਰੇ ਪਿੰਡ ਤੋਂ ਨਾਲ ਦਾ ਪਿੰਡ ਤੋਲਾਵਾਲ ਹੈ, ਸਵਾ ਤਿੰਨ ਕਿੱਲੋਮੀਟਰ ਹੈ, ਉਸ ਨੂੰ ਸਵਾ ਪੰਜ ਲਿਖ ਦਿਓ। ਪਿੰਡ ਤੋਲਾਵਾਲ ਤੋਂ ਪਿੰਡ ਚੀਮਾ ਚਾਰ ਕਿੱਲੋਮੀਟਰ ਜਾਂ ਸਵਾ ਚਾਰ ਜਾਂ ਸਾਢੇ ਚਾਰ ਕਿੱਲੋਮੀਟਰ ਹੈ, ਉਸ ਨੂੰ ਸਾਢੇ ਛੇ ਲਿਖ ਦਿਓ। ਕੌਣ measure ਕਰਨ ਆਉਂਦਾ ਹੈ। ਪਰ ਜਿਹੜਾ ਦੋ ਕਿੱਲੋਮੀਟਰ ਲਿਖਿਆ ਹੈ, ਉਹ ਸੜਕ ਹੈ। ਉਸ ਦੇ ਵੀ ਪੈਸੇ ਲਓ, ਉਸ ਦੀ ਰਿਪੇਅਰ ਵੀ ਕਰੋ। ਯਾਨੀ Artificial Intelligence ਨੇ ਜਿੱਥੇ ਸੜਕ ਖਤਮ ਹੋ ਗਈ, ਉੱਥੇ measure ਕਰਨਾ ਬੰਦ ਕਰ ਦਿੱਤਾ। 540 ਕਿੱਲੋਮੀਟਰ ਸੜਕਾਂ ਇਹੋ ਜਿਹੀਆਂ ਹਨ, ਜਿਨ੍ਹਾਂ ਦੀ ਰਿਪੇਅਰ ਵੀ ਹੁੰਦੀ ਰਹੀ, ਕਾਗਜ਼ਾਂ ਵਿੱਚ ਵੀ ਰਹੀਆਂ ਪਰ ਧਰਤੀ ਤੇ ਨਹੀਂ ਹੈ। ਮੈਂ ਤਾਂ ਤੁਹਾਨੂੰ Artificial Intelligence ਦਾ ਛੋਟਾ ਜਿਹਾ ਪਾਇਲਟ ਪ੍ਰਾਜੈਕਟ ਦੱਸਣ ਲੱਗਿਆ ਹਾਂ। ਹੁਣ ਜਾਂਚ ਕਰਾਵਾਂਗੇ ਕਿ ਉਹ ਕੌਣ ਸਨ, ਜਿਨ੍ਹਾਂ ਨੇ ਇਹ ਸੜਕਾਂ, ਜਿਹੜੀਆਂ ਐਕਚੂਅਲ ਵਿੱਚ ਨਹੀਂ ਹਨ, ਪੈਦਾ ਕੀਤੀਆਂ ਅਤੇ ਕਿਹੜਾ ਕਿਹੜਾ ਕਿੱਥੇ ਕਿੱਥੇ ਰਿਪੇਅਰ ਕਰਵਾ ਗਿਆ। ਇਸੇ ਹਾਊਸ ਵਿੱਚ ਰਿਪੇਅਰ ਵਾਸਤੇ ਤਾਂ ਬਿਆਨ ਵੀ ਦਿੱਤੇ ਗਏ ਸਨ ਕਿ ਅਸੀਂ ਰਿਪੇਅਰ ਕੀਤੀਆਂ ਹਨ। ਸੋ, ਉਹ ਵੀ ਹਿਸਾਬ ਅਸੀਂ ਲਵਾਂਗੇ ਕਿ 540 ਕਿੱਲੋਮੀਟਰ ਸੜਕ ਹੀ ਨਹੀਂ ਹੈ, ਹਰ ਸਾਲ ਜਾਂ ਦੋ ਸਾਲ ਬਾਅਦ ਇਨ੍ਹਾਂ ਦੀ ਰਿਪੇਅਰ ਕਰਦੇ ਹੋਣਗੇ। ਸੋ, ਇਸ ਤਰ੍ਹਾਂ ਪੰਜਾਬ ਦੇ ਖਜ਼ਾਨੇ ਨੂੰ ਚੂਨੇ ਲੱਗ ਰਹੇ ਸਨ। ਅਸੀਂ ਉਹ ਬੰਦ ਕਰ ਰਹੇ ਹਾਂ। Artificial Intelligence ਨੂੰ ਜੇਕਰ ਪਾਜ਼ੇਟਿਵ ਤਰੀਕੇ ਨਾਲ ਵਰਤਿਆ ਜਾਵੇ ਤਾਂ ਉਹ ਇੱਕ ਬਹੁਤ ਵਧੀਆ ਚੀਜ਼ ਹੈ। ਸੋ, ਅਸੀਂ, ਸਪੈਸ਼ਲਿਸਟ ਨਾਲ ਗੱਲ ਕਰ ਰਹੇ ਹਾਂ, ਸਾਡੇ ਪਾਇਲਟ ਚਲ ਪਏ ਹਨ। ਅਸੀਂ ਤਿੰਨ ਚਾਰ ਵਿਭਾਗਾਂ ਵਿੱਚ ਟਰਾਈ ਕਰਾਂਗੇ। ਅਜੇ ਸੈਂਟਰ ਸਰਕਾਰ ਨੇ ਰੇਲਵੇ ਵਿੱਚ ਸ਼ੁਰੂ ਕੀਤਾ ਹੈ। ਮੇਰੇ ਖਿਆਲ ਵਿੱਚ ਕੋਲ਼ ਇੰਡਸਟਰੀ ਵਿੱਚ ਵੀ ਸ਼ੁਰੂ ਕੀਤਾ ਹੈ। ਮੈਨੂੰ ਉਮੀਦ ਹੈ ਕਿ ਜੇਕਰ ਇੱਕ ਛੋਟੇ ਜਿਹੇ ਪਾਇਲਟ ਤੋਂ ਹੀ ਇੰਨੇ ਪੈਸੇ ਬਚ ਸਕਦੇ ਹਨ ਤਾਂ ਹੋਰ ਵੀ ਵੱਡੇ ਵੱਡੇ ਪ੍ਰਾਜੈਕਟਾਂ ਵਿੱਚ ਬਹੁਤ ਸਾਰਾ ਪੈਸਾ ਬਚੇਗਾ।

0520/Beant kaur

ਖਜ਼ਾਨਾ ਮੰਤਰੀ ਸਾਹਿਬ ਨੇ ਜੋ ਬਿਲ ਪੇਸ਼ ਕੀਤਾ ਹੈ, ਵੈਸੇ ਤਾਂ ਸਾਰੇ ਦੇਸ਼ ਵਿੱਚ ਸਾਰੀਆਂ ਸਰਕਾਰਾਂ ਅਜਿਹਾ ਕਰ ਰਹੀਆਂ ਹਨ ਕਿਉਂਕਿ ਫੈਡਰਲ ਰੂਲ ਹੈ ਪਰ ਜਿਹੜਾ ਪੰਜਾਬ ਦਾ ਹਿੱਸਾ ਹੈ, ਮੈਂ ਉਸ ਬਾਰੇ ਗੱਲ ਵੀ ਕੀਤੀ ਸੀ। ਸਪੀਕਰ ਸਾਹਿਬ, ਸਾਰੀਆਂ ਸਟੇਟਾਂ ਕੀ ਕਰਦੀਆਂ ਹਨ ਕਿ ਪਹਿਲਾਂ ਜੀਐਸਟੀ ਇਕੱਠਾ ਕਰਦੀਆਂ ਹਨ, ਅਫਸਰ

ਜਾਂਦੇ ਹਨ ਅਤੇ ਜੀਐਸਟੀ ਇਕੱਠਾ ਕਰਦੇ ਹਨ, ਫੇਰ ਉਸ ਨੂੰ ਅਸੀਂ ਕੇਂਦਰ ਸਰਕਾਰ ਨੂੰ ਦੇ ਦਿੰਦੇ ਹਾਂ, ਫੇਰ ਅਸੀਂ ਆਪਣਾ ਹਿੱਸਾ ਮੰਗਣ ਵਾਸਤੇ ਕੇਂਦਰ ਸਰਕਾਰ ਦੀਆਂ ਮਿੰਨਤਾਂ ਕਰਦੇ ਰਹਿੰਦੇ ਹਾਂ ਬਲਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਜੀਐਸਟੀ ਇਕੱਠਾ ਕਰਨ ਵਾਸਤੇ ਜਿਹੜੀ ਸਾਡੀ ਮੈਨਪਾਵਰ ਲੱਗੀ ਹੈ, ਅਫਸਰਾਂ ਮੁਲਾਜ਼ਮਾਂ ਨੇ ਜੋ ਕੰਮ ਕੀਤਾ ਹੈ, ਉਨ੍ਹਾਂ ਦੇ ਮਿਹਨਤਾਨੇ ਦਾ ਵੀ ਪੈਸਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਕੁਲੈਕਸ਼ਨ ਤੇ ਕਿੰਨੇ ਪੈਸੇ ਲੱਗੇ ਹਨ, ਉਹ ਐਕਸਟ੍ਰਾ ਦੇਵਾਂਗੇ ਪਰੰਤੂ ਉਹ ਸਾਡਾ ਹਿੱਸਾ ਹੀ ਨਹੀਂ ਦਿੰਦੇ, ਜਿਹੜਾ ਕਿ ਸਾਡਾ ਹੱਕ ਹੈ। ਸਪੀਕਰ ਸਾਹਿਬ, ਆਰਡੀਐਫ ਦਾ ਪੈਸਾ ਰੋਕਿਆ ਹੋਇਆ ਹੈ, ਇਸ ਦਾ ਕਾਰਨ ਦੱਸਿਆ ਗਿਆ ਹੈ ਕਿ ਪਿਛਲੀ ਸਰਕਾਰ ਮਿਸਯੂਜ਼ ਕਰ ਗਈ, ਇਸ ਲਈ ਫਲਾਣਾ ਐਕਟ ਚੇਂਜ਼ ਕਰੋ। ਅਸੀਂ ਐਕਟ ਵੀ ਚੇਂਜ਼ ਕਰ ਦਿੱਤਾ ਪਰੰਤੂ ਫਿਰ ਵੀ ਨਹੀਂ ਦਿੱਤਾ। ਕਹਿੰਦੇ ਹਨ ਕਿ ਦੋ ਸਾਲ ਦਾ ਦਿਓ, ਅਸੀਂ ਮੰਡੀਆਂ ਦਾ ਪੈਸਾ ਜ਼ੀਰੋ ਕਰਾਂਗੇ। ਹਰ ਰੋਜ਼ ਕੋਈ ਨਾ ਕੋਈ ਅਜਿਹੀ ਗੱਲ ਕੀਤੀ ਜਾਂਦੀ ਹੈ ਜਿਵੇਂ ਪੰਜਾਬ ਦੇਸ਼ ਦਾ ਹਿੱਸਾ ਨਾ ਹੋਵੇ ਜਦ ਕਿ ਫੂਡ ਬਾਊਲ ਵਿੱਚ ਅਸੀਂ ਸਭ ਤੋਂ ਵੱਡਾ ਹਿੱਸਾ ਪਾਉਂਦੇ ਹਾਂ। ਫੌਜਾਂ ਵਿੱਚ ਸਾਡੀ ਗਿਣਤੀ ਜ਼ਿਆਦਾ ਹੈ। ਇੰਟਰਨੈਸ਼ਨਲ ਬਾਰਡਰ ਤੇ ਅਸੀਂ ਰਹਿੰਦੇ ਹਾਂ। ਜਿਹੜੇ ਦੇਸ਼ ਉੱਪਰ ਇੰਟਰਨੈਸ਼ਨਲ ਅਟੈਕ ਹੁੰਦੇ ਹਨ, ਸਭ ਤੋਂ ਜਿਆਦਾ ਪੰਜਾਬ ਝੱਲਦਾ ਹੈ। ਸੋ, ਬੀਜੇਪੀ ਹਰ ਗੱਲ ਤੇ ਇੰਨੀ ਜ਼ਿਆਦਾ ਐਂਟੀ ਪੰਜਾਬ ਚੱਲ ਰਹੀ ਹੈ, ਉਨ੍ਹਾਂ ਦਾ ਮਨ ਹੈ ਕਿ ਐਮਐਸਪੀ ਖਤਮ ਕਰ ਦਿਓ, ਪਰਾਲੀ ਇਕੱਲਾ ਪੰਜਾਬ ਫੂਕਦਾ ਹੈ, ਪਰਾਲੀਆਂ ਨੂੰ ਅੱਗ ਲਗਾਉਣ ਕਾਰਨ ਕਿਸਾਨਾਂ ਤੇ ਪਰਚੇ ਕਰੋ, ਇਨ੍ਹਾਂ ਨੂੰ ਕਰਜ਼ਾ ਦੇਣਾ ਬੰਦ ਕਰ ਦਿਓ। ਅਗਨੀਵੀਰ ਸ਼ਹੀਦ ਹੋ ਗਿਆ, ਕਿਹਾ ਗਿਆ ਕਿ ਲਾਸ਼ ਸੁੱਟ ਜਾਵਾਂਗੇ, ਅਸੀਂ ਸਲੂਟ ਨਹੀਂ ਦਿੰਦੇ। ਸਪੀਕਰ ਸਾਹਿਬ, ਬੀਜੇਪੀ ਵਾਲੇ ਇੰਨੇ ਐਂਟੀ ਪੰਜਾਬ ਹਨ, ਮੈਂ ਇਨ੍ਹਾਂ ਦੇ ਪੰਜਾਬ ਦੇ ਪ੍ਰਧਾਨ ਸਾਹਿਬ ਨੂੰ ਪੁੱਛਣਾ ਚਾਹਾਂਗਾ, ਜਿਹੜੇ ਪਹਿਲਾਂ ਪ੍ਰਧਾਨ ਸੀ ਉਹ ਸਾਬਕਾ ਮੁੱਖ ਮੰਤਰੀ ਇਸ ਸੀਟ ਤੇ ਬੈਠਦੇ ਸੀ, ਅੱਜ ਕਲ੍ਹ ਬੀਜੇਪੀ ਵੱਲ ਹਨ। ਮੈਂ ਉਨ੍ਹਾਂ ਨੂੰ ਪੁੱਛਣਾ ਚਾਹਾਂਗਾ ਕਿ ਇੰਨੇ ਪੰਜਾਬ ਵਿਰੋਧੀ ਫੈਸਲੇ ਤੇ ਵੀ ਤੁਸੀਂ ਚੁੱਪ ਹੋ? ਜੇ ਸੈਂਟਰ ਦੀ ਸੱਤਾਧਾਰੀ ਧਿਰ ਦਾ ਵੱਸ ਚਲਦਾ ਤਾਂ ਇਹ ਜਨ-ਗਣ-ਮਨ ਵਿਚੋਂ ਵੀ ਪੰਜਾਬ ਨੂੰ ਕੱਢ ਦਿੰਦੇ ਕਿ ਪੰਜਾਬ ਵਿੱਚ ਕਿਉਂ ਹੈ? ਇਕੱਲਾ ਸਿੰਧ, ਗੁਜਰਾਤ, ਮਰਾਠਾ ਆਵੇਗਾ, ਇਹ ਇੰਨੇ ਵਿਰੋਧੀ ਹਨ। ਇਹ ਰਾਸ਼ਟਰੀ ਗੀਤ ਨੂੰ ਬਦਲ ਨਹੀਂ ਸਕਦੇ, ਇਨ੍ਹਾਂ ਨੂੰ ਤਾਂ ਲੂਹਰੀਆਂ ਉੱਠਦੀਆਂ ਹੋਣੀਆਂ ਕਿ ਸਭ ਤੋਂ ਪਹਿਲਾਂ ਪੰਜਾਬ ਦਾ ਨਾਂ ਕਿਉਂ ਆਉਂਦਾ ਹੈ? ਰਾਸ਼ਟਰੀ ਗੀਤ ਵਿੱਚ ਸਭ ਤੋਂ ਪਹਿਲਾਂ ਪੰਜਾਬ ਦਾ ਨਾਂ ਆਉਂਦਾ ਹੈ - ਪੰਜਾਬ ਸਿੰਧ ਗੁਜਰਾਤ ਮਰਾਠਾ - ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ, ਮੈਂ ਫੇਰ ਕਹਿੰਦਾ ਹਾਂ ਕਿ ਆਪਣੇ ਪੈਰਾਂ ਤੇ ਖੜ੍ਹੇ ਹੋਣਾ ਪਵੇਗਾ। ਅਸੀਂ ਉੱਪਰਲੀਆਂ ਉਮੀਦਾਂ ਕਿੰਨੀਆਂ ਕੁ ਰੱਖਦੇ ਰਹਾਂਗੇ? ਕਦੇ ਇਹ ਠੀਕ ਨਹੀਂ, ਉਹ ਠੀਕ ਨਹੀਂ, ਕਦੇ ਇਹ ਕੱਟ ਲਿਆ, ਉਹ ਕੱਟ ਲਿਆ। ਅਸੀਂ ਮੰਨਦੇ ਹਾਂ ਕਿ ਜੀਐਸਟੀ ਉਨ੍ਹਾਂ ਦਾ ਹੈ ਪਰ ਸਾਨੂੰ ਤਾਂ ਸਮੇਂ ਸਿਰ ਮਿਲ ਜਾਵੇ। ਸੀਸੀਐਲ, ਕੈਸ਼ ਕ੍ਰੈਡਿਟ ਲਿਮਟ ਇਵੇਂ ਦਿੰਦੇ ਹਨ ਜਿਵੇਂ ਸਾਡੇ ਤੇ ਅਹਿਸਾਨ ਕੀਤਾ ਹੋਵੇ, ਜਦ ਕਿ ਸਾਡੇ ਤੋਂ ਚੌਲ ਲਿਆ ਜਾਂਦਾ ਹੈ ਅਤੇ ਦੇਸ਼ ਦੀ 80 ਕਰੋੜ ਜਨਤਾ ਨੂੰ ਕਿਹਾ ਜਾਂਦਾ ਹੈ ਕਿ ਅਸੀਂ ਦਾਲ-ਚੌਲ ਅਤੇ ਹੋਰ ਰਾਸ਼ਣ ਤੁਹਾਨੂੰ ਦੇਣਾ ਹੈ। ਸਪੀਕਰ ਸਾਹਿਬ, ਕੇਂਦਰ ਸਰਕਾਰ ਸਾਨੂੰ ਕਹਿੰਦੀ ਹੈ ਕਿ ਕੋਲਾ ਸ੍ਰੀ ਲੰਕਾ ਉੱਪਰੋ ਲੈ ਕੇ ਆਓ। ਕੀ ਇਹ ਰੂਲ ਹੈ? ਮੈਂ ਕਿਹਾ ਕਿ ਅਸੀਂ ਕੋਲੇ ਨਾਲ ਬਿਜਲੀ ਪੈਦਾ ਕਰਦੇ ਹਾਂ ਅਤੇ ਉਸ ਬਿਜਲੀ ਨਾਲ ਚੌਲ ਪੈਦਾ ਕਰਦੇ ਹਾਂ। ਤੁਸੀਂ ਚੌਲ ਤਾਂ ਸਿੱਧੇ ਟਰੇਨ ਭਰ ਕੇ ਲੈ ਜਾਂਦੇ ਹੋ ਫੇਰ ਚੌਲ ਵੀ ਵਾਇਆ ਕਰਾਚੀ ਲੈ ਕੇ ਜਾਇਆ ਕਰੋ। ਜਦੋਂ ਮੈਂ ਕੋਲ ਮੰਤਰੀ ਨੂੰ ਇਸ ਬਾਰੇ ਦੱਸਿਆ, ਫੇਰ ਉਹ ਕਹਿਣ ਲੱਗੇ ਕਿ ਠੀਕ ਹੈ, ਜਿਵੇਂ ਤੁਸੀਂ ਕਹਿੰਦੇ ਹੋ। ਸਪੀਕਰ ਸਾਹਿਬ, ਸਾਡਾ ਤਾਂ ਠੀਕ ਕਰ ਦਿੱਤਾ ਪਰ ਰਾਜਸਥਾਨ ਦਾ ਹਾਲੇ ਵੀ ਉਸੇ ਪ੍ਰਕਾਰ ਹੈ। ਉਨ੍ਹਾਂ ਨੂੰ ਵਾਇਆ ਸ੍ਰੀ ਲੰਕਾ ਆਉਣਾ ਪੈਂਦਾ ਹੈ। ਸਪੀਕਰ ਸਾਹਿਬ, ਜਿੱਥੇ ਜਿੱਥੇ ਇਨ੍ਹਾਂ ਦੀ ਸਰਕਾਰ ਨਹੀਂ ਹੈ, ਉੱਥੇ ਉੱਥੇ ਕੀ ਹੁੰਦਾ ਹੈ ਕਿ

ਆਰਥਿਕ ਮਾਰ ਮਾਰੋ, ਈਡੀ ਭੇਜੋ, ਸੀਬੀਆਈ ਭੇਜੋ, ਕੋਈ ਹੋਰ ਮਾਨਸਿਕ ਪੀੜਾ ਦਿਓ, ਸ਼ਕਤੀਆਂ ਖੋਹ ਲਓ, ਆਰਡੀਨੈਂਸ ਜਾਰੀ ਕਰ ਦਿਓ, ਆਦਿ। ਲੋਕਾਂ ਨੇ ਤੁਹਾਨੂੰ ਚੁਣਿਆ ਹੈ ਅਤੇ ਤੁਸੀਂ ਦੇਸ਼ ਤੇ ਰਾਜ ਕਰ ਰਹੇ ਹੋ। ਸਪੀਕਰ ਸਾਹਿਬ, ਲਗਭਗ 70% ਸੂਬਿਆਂ ਵਿੱਚ ਇਨ੍ਹਾਂ ਦੀਆਂ ਸਰਕਾਰਾਂ ਹਨ, ਕੀ ਇਹ ਇੰਨੇ ਨਾਲ ਨਹੀਂ ਰੱਜਦੇ? ਸਾਰੇ ਫੈਡਰਲ ਲਾਅ ਸਟੇਟਾਂ ਨੂੰ ਫਾਲੋ ਕਰਨੇ ਪੈਂਦੇ ਹਨ। ਸਟੇਟਾਂ ਕੋਲ ਕੁਝ ਤਾਂ ਰਹਿਣ ਦਿਓ? ਫਾਈਨਾਂਸ ਸਾਡੇ ਤੋਂ ਲੈ ਲਿਆ, ਐਜੂਕੇਸ਼ਨ ਦੀ ਪਾਲਿਸੀ ਬਾਰੇ ਕਿਹਾ ਗਿਆ ਹੈ ਕਿ ਸੈਂਟਰ ਸਰਕਾਰ ਬਣਾਏਗੀ। ਇਹ ਐਜੂਕੇਸ਼ਨ ਪਾਲਿਸੀ ਕਿਸ ਪ੍ਰਕਾਰ ਬਣਾਉਣਗੇ? ਹਰ ਸੂਬੇ ਦਾ ਆਪਣਾ ਆਪਣਾ ਐਜੂਕੇਸ਼ਨ ਦਾ ਸਿਸਟਮ ਹੈ, ਆਪਣੀ ਲੈਂਗੁਏਜ ਹੈ, ਆਪਣੇ ਗੀਤ ਹਨ, ਆਪਣਾ ਵਿਰਸਾ ਹੈ, ਉਹ ਕਿਤਾਬਾਂ ਵਿੱਚ ਪੜ੍ਹਾਇਆ ਜਾਣਾ ਚਾਹੀਦਾ ਹੈ।

0520/Beant kaur/ Harjinder singh

0525/Karamjit kaur

ਇਹ ਥੋੜ੍ਹਾ ਹੈ ਕਿ ਉਥੋਂ (ਕੇਂਦਰ ਸਰਕਾਰ ਵੱਲ ਇਸ਼ਾਰਾ) ਆਇਆ ਕਰੇਗਾ ਕਿ ਆਹ ਪੜ੍ਹਾ ਦਿਆ ਕਰੋ। ਇਸ ਕਰਕੇ ਸਾਨੂੰ ਆਪਣੀ ਲਿਗੇਸੀ, ਸਾਨੂੰ ਆਪਣਾ ਵਿਰਸਾ, ਆਪਣੇ ਫਾਇਨਾਂਸਿਸ , ਸਾਨੂੰ ਆਪਣਾ ਘਰ ਇੱਕ ਵਧੀਆ ਲਾਣੇਦਾਰ ਬਣ ਕੇ, ਸਾਰਿਆਂ ਨੂੰ ਵਧੀਆ ਪਰਿਵਾਰ ਦੇ ਮੈਂਬਰ ਬਣ ਕੇ ਬਚਾਉਣਾ ਪਵੇਗਾ।

ਮੈਨੂੰ ਅੱਜ ਬੜੀ ਖੁਸ਼ੀ ਹੋਈ ਹੈ, ਅੱਜ ਕੁਐਸਚਨ ਆਵਰ ਵਿੱਚ ਬੜੇ ਅੱਛੇ ਕੁਐਸਚਨ ਸੀ। ਜ਼ੀਰੋ ਆਵਰ ਵਿੱਚ ਹਰ ਇੱਕ ਨੇ ਸਵਾਲ ਪੁੱਛਿਆ ਅਤੇ ਉਨ੍ਹਾਂ ਦੇ ਜਵਾਬ ਵੀ ਆਏ ਹਨ। ਅਸੀਂ ਇਹੀ ਤਾਂ ਚਾਹੁੰਦੇ ਹਾਂ ਕਿ ਸਦਨ ਚੱਲੇ। ਤੁਸੀਂ ਸਵਾਲ ਪੁੱਛੋ। ਜੇ ਤੁਸੀਂ ਸਵਾਲ ਪੁੱਛੋਗੇ, ਸਵਾਲ ਉਠਣਗੇ, ਸਰਕਾਰਾਂ ਦਾ ਬਹੁਤ ਸਾਰੇ ਸਵਾਲਾਂ ਤੋਂ ਵੀ ਪਤਾ ਲਗਦਾ ਹੈ। ਹੁਣ ਅਗਲੇ ਮੁਹੱਲਾ ਕਲੀਨਿਕਾਂ ਵਿੱਚ ਕਾਦੀਆਂ ਪਾਵਾਂਗੇ। ਕੋਈ ਗੱਲ ਨਹੀਂ ਜੀ। ਕਾਦੀਆਂ ਵਿੱਚ ਵੀ ਪੰਜਾਬੀ ਰਹਿੰਦੇ ਹਨ, ਇਸ ਦੇ ਵਿੱਚ ਕੋਈ ਅਜਿਹੀ ਗੱਲ ਨਹੀਂ ਕਿ ਅਸੀਂ ਕੋਈ ਇਲਾਕਾ ਇਸ ਕਰਕੇ ਛੱਡ ਦੇਈਏ ਕਿ ਇਥੋਂ ਦਾ ਐਮ.ਐਲ.ਏ. ਉਧਰੋਂ (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ) ਹੈ। ਅਜਿਹਾ ਉਨ੍ਹਾਂ ਦੇ ਵੇਲੇ ਹੁੰਦਾ ਸੀ ਕਿ ਇਸ ਗਲੀ ਵਿੱਚੋਂ ਝਾੜੂ ਵਾਲਿਆਂ ਨੂੰ ਵੱਧ ਵੋਟਾਂ ਪੈ ਗਈਆਂ ਤਾਂ ਇਨ੍ਹਾਂ ਦੀਆਂ ਦੋ ਪੁੱਲੀਆਂ ਹੀ ਪੁੱਟ ਦਿਉ। ਅਸੀਂ ਉਹ ਕੰਮ ਨਹੀਂ ਕਰਦੇ। ਨੌਕਰੀਆਂ ਦੇ ਵਿੱਚ ਅਸੀਂ ਪਾਰਟੀਬਾਜ਼ੀ ਨਹੀਂ ਦੇਖਦੇ । ਸਪੀਕਰ ਸਾਹਿਬ, ਜਿਹੜਾ ਮੁੰਡਾ ਜਾਂ ਕੁੜੀ ਮੈਰਿਟ ਵਿੱਚ ਆ ਗਈ, ਉਹ ਪਟਵਾਰੀ ਲੱਗ ਗਏ ਜਾਂ ਐਸ.ਡੀ.ਓ. ਲੱਗ ਗਏ, ਤਾਂ ਅਸੀਂ ਇਹ ਨਹੀਂ ਦੇਖਦੇ ਕਿ ਇਨ੍ਹਾਂ ਦਾ ਬਾਪੂ ਕਿਹੜੀ ਪਾਰਟੀ ਵਿੱਚ ਹੈ। ਕਈ ਅਕਾਲੀ ਦਲ ਅਤੇ ਕਈ ਕਾਂਗਰਸੀਆਂ ਦੇ ਅਹੁਦੇਦਾਰਾਂ ਦੇ ਪੋਤੇ ਪੋਤੀਆਂ ਨੂੰ ਹੁਣ ਨੌਕਰੀਆਂ ਮਿਲੀਆਂ ਹਨ। (ਥੰਪਿੰਗ) ਉਹ ਸਾਡੇ ਹੀ ਧੀਆਂ-ਪੁੱਤ ਹਨ। ਇਹ ਡੈਮੋਕ੍ਰੇਟਿਕ ਰਾਈਟ ਹੈ। ਇਸ ਵਿੱਚ ਕਿਹੜੀ ਗੱਲ ਹੈ ਜੇ ਉਹ ਉਧਰ ਹੋ ਗਏ ਤੇ ਕੁਝ ਸਾਡੇ ਵੱਲ ਵੀ ਤਾਂ ਹੋਏ ਹਨ। ਸਾਡੇ ਵੱਲ ਜਿਹੜੇ ਹੋਏ ਹਨ, ਉਹ ਵੀ ਕਿਸੇ ਵੇਲੇ ਤੁਹਾਡੇ ਵੱਲ ਹੀ ਹੁੰਦੇ ਸੀ। ਇਕੱਲੇ 18 ਸਾਲਾਂ ਦੇ ਨੌਜਵਾਨਾਂ ਨੇ ਹੀ ਵੋਟਾਂ ਨਹੀਂ ਪਾਈਆਂ, ਉਨ੍ਹਾਂ ਦੇ ਬਜ਼ੁਰਗਾਂ ਨੇ ਵੀ ਸਾਨੂੰ ਵੋਟਾਂ ਪਾਈਆਂ ਹਨ। ਇਹ ਡੈਮੋਕ੍ਰੇਟਿਕ ਰਾਈਟ ਹੈ। ਸਾਨੂੰ ਬਹੁਤ ਸਾਰੇ ਬੰਦੇ ਮਿਲਦੇ ਹਨ। ਸਾਨੂੰ ਆਪਣੇ ਕਈ ਐਮ.ਐਲ.ਏ. ਤੇ ਐਮ.ਪੀ. ਅਜਿਹੇ ਹਨ, ਜੋ ਤੁਹਾਡੇ ਵਲੋਂ ਆਏ ਹਨ। ਸੋ, ਸਾਡੇ ਇੱਥੇ ਡੈਮੋਕਰੇਸੀ ਹੈ,ਜ਼ਰੂਰੀ ਨਹੀਂ ਹੈ ਕਿ ਆਪਾਂ ਬਦਲਾਖੋਰੀ ਵਾਲਾ ਕੰਮ ਕਰੀਏ। ਜਿਥੇ ਕੋਈ ਚੰਗਾ ਕੰਮ ਹੁੰਦਾ ਹੈ, ਭਾਵੇਂ ਜਿਹੜਾ ਮਰਜ਼ੀ ਹੋਵੇ, ਮੈਂ ਤਾਂ ਕਹਿੰਦਾ ਹਾਂ ਕਿ ਜੇਕਰ ਕਿਸੇ ਹੋਰ ਪਾਸੇ ਤੋਂ ਇਸ ਤਰ੍ਹਾਂ ਦਾ ਸਵਾਲ ਆਉਂਦਾ ਹੈ ਤਾਂ ਤੁਸੀਂ ਲਿਆ ਕਰੋ, ਤਾਂ ਫੇਰ ਇਹ ਡੈਮੋਕਰੇਸੀ ਹੈ।

ਜਦੋਂ ਇਹ ਸਵਾਲ ਕਰਨਗੇ ਤਾਂ ਕੈਮਰਾ ਵੀ ਇਨ੍ਹਾਂ ਦੇ ਉਤੇ ਆਵੇਗਾ। ਬਾਜਵਾ ਸਾਹਿਬ ਨੂੰ ਦੇਖ ਲਵੋ ਕਿੰਨੇ ਸੋਹਣੇ ਸੋਹਣੇ ਸ਼ਾਲ ਲੈ ਕੇ ਆਏ ਹਨ। (ਹਾਸਾ) ਬਾਜਵਾ ਸਾਹਿਬ, ਕੀ ਤੁਹਾਡੇ ਤੇ ਕੈਮਰਾ ਨਹੀਂ ਮਾਰਾਂਗੇ? ਤੁਸੀਂ ਬਿਲਕੁਲ ਕਿਸੇ ਹੀਰੋ ਵਰਗੇ ਲਗਦੇ ਹੋ (ਹਾਸਾ) ਫਿਰ ਤੁਹਾਡੇ ਤੇ ਕੈਮਰਾ ਕਿਉਂ ਨਹੀਂ ਮਾਰਾਂਗੇ? ਜਦੋਂ ਤੁਹਾਡੇ ਤੇ ਕੈਮਰਾ ਵੱਜੂ, ਵਿਚੋਂ ਮੇਰੇ ਤੇ ਵੀ ਥੋੜ੍ਹਾ ਬਹੁਤਾ ਆਵੇਗਾ, ਫਿਰ ਪਤਾ ਲੱਗੂ ਕਿ ਹਾਂ ਜੀ ਦੋਵੇਂ ਵਧੀਆ ਕੰਮ ਕਰ ਰਹੇ ਹਨ। ਉਹ ਆਪਣਾ ਫਰਜ਼ ਨਿਭਾ ਰਹੇ ਹਨ, ਮੈਂ ਆਪਣਾ ਫਰਜ਼ ਨਿਭਾ ਰਿਹਾ ਹਾਂ।

ਮਾਣਯੋਗ ਸਪੀਕਰ: ਸੀ.ਐਮ. ਸਾਹਿਬ, ਪਰ ਇਨ੍ਹਾਂ ਨੇ (ਲੀਡਰ ਆਫ ਦਿ ਆਪੋਜੀਸ਼ਨ ਵੱਲ ਇਸ਼ਾਰਾ) ਤੁਹਾਡੇ ਕੋਟ ਦੀ ਤਾਰੀਫ਼ ਨਹੀਂ ਕੀਤੀ। ਤੁਹਾਡਾ ਕੋਟ ਵੀ ਬਹੁਤ ਸੋਹਣਾ ਹੈ। (ਹਾਸਾ)

ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ): ਸਪੀਕਰ ਸਾਹਿਬ, ਤੁਸੀਂ ਸਾਨੂੰ ਤਾਰੀਫ ਕਰਨ ਦਾ ਮੌਕਾ ਹੀ ਨਹੀਂ ਦਿੱਤਾ।

ਮੁੱਖ ਮੰਤਰੀ: ਤੁਸੀਂ ਆਪਣੇ ਹਲਕੇ ਨੂੰ ਰਿਪਰੈਜੈਂਟ ਕਰਦੇ ਹੋ। ਦੇਖ ਲਵੋ ਕਿ ਡੇਢ ਲੱਖ ਕੁ ਤਾਂ ਵੋਟ ਹੀ ਹੁੰਦੀ ਹੈ। ਜੇ ਆਪਾਂ ਪਰਿਵਾਰ ਦੇ ਪੰਜ ਕੁ ਜੀਅ ਹੀ ਲਗਾ ਲਈਏ ਤਾਂ ਘੱਟੋ-ਘੱਟ 7-8 ਲੱਖ ਬੰਦੇ ਨੂੰ ਤਾਂ ਇੱਕ ਐਮ.ਐਲ.ਏ. ਰਿਪਰੈਜੈਂਟ ਕਰਦਾ ਹੀ ਹੈ। ਇਸ ਦਾ ਮਤਲਬ ਇਹ ਤਾਂ ਨਹੀਂ ਹੈ ਕਿ ਅਸੀਂ 7-8 ਬੰਦਿਆਂ ਨੂੰ ਛੱਡ ਦੇਵਾਂਗੇ। ਉਥੇ ਕੋਈ ਬਿਮਾਰੀ ਹੀ ਨਹੀਂ ਹੈ ਜਾਂ ਉਥੇ ਕੋਈ ਸਕੂਲਾਂ ਦੀ ਘਾਟ ਹੀ ਨਹੀਂ ਹੈ। ਤੁਹਾਡੇ ਤੋਂ ਵੀ ਘਾਟਾਂ ਰਹਿ ਗਈਆਂ ਹੋਣਗੀਆਂ। ਅਸੀਂ ਇਹ ਘਾਟਾਂ ਪੂਰੀਆਂ ਕਰ ਦੇਵਾਂਗੇ। ਸੋ, ਮੈਂ ਇਸ ਕਰਕੇ ਕਹਿੰਦਾ ਹਾਂ ਕਿ ਇਹ ਜੀ.ਐਸ.ਟੀ. ਦਾ ਸਾਂਝਾ ਬਿਲ ਹੈ, ਇਸ ਦੇ ਵਿੱਚ ਕਿੰਤੂ ਪ੍ਰੰਤੂ ਦੀ ਬਜਾਏ ਬਲਕਿ ਇਸ ਦੇ ਵਿੱਚ ਸਾਥ ਦਿੱਤਾ ਜਾਵੇ।

ਦੇਖੋ, ਕਿਸਾਨਾਂ ਦਾ ਵੀ ਅਸੀਂ ਦੇਖਣਾ ਹੈ। ਉਨ੍ਹਾਂ ਦਾ ਜਿਹੜਾ ਐਮ.ਐਸ.ਪੀ. ਦਾ ਵਾਅਦਾ ਹੋਇਆ ਸੀ, ਉਹ ਪੂਰਾ ਨਹੀਂ ਕੀਤਾ ਗਿਆ। ਇਸ ਦਾ ਮਤਲਬ ਇਹ ਨਹੀਂ ਹੈ ਕਿ ਆਪਾਂ ਉਨ੍ਹਾਂ ਦਾ ਸਾਥ ਛੱਡ ਦੇਵਾਂਗੇ, ਆਪਾਂ ਉਨ੍ਹਾਂ ਦਾ ਸਾਥ ਦੇਵਾਂਗੇ। ਉਨ੍ਹਾਂ ਨੂੰ ਐਮ.ਐਸ.ਪੀ. ਮਿਲਣਾ ਚਾਹੀਦਾ ਹੈ। ਪਰ ਹਾਂ, ਮੈਂ ਧਰਨੇ ਦੇਣ ਦੇ ਤਰੀਕਿਆਂ ਤੋਂ ਥੋੜ੍ਹਾ ਜਿਹਾ ਸਹਿਮਤ ਨਹੀਂ ਹਾਂ। ਤੁਸੀਂ ਵੀ ਮੇਰੇ ਨਾਲ ਸਹਿਮਤ ਹੋਵੋਗੇ ਕਿ ਆਮ ਲੋਕਾਂ ਨੂੰ ਇਨ੍ਹਾਂ ਧਰਨਿਆਂ ਦੇ ਤਰੀਕੇ ਕਾਰਨ ਦਿੱਕਤ ਨਾ ਆਵੇ। ਪਰ ਮਿਲਣ ਵਾਸਤੇ ਆਪਾਂ ਤਿਆਰ ਹਾਂ। ਸਾਨੂੰ ਮਿਲਣ ਵਾਸਤੇ ਭਾਵ ਇਸੇ ਕੰਮ ਕਰਕੇ ਤਾਂ ਬਣਾਇਆ ਗਿਆ ਹੈ, ਸਾਨੂੰ ਇੰਨੇ ਵੱਡੇ ਵੱਡੇ ਘਰ ਦੇ ਦਿੱਤੇ, ਪੰਜਾਬ ਭਵਨ ਵਿੱਚ ਇੰਨੇ ਵੱਡੇ ਵੱਡੇ ਮੀਟਿੰਗ ਤੇ ਸੀਟਿੰਗ ਰੂਮਜ ਬਣੇ ਹਨ। ਇੰਨਾ ਵੱਡਾ ਇਹ ਸਾਡਾ ਮੁਕੱਦਸ ਹਾਊਸ ਹੈ। ਨਾਲ ਸੈਕਟਰੀਏਟ ਵੀ ਹੈ, ਇਹ ਕਾਹਦੇ ਵਾਸਤੇ ਬਣਾਏ ਗਏ ਹਨ? ਇਹ ਲੋਕਾਂ ਅਤੇ ਸਰਕਾਰਾਂ ਦੇ ਆਪਸ ਵਿੱਚ ਮਿਲਣ ਦੇ ਵਾਸਤੇ ਹੀ ਬਣਾਏ ਗਏ ਹਨ। ਸੋ, ਇਸ ਕਰਕੇ ਅਸੀਂ ਖੁਦ ਖੇਤੀ ਪਰਿਵਾਰ ਨਾਲ ਸਬੰਧ ਰੱਖਦੇ ਹਾਂ। ਖੇਤੀ ਦਾ ਇਕੱਲਾ ਇਹ ਨਹੀਂ ਹੈ ਕਿ ਜੇ ਐਮ.ਐਸ.ਪੀ. ਮਿਲ ਜਾਵੇਗੀ ਤਾਂ ਉਸ ਨਾਲ ਸਮੱਸਿਆਵਾਂ ਖਤਮ ਹੋ ਜਾਣਗੀਆਂ। ਖੇਤੀ ਨੂੰ ਆਪਾਂ ਲਾਹੇਵੰਦ ਧੰਦਾ ਬਣਾਉਣਾ ਹੈ। ਅੱਜ ਖੇਤੀ ਮਜ਼ਬੂਰੀ ਦਾ ਧੰਦਾ ਬਣ ਗਈ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ। ਖੇਤੀ ਪਹਿਲੇ ਨੰਬਰ ਤੇ ਰੱਖ ਗਈ, ਵਪਾਰ ਦੂਜੇ ਨੰਬਰ ਤੇ ਅਤੇ ਨੌਕਰੀ ਨੂੰ ਤੀਜੇ ਨੰਬਰ ਤੇ ਰੱਖਿਆ ਗਿਆ

ਸੀ। ਪਰ ਅੱਜ ਉਲਟਾ ਕੰਮ ਹੋ ਗਿਆ ਹੈ। ਅਸੀਂ ਨੌਕਰੀ ਨੂੰ ਪਹਿਲੇ ਨੰਬਰ ਤੇ ਰੱਖ ਰਹੇ ਹਾਂ, ਨੌਕਰੀ ਲੈਣ ਵਾਸਤੇ ਜ਼ਮੀਨ ਵੇਚ ਸਕਦੇ ਹਾਂ ਮਤਲਬ ਖੇਤੀ ਨੂੰ ਤਾਂ ਅਸੀਂ ਤੀਜੇ ਨੰਬਰ ਤੋਂ ਵੀ ਥੱਲੇ ਲੈ ਗਏ ਹਾਂ। ਫਿਰ ਵਪਾਰ ਆਉਂਦਾ ਹੈ। ਸੋ, ਅਸੀਂ ਗੁਰੂ ਸਾਹਿਬ ਦੇ ਫਲਸਫੇ ਤੇ ਚੱਲਣਾ ਹੈ। ਅਸੀਂ ਗੁਰੂ ਸਾਹਿਬ ਦੇ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ ਦੇ ਸਿਧਾਂਤ ਤੇ ਵੀ ਚੱਲਣਾ ਹੈ। ਜੇ ਤੁਸੀਂ ਕਿਸੇ ਅਫ਼ਸਰ ਨੂੰ ਕਹੋਗੇ ਕਿ ਪਰਾਲੀ ਨੂੰ ਅੱਗ ਲਗਾ, ਇੱਥੇ ਤੂੰ ਪਰਾਲੀ ਨੂੰ ਅੱਗ ਲਗਾ, ਫਿਰ ਤੁਸੀਂ ਕਿਸ ਚੀਜ਼ ਨੂੰ ਅੱਗ ਲਗਾ ਰਹੇ ਹੋ? ਕੀ ਪਰਾਲੀ ਨੂੰ ਅੱਗ ਲਗਵਾ ਰਹੇ ਹੋ ਜਾਂ ਆਪਣੇ ਬੱਚਿਆਂ ਦੀ ਆਕਸੀਜਨ ਨੂੰ ਲਗਵਾ ਰਹੇ ਹੋ? ਆਪਾਂ ਨੇ ਸਿਆਣੇ ਫੈਸਲੇ ਕਰਨੇ ਹਨ, ਆਪਾਂ ਅੱਗੇ ਜਾਣਾ ਹੈ। ਪੰਜਾਬ ਨੇ ਬਹੁਤ ਅੱਗੇ ਵਧਣਾ ਹੈ। (ਥੰਪਿੰਗ) ਜੇ ਪੰਜਾਬ ਇੱਥੇ ਹੀ ਪਰਾਲੀਆਂ ਅਤੇ ਹੋਰ ਛੋਟੇ ਮੋਟੇ ਕੰਮਾਂ ਵਿੱਚ ਹੀ ਉਲਝ ਗਿਆ ਤਾਂ ਜਿਹੜੀਆਂ ਸਾਡੀਆਂ ਵੱਡੀਆਂ ਸੋਚਾਂ ਹਨ, ਜਿਹੜਾ ਪੰਜਾਬ ਦਾ ਵਿਜ਼ਨ ਹੈ ਉਹ ਕਿਤੇ ਨਾ ਕਿਤੇ ਧੁੰਦਲਾ ਹੋ ਜਾਵੇਗਾ।

0525/Karamjit kaur/ Harjinder singh

0530/harpreet singh

ਸੋ, ਤੁਹਾਡੇ ਸਾਥ ਦੀ ਉਮੀਦ ਕਰਦੇ ਹੋਏ, ਵਿਰੋਧੀ ਧਿਰ ਤੋਂ ਵੀ, ਅਫ਼ਸਰਸ਼ਾਹੀ ਤਾਂ ਚਲੋ ਸਾਥ ਦਿੰਦੀ ਹੀ ਹੈ, ਉਹ ਤਾਂ ਜਿਵੇਂ ਕਹੋ, ਉਵੇਂ ਫੈਸਲੇ ਹੋ ਜਾਂਦੇ ਹਨ ਪਰ ਇਕ ਚੀਜ਼ 70-75 ਸਾਲ ਤੋਂ ਖ਼ੂਨ ਵਿਚ ਰਚ ਗਈ, ਉਹ ਹੌਲੀ ਹੌਲੀ ਜਾਵੇਗੀ। ਜਿਵੇਂ ਡਾਕਟਰ ਕਹਿੰਦੇ ਹਨ ਕਿ ਇੰਮੀਜੀਏਟਲੀ ਫਸਟ ਸਟੇਜ ਤੇ ਪਤਾ ਲੱਗ ਜਾਵੇ ਤਾਂ ਇਲਾਜ ਜਲਦੀ ਹੋ ਜਾਂਦਾ ਹੈ। ਮੈਂ ਕਦੋਂ ਕਹਿੰਦਾ ਹਾਂ ਕਿ ਕੁਰੱਪਸ਼ਨ ਸਾਰੀ ਖਤਮ ਹੋ ਗਈ ਹੈ। ਬੜੀ ਮੁਸ਼ਕਲ ਨਾਲ ਖ਼ੂਨ ਵਿਚੋਂ ਜਾਵੇਗੀ। ਹੌਲੀ ਹੌਲੀ ਨਵੇਂ ਮੁੰਡੇ ਕੁੜੀਆਂ ਦੀ ਬਿਨਾ ਪੈਸਿਆਂ ਤੋਂ ਨਵੀਂ ਭਰਤੀ ਹੋਵੇ, ਬਿਨਾ ਸਿਫਾਰਸ਼ ਤੋਂ ਨੌਕਰੀਆਂ ਮਿਲਣ, ਬਿਨਾ ਲਾਬਿੰਗ ਤੋਂ ਐਸ.ਐਸ.ਪੀ./ਡੀ.ਸੀਜ਼ ਫੀਲਡ ਵਿਚ ਜਾਣ ਤਾਂ ਉਨ੍ਹਾਂ ਦੇ ਮਨ ਵਿਚ ਜ਼ਰੂਰ ਆਵੇਗਾ ਕਿ ਜਦੋਂ ਮੇਰੇ ਪੈਸੇ ਨਹੀਂ ਲੱਗੇ ਤਾਂ ਮੈਂ ਕਿਉਂ ਲਵਾਂ। ਸੋ, ਸੇਵਾ ਦੀ ਭਾਵਨਾ ਪੈਦਾ ਹੋਵੇਗੀ। ਮੈਂ ਨਹੀਂ ਕਹਿੰਦਾ ਕਿ ਹੁਣ ਸੇਵਾ ਦੀ ਭਾਵਨਾ ਪੰਜਾਬੀਆਂ ਵਿਚ ਨਹੀਂ ਹੈ, ਪਹਿਲਾਂ ਵੀ ਹੈ, ਬਹੁਤ ਸਾਰੇ ਇਮਾਨਦਾਰ ਅਫ਼ਸਰ ਹਨ, ਬਹੁਤ ਸਾਰੀਆਂ ਐਨ.ਜੀ.ਓਜ਼ ਹਨ, ਜੋ ਆਪਣੇ ਪੱਲਿਓਂ ਪੈਸੇ ਲਗਾ ਕੇ ਸਕੂਲ ਬਣਾਉਂਦੇ ਹਨ। ਸਾਡੇ ਗੁਰੂਆਂ ਦਾ ਸੰਦੇਸ਼ ਹੀ ਗਰੀਬਾਂ ਗੁਰਬਿਆਂ ਅਤੇ ਮਜ਼ਲੂਮਾਂ ਦੇ ਹੱਕ ਵਿਚ ਖੜ੍ਹਨ ਦਾ ਹੈ। ਸੋ, ਪੰਜਾਬ ਨੂੰ ਆਰਥਿਕ ਪੱਖੋਂ ਪੈਰਾਂ ਸਿਰ ਕਰਨ ਲਈ ਪੰਜ ਮਨੀ ਬਿਲ ਹਨ। ਦੋ ਅੱਜ ਪੇਸ਼ ਹੋਣੇ ਹਨ ਅਤੇ ਤਿੰਨ ਕੱਲ ਨੂੰ ਹੋਣੇ ਹਨ। ਮੈਨੂੰ ਉਮੀਦ ਹੈ ਕਿ ਕਿਉਂ ਜੋ ਇਹ ਬਿਲ ਪੈਸੇ ਨਾਲ ਸਬੰਧਤ ਹਨ, ਪੰਜਾਬ ਦੇ ਖਜ਼ਾਨੇ ਦੀ ਹਾਲਤ ਨੂੰ ਸੁਧਾਰਨ ਨਾਲ ਸਬੰਧਤ ਹਨ। ਇਸ ਲਈ ਮੈਂ ਇਹ ਵੀ ਕਹਾਂਗਾ ਕਿ ਜੇਕਰ ਤੁਹਾਡੇ ਰਾਜ ਵਿਚ (ਵਿਰੋਧੀ ਧਿਰ ਵੱਲ ਇਸ਼ਾਰਾ) ਘਾਟੇ ਘੁਟੇ ਹੋ ਗਏ, ਇੱਧਰ ਉਧਰ ਪੈਸਾ ਵਰਤਿਆ ਗਿਆ, ਹਾਲੇ ਵੀ ਡੁੱਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਜੇਕਰ ਤੁਸੀਂ ਵਿਰੋਧੀ ਧਿਰ ਦੇ ਤੌਰ ਤੇ ਸਾਥ ਦੇ ਦਿਓਂਗੇ ਤਾਂ ਵੀ ਅੱਧਾ ਪੁੰਨ ਤਾਂ ਤੁਹਾਨੂੰ ਲੱਗ ਹੀ ਜਾਵੇਗਾ ਕਿ ਚਲੋ ਇਸ ਵੇਲੇ ਤਾਂ ਸਾਥ ਦੇ ਦਿੱਤਾ। ਮੈਂ ਨਹੀਂ ਕਹਿੰਦਾ ਕਿ ਕ੍ਰਿਟੀਸਾਈਜ਼ ਨਾ ਕਰੋ, ਹੈਲਥੀ ਕ੍ਰਿਟੀਸਿਜ਼ਮ ਦਾ ਹਮੇਸ਼ਾ ਸੁਆਗਤ ਹੈ। ਸਾਰਥਿਕ ਆਲੋਚਨਾ ਦਾ ਹਮੇਸ਼ਾ ਸੁਆਗਤ ਹੈ। ਸੋ, ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਵਾਰ ਫਿਰ ਬੇਨਤੀ ਕਰਦਾ ਹਾਂ ਕਿ ਜਿਹੜਾ ਵਿੱਤ ਮੰਤਰੀ ਜੀ ਨੇ ਜੀ.ਐਸ.ਟੀ ਦਾ

ਬਿਲ ਪੇਸ਼ ਕੀਤਾ ਹੈ, ਮੈਂ ਸਾਰੇ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਅਸੀਂ ਸਰਬਸੰਮਤੀ ਨਾਲ ਪਾਸ ਕਰੀਏ ਤਾਂ ਜੋ ਪੰਜਾਬ ਆਰਥਿਕਤਾ ਦੀ ਇਕ ਹੋਰ ਪੌੜੀ ਚੜ੍ਹ ਕੇ, ਪੰਜਾਬ ਦੇਸ਼ ਦੇ ਨੰਬਰ 1 ਸੂਬਿਆਂ ਵੱਲ ਇਕ ਹੋਰ ਕਤਾਰ ਉਤਾਂਹ ਵੱਧ ਕੇ ਰੰਗਲੇ ਪੰਜਾਬ ਵੱਲ ਵਧੀਏ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)।ਬਹੁਤ ਬਹੁਤ ਧੰਨਵਾਦ।

ਮਾਣਯੋਗ ਸਪੀਕਰ: ਧੰਨਵਾਦ ਜੀ।

ਵਿੱਤੀ ਮੰਤਰੀ: ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

ਮਾਣਯੋਗ ਸਪੀਕਰ: ਲੀਡਰ ਆਫ ਦਾ ਹਾਊਸ ਬੋਲ ਲਏ ਹਨ, ਤੁਸੀਂ ਕੁੱਝ ਹੋਰ ਕਹਿਣਾ ਹੈ।

ਵਿੱਤੀ ਮੰਤਰੀ: ਸਪੀਕਰ ਸਾਹਿਬ, ਮੈਂ ਪ੍ਰਿੰਸੀਪਲ ਬੁੱਧ ਰਾਮ ਜੀ ਦੇ ਸੁਆਲ ਦਾ ਜਵਾਬ ਦੇਣਾ ਹੈ। ਪ੍ਰਿੰਸੀਪਲ ਬੁੱਧ ਰਾਮ ਜੀ ਨੇ ਇਕ ਬੜਾ ਮਹੱਤਵਪੂਰਨ ਪ੍ਰਸ਼ਨ ਅੱਜ ਰੇਜ਼ ਕੀਤਾ ਕਿ ਜੀ.ਐਸ.ਟੀ. ਦੇ ਵਿਚ ਇਸ ਗੱਲ ਦੀ ਪ੍ਰੋਵੀਜ਼ਨ ਕੀਤੀ ਜਾਵੇ ਕਿ ਸਾਡੇ ਪੰਜਾਬ ਦਾ ਬਾਸ਼ਿੰਦਾ, ਜਿਹੜਾ ਪੰਜਾਬ ਵਿਚ ਰਹਿੰਦਾ ਹੈ, ਜੇਕਰ ਉਹ ਪੰਜਾਬ ਤੋਂ ਬਾਹਰ ਜਾ ਕੇ ਦਿੱਲੀ, ਹਰਿਆਣਾ ਜਾਂ ਕਿਸੇ ਵੀ ਬਾਹਰੀ ਸੂਬੇ ਵਿਚ ਜਾ ਕੇ ਕੋਈ ਖਰੀਦਦਾਰੀ ਕਰਦਾ ਹੈ ਤਾਂ ਉਸ ਦਾ ਜੀ.ਐਸ.ਟੀ. ਕੁਲੈਕਸ਼ਨ ਦਾ ਹਿੱਸਾ ਪੰਜਾਬ ਕੋਲ ਆਉਣਾ ਚਾਹੀਦਾ ਹੈ। ਇਹ ਗੱਲ ਮਾਨਯੋਗ ਪ੍ਰਿੰਸੀਪਲ ਬੁੱਧ ਰਾਮ ਜੀ ਨੇ ਰੱਖੀ ਹੈ। ਸੋ, ਬਿਲਕੁਲ ਇਨ੍ਹਾਂ ਦਾ ਵਾਜਬ ਸੁਝਾਅ ਹੈ। ਇਹੀ ਅਮੈਂਡਮੈਂਟ ਇਸ ਵਿਚ ਬਿਲ ਵਿਚ ਹੋ ਰਹੀ ਹੈ। ਮੇਰੀ ਸਾਰੇ ਹਾਊਸ ਨੂੰ ਅਤੇ ਜਿਹੜੇ ਵੀ ਸਾਨੂੰ ਸੁਣ ਰਹੇ ਹਨ, ਉਨ੍ਹਾਂ ਨੂੰ ਬੇਨਤੀ ਹੈ ਕਿ ਜੇਕਰ ਤੁਸੀਂ ਪੰਜਾਬ ਤੋਂ ਬਾਹਰ ਕੋਈ ਖਰੀਦਦਾਰੀ ਕਰਦੇ ਹੋ, ਭਾਵੇਂ ਮੋਹਾਲੀ ਵਾਲੇ ਚੰਡੀਗੜ੍ਹ ਵਿਚ ਖਰੀਦਦਾਰੀ ਕਰਦੇ ਹਨ ਤਾਂ ਪੰਜਾਬ ਦਾ ਜੀ.ਐਸ.ਟੀ. ਕੋਡ 03 ਹੈ। ਜੇਕਰ ਤੁਸੀਂ ਕੋਈ ਵੀ ਸਮੱਗਰੀ ਖਰੀਦਦੇ ਹੋਏ ਆਪਣੇ ਜੀ.ਐਸ.ਟੀ. ਬਿਲ ਵਿਚ 03 ਕੋਡ ਜਾਂ ਪੰਜਾਬ ਲਿਖਾਉਂਗੇ ਤਾਂ ਉਹ ਸਾਰਾ ਜੀ.ਐਸ.ਟੀ. ਦਾ ਪੈਸਾ ਚਾਹੇ ਉਹ ਮਹਾਰਾਸ਼ਟਰ ਵਿਚ ਕੱਟਿਆ ਜਾਵੇ ਜਾਂ ਗੋਆ ਵਿਚ ਕੱਟਿਆ ਜਾਵੇ, ਉਹ ਪੈਸਾ ਪੰਜਾਬ ਵਿਚ ਆਵੇਗਾ, ਇਸ ਨਾਲ ਸਾਡੀ ਇਕਾਨਮੀ ਨੂੰ ਬਹੁਤ ਫਾਇਦਾ ਹੋਵੇਗਾ। ਸੋ, ਮੈਂ ਹੁਣ ਬੇਨਤੀ ਕਰਦਾ ਹਾਂ ਕਿ ਇਹ ਬਿਲ ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

0530/harpreet singh/BS khokhar

0535/amandeep kaur

ਮਾਣਯੋਗ ਸਪੀਕਰ :ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਮਾਣਯੋਗ ਸਪੀਕਰ : ਪ੍ਰਸ਼ਨ ਹੈ

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ਾਂ 2 ਤੋਂ 28 ਤੱਕ

ਮਾਣਯੋਗ ਸਪੀਕਰ : ਕਿਉਂਕਿ ਕਲਾਜ਼ਾਂ 2 ਤੋਂ 28 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ ਹਾਂ ਜੀ)

ਮਾਣਯੋਗ ਸਪੀਕਰ : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਤੋਂ 28 ਬਿਲ ਦਾ ਹਿੱਸਾ ਹਨ ।

ਮੁੱਖ ਮੰਤਰੀ (ਬੈਠੇ-ਬੈਠੇ): ਕਦੇ ਹਾਂ ਵੀ ਕਹਿ ਕੇ ਦੇਖ ਲਓ। (ਆਪੋਜ਼ੀਸ਼ਨ ਵਾਲਿਆਂ ਨੂੰ ਸੰਬੋਧਨ ਕਰਦੇ ਹੋਏ)।

ਮਾਣਯੋਗ ਸਪੀਕਰ: ਜੇ ਕੋਈ ਨਾਂਹ ਵਾਲਾ ਹੈ ਤਾਂ ਦੱਸ ਦਿਓ ਨਹੀਂ ਤਾਂ ਹਾਂ ਮੰਨੀ ਜਾਣੀ ਹੈ।

ਮੁੱਖ ਮੰਤਰੀ (ਬੈਠੇ-ਬੈਠੇ): ਇਹ ਕਹਿੰਦੇ ਨਾਂਹ ਜੀ, ਅਸੀਂ ਨਾਂਹ ਨਹੀਂ ਕਹਿੰਦੇ।

ਮੁੱਖ ਮੰਤਰੀ (ਬੈਠੇ ਬੈਠੇ): ਪਹਿਲਾਂ ਇਹ ਕਲੀਅਰ ਕਰ ਲਓ ਕਿ ਤੁਹਾਡੀ ਚੁੱਪ ਹਾਂ ਹੈ ਕਿ ਨਾ ਹੈ।

ਸਰਦਾਰ ਪ੍ਰਤਾਪ ਸਿੰਘ ਬਾਜਵਾ: ਹਾਂ ਹੀ ਹੈ ਜੀ।

(ਹਾਸਾ)

ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਕਲਾਜ਼ 1 ਦੀ ਸਬ ਕਲਾਜ਼ (1)

ਮਾਣਯੋਗ ਸਪੀਕਰ : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ *ਸਰਬਸੰਮਤੀ ਨਾਲ* ***ਪ੍ਰਵਾਨ ਹੋਇਆ।***

ਸਿਰਲੇਖ

ਮਾਣਯੋਗ ਸਪੀਕਰ : ਪ੍ਰਸ਼ਨ ਹੈ

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ *ਸਰਬਸੰਮਤੀ ਨਾਲ* ***ਪ੍ਰਵਾਨ ਹੋਇਆ।***

ਮਾਣਯੋਗ ਸਪੀਕਰ : ਹੁਣ ਵਿੱਤ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ : ਪ੍ਰਸਤਾਵ ਕੀਤਾ -

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ: ਪ੍ਰਸ਼ਨ ਹੈ -

ਕਿ ਪੰਜਾਬ ਵਸਤਾਂ ਅਤੇ ਸੇਵਾਵਾਂ ਕਰ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਪ੍ਰਸਤਾਵ *ਸਰਬਸੰਮਤੀ ਨਾਲ* ***ਪ੍ਰਵਾਨ ਹੋਇਆ।***

....

2. THE PUNJAB FISCAL RESPONSIBILITY AND BUDGET MANAGEMENT (AMENDMENT) BILL, 2023.

ਮਾਣਯੋਗ ਸਪੀਕਰ : ਹੁਣ ਵਿੱਤ ਮੰਤਰੀ ਸਾਹਿਬ ਬਿਲ ਪੇਸ਼ ਕਰਨਗੇ।

ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ): ਸ਼੍ਰੀਮਾਨ ਜੀ, ਮੈਂ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਮਾਣਯੋਗ ਸਪੀਕਰ : ਪ੍ਰਸਤਾਵ ਕੀਤਾ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

ਸ੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ): ਸਪੀਕਰ ਸਾਹਿਬ ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਅੱਜ ਇਸ ਬਹੁਤ ਹੀ ਮਹੱਤਵਪੂਰਨ ਬਿਲ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਤੇ ਬੋਲਣ ਦਾ ਸਮਾਂ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਹਿੰਦੁਸਤਾਨ ਦੀ ਪਾਰਲੀਮੈਂਟ ਨੇ ਸਭ ਤੋਂ ਪਹਿਲਾਂ ਇਹ ਬਿਲ 2003 ਦੇ ਵਿੱਚ ਪਾਰਿਤ ਕੀਤਾ ਸੀ, ਉਸ ਤੋਂ ਬਾਅਦ ਵੱਖ ਵੱਖ ਅਸੈਂਬਲੀਜ਼ ਦੇ ਵਿੱਚ ਇਹ ਬਿਲ ਪਾਰਿਤ ਹੋਇਆ। ਇਸ ਦਾ ਬੇਸਿਕ ਪ੍ਰਿੰਸੀਪਲ ਇਹੀ ਸੀ ਕਿ ਜਿਹੜਾ ਵੱਖ ਵੱਖ ਗੌਰਮਿੰਟਸ ਜਿਹੜੀਆਂ ਸਮੇਂ ਸਮੇਂ ਤੇ ਬਣੀਆਂ ਉਨ੍ਹਾਂ ਨੇ ਗਲਤ ਤਰੀਕੇ ਦੇ ਨਾਲ ਜਾਂ ਅਨਪਰੈਸਿਡੈਂਟਿਡ ਤਰੀਕੇ ਦੇ ਨਾਲ ਜਿਹੜਾ ਉਨ੍ਹਾਂ ਨੇ ਐਕਸਪੈਂਡੀਚਰ ਦਿੱਤਾ ਰੋਕਥਾਮ ਕਰਨ ਵਾਸਤੇ ਕਿ ਸਾਡਾ ਸਟੇਟ ਦਾ ਤੇ ਸੈਂਟਰ ਦਾ ਜਿਹੜਾ ਜੀ.ਡੀ.ਪੀ ਸੀ, ਉਸ ਤੇ 3% ਤੋਂ ਜ਼ਿਆਦਾ ਡੈਫੀਸਿਟ ਤਾਂ ਕਦੇ ਵੀ ਨਹੀਂ ਹੋ ਸਕਦਾ। ਉਸ ਪ੍ਰਿਲੀਮਨਰੀ ਬਿਲ ਦੇ ਵਿੱਚ ਇਹ ਵੀ ਕਿਹਾ ਗਿਆ ਸੀ ਕਿ 2013 ਤੱਕ ਇਹ ਡੈਫੀਸਿਟ ਜ਼ੀਰੋ ਤੇ ਲੈ ਕੇ ਆਉਣਾ ਹੈ ਪਰ 2020 ਦੇ ਵਿੱਚ ਕੋਵਿਡ ਦੀ ਸਮੱਸਿਆ ਇਸ ਦੁਨੀਆਂ ਤੇ ਆਈ, ਉਸ ਲਿਮਟ ਨੂੰ 3% ਤੋਂ ਵਧਾ ਕੇ 4 % ਤੱਕ 3 ਸਾਲਾਂ ਵਾਸਤੇ ਲੈ ਕੇ ਜਾਣਾ ਪਿਆ।

0535/amandeep kaur/BS khokhar

0540/Tarlochan Singh

ਪਰ ਹੁਣ ਲਾਸਟ ਦੋ ਸਾਲਾਂ ਵਿੱਚ 2022-23 ਅਤੇ 2023-24 ਵਿੱਚ ਜਿਹੜਾ ਸਾਡੇ ਪੰਜਾਬ ਦਾ ਫਿਸਕਲ ਡੈਫੀਸਿਟ ਹੈ, ਇਹ 5% ਤੇ ਚਲਾ ਗਿਆ, ਜਿਹੜਾ ਕਿ ਐਕਚੂਅਲ ਹੈ। ਇਸ ਵਿਧਾਨ ਸਭਾ ਵਿੱਚ ਪਾਸ ਕੀਤੇ ਗਏ ਅਮੈਂਡਮੈਂਟ ਭਾਵੇਂ

2011 ਦਾ ਹੋਵੇ ਜਾਂ 2021 ਦਾ ਹੋਵੇ, ਉਸ ਵਿੱਚ ਕੋਈ ਵੀ ਪ੍ਰਾਵਧਾਨ ਨਹੀਂ ਹੈ ਕਿ ਇਹ 4% ਤੋਂ ਉਤੇ ਜਾ ਸਕੇ। ਪਰ ਇਹ ਬਜਟਰੀ ਐਲੋਕੇਸ਼ਨ ਵਿੱਚ ਅਤੇ ਐਕਚੂਅਲ ਵਿੱਚ 5% ਤੋਂ ਉਪਰ ਚਲਾ ਗਿਆ ਹੈ। ਲੇਕਿਨ ਇਸ ਤੋਂ ਵੀ ਗੰਭੀਰ ਗੱਲ ਹੈ ਕਿ ਮੁੱਖ ਮੰਤਰੀ ਸਾਹਿਬ ਹੁਣੇ ਜੀ.ਐਸ.ਟੀ. ਬਿੱਲ ਤੇ ਬੋਲ ਰਹੇ ਸਨ। ਨੋ ਡਾਊਟ ਹਰ ਸਰਕਾਰ ਇਹ ਚਾਹੁੰਦੀ ਹੈ ਕਿ ਪੰਜਾਬ ਦੀ ਉਨਤੀ ਹੋਵੇ ਅਤੇ ਪੰਜਾਬ ਦੇ ਲੋਕਾਂ ਦੀ ਉਨਤੀ ਹੋਵੇ। ਲੇਕਿਨ ਮੈਨੂੰ ਇਹ ਦੱਸਣ ਵਿੱਚ.... ਬੜੀ ਗੰਭੀਰ ਗੱਲ ਹੈ ਕਿ ਸਾਲ ਦਰ ਸਾਲ ਪੰਜਾਬ ਦਾ ਜੀ.ਐਸ.ਟੀ. ਦਾ ਇਨਕਰੀਜ਼ ਆਇਆ ਹੈ, ਉਹ 10.37% ਆਇਆ ਹੈ। ਅਗਰ ਮੈਂ ਗਲਤ ਹੋਵਾਂ ਤਾਂ ਐਫ.ਐਮ. ਸਾਹਿਬ ਦਰੁਸਤ ਕਰ ਸਕਦੇ ਹਨ। ਸਾਡੇ ਬਿਲਕੁਲ ਨਾਲ ਦਾ ਰਾਜ ਹਰਿਆਣਾ ਹੈ, ਉਸ ਦਾ 16.93% ਆਇਆ ਹੈ। ਦਿੱਲੀ ਦਾ 17.72% ਆਇਆ ਹੈ। ਤਾਮਿਲਨਾਡੂ ਦਾ 15.24% ਆਇਆ ਹੈ। ਇਹ ਸਾਲ ਦਰ ਸਾਲ ਆਇਆ ਹੈ। ਜਿਹੜਾ ਸਾਡਾ ਡੈੱਟ ਟੂ ਜੀ.ਡੀ.ਪੀ. ਰੇਸ਼ੋ ਸੀ, ਉਹ 2013-14 ਵਿੱਚ 38.5% ਸੀ, 2019-20 ਵਧ ਕੇ 40.9% ਹੋ ਗਿਆ, 2021 ਵਿੱਚ ਕੋਵਿਡ ਤੋਂ ਬਾਅਦ ਵਧ ਕੇ 47% ਹੋ ਗਿਆ ਅਤੇ ਅੱਜ ਵੀ ਉਨਾ ਹੀ ਹੈ। ਅਸੀਂ ਆਪਣੇ ਰੈਵੇਨਿਊ ਨੂੰ ਕੈਪੀਟਲ ਐਕਸਪੈਂਡੀਚਰ ਵਾਸਤੇ ਨਹੀਂ ਵਰਤ ਰਹੇ ਹਾਂ। ਜਿਹੜਾ ਪਿੱਛੇ ਡੈੱਟ ਲਿਆ ਗਿਆ, ਜਿਵੇਂ ਮੁੱਖ ਮੰਤਰੀ ਸਾਹਿਬ ਨੇ ਕਿਹਾ, ਉਸ ਦੀ ਸਰਵਿਸ ਕਰਨ ਵਾਸਤੇ ਜਾਂ ਇੰਟਰਸਟ ਦੀ ਪੇਮੈਂਟ ਕਰਨ ਵਾਸਤੇ ਲਿਆ ਗਿਆ। ਇਹ ਜਿਹੜਾ ਬਿੱਲ ਹੈ ਇਹ ਸਿਰਫ ਕੁਝ ਸਮੇਂ ਵਾਸਤੇ ਨਹੀਂ ਹੈ, ਬਲਕਿ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਹੈ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਹੈ ਕਿ ਇਹ ਜਿਹੜਾ ਅਸੀਂ ਪਿਛਲੇ ਦੋ ਸਾਲਾਂ ਤੋਂ ਡੈਫੀਸਿਟ ਨੂੰ 5% ਤੇ ਲੈ ਕੇ ਜਾ ਰਹੇ ਹਾਂ, ਇਹ ਬਿਲਕੁਲ ਪੰਜਾਬ ਦੀ ਇਕਾਨਮੀ ਨੂੰ ਨੇਸਤੋ ਨਾਬੂਤ ਕਰ ਦੇਵੇਗਾ, ਖਤਮ ਕਰ ਦੇਵੇਗਾ। ਮੈਂ ਇੱਕ ਲਾਸਟ ਫਿੱਗਰ ਦੇ ਕੇ ਇਸ ਨੂੰ ਖਤਮ ਕਰਦਾ ਹਾਂ ਕਿ ਬੜੇ ਥੋੜ੍ਹੇ ਜਿਹੇ ਸਮੇਂ ਵਿੱਚ ਮੈਨੂੰ ਲੱਗਦਾ ਹੈ ਕਿ ਪਰਗਟ ਜੀ ਨੇ ਕੋਟ ਕੀਤਾ ਸੀ ਕਿ 1984 ਵਿੱਚ ਪਹਿਲੀ ਵਾਰੀ 7 ਕਰੋੜ ਰੁਪਏ ਦਾ ਡੈਫੀਸਿਟ ਬਜਟ ਆਇਆ ਸੀ। 2002 ਤੋਂ 2007 ਦੀ ਕਾਂਗਰਸ ਦੀ ਸਰਕਾਰ ਨੇ 31000 ਦਾ ਡੈਫੀਸਿਟ ਪੰਜਾਬ ਤੇ ਚੜ੍ਹਾਇਆ। ਅਕਾਲੀ-ਬੀ.ਜੇ.ਪੀ. ਦੀ ਸਰਕਾਰ ਜਿਹੜੀ ਕਿ 10 ਸਾਲ ਰਹੀ ਹੈ, ਉਸ ਨੇ 99245 ਕਰੋੜ ਰੁਪਏ ਦਾ ਡੈਫੀਸਿਟ ਪੰਜਾਬ ਦੇ ਲੋਕਾਂ ਤੇ ਚੜ੍ਹਾਇਆ। ਜਿਹੜੀ ਕਾਂਗਰਸ ਦੀ ਸਰਕਾਰ ਰਹੀ ਹੈ ਉਸ ਨੇ ਵੀ ਲਗਭਗ ਇੰਨਾ ਹੀ ਚੜ੍ਹਾਇਆ। ਲਗਭਗ ਇੰਨਾ ਹੀ, ਫਿੱਗਰ ਮਾੜਾ ਮੋਟਾ ਉੱਤੇ ਨੀਚੇ ਹੋ ਸਕਦਾ ਹੈ। ਪਰ ਮੇਰੀ ਬੇਨਤੀ ਹੈ ਕਿ ਜਿਹੜੀ ਆਪਣੀ ਹੁਣ ਸਿਰਫ 21 ਮਹੀਨੇ ਦੀ ਇਸ ਸਰਕਾਰ ਦੀ ਕਾਰਗੁਜ਼ਾਰੀ ਹੈ, ਇਸ ਵਿੱਚ ਆਲਰੇਡੀ 51357 ਕਰੋੜ ਰੁਪਿਆ ਡੈੱਟ ਪੰਜਾਬ ਦੇ ਲੋਕਾਂ ਤੇ ਚੜ੍ਹ ਗਿਆ ਹੈ। ਇੱਕ ਸਾਲ ਵਿੱਚ 30899 ਕਰੋੜ ਰੁਪਏ ਦਾ ਅਤੇ ਇਨ੍ਹਾਂ 7 ਮਹੀਨਿਆਂ ਵਿੱਚ 20557 ਕਰੋੜ ਰੁਪਿਆ। ਅਗਰ ਇਸ ਨੂੰ ਇਸੇ ਤਰ੍ਹਾਂ ਚੱਲਦਾ ਰੱਖੀਏ ਤਾਂ ਲਗਭਗ 2 ਲੱਖ ਕਰੋੜ ਰੁਪਿਆ ਪੰਜ ਸਾਲਾਂ ਵਿੱਚ ਪੰਜਾਬ ਸਿਰ ਹੋਰ ਚੜ੍ਹ ਜਾਣਾ ਹੈ। ਸੋ, ਮੇਰੀ ਇਸ ਅਜ਼ੀਮ ਸਦਨ ਨੂੰ, ਮੈਂਬਰ ਸਾਹਿਬਾਨਾਂ ਨੂੰ ਅਤੇ ਖਾਸ ਤੌਰ ਤੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਹ ਪੰਜਾਬ ਫਿਸਕਲ ਰਿਸਪਾਂਸਬਿਲਿਟੀ ਅਮੈਂਡਮੈਂਟ ਐਕਟ ਹੈ, ਇਸ ਨੂੰ ਆਪਾਂ ਖਾਰਜ ਕਰੀਏ। ਆਪਾਂ ਆਉਣ ਵਾਲੀ ਪੀੜ੍ਹੀ ਨੂੰ..... ਮੁੱਖ ਮੰਤਰੀ ਜੀ ਹੁਣੇ ਹੀ ਵੱਖ-ਵੱਖ ਸਟੇਟਾਂ ਦੀ ਗੱਲ ਕਰ ਰਹੇ ਸਨ ਕਿ ਦੁਨੀਆਂ ਦਾ ਸਭ ਤੋਂ ਵੱਡਾ ਸੋਵਰਿਨ ਫੰਡ ਨਾਰਵੇ ਦਾ ਹੈ ਜੋ ਕਿ 1.3 ਟ੍ਰੀਲਿਅਨ ਦਾ ਹੈ। ਇਸ ਤੋ ਬਾਅਦ ਸਾਊਦੀ ਅਰੇਬੀਆ ਦਾ ਹੈ। ਇਹ ਮੁਹਿੰਮ ਪਿਛਲੀ ਸਰਕਾਰ ਨੇ ਸ਼ੁਰੂ ਕੀਤੀ ਸੀ ਕਿ ਥੋੜ੍ਹੀ ਥੋੜ੍ਹੀ ਪੂੰਜੀ ਇੱਕ ਕਿੱਟੀ ਬੈਗ ਵਿੱਚ ਪਾਈ ਜਾਵੇ, ਜੋ ਕਿ ਇਸ ਸਰਕਾਰ ਨੇ ਵੀ ਉਸ ਵਿੱਚ ਪੂਜੀ ਪਾਈ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਨੂੰ 3% ਤੋਂ ਵੀ ਥੱਲੇ ਲਿਆਂਦਾ ਜਾਵੇ। ਜੇਕਰ ਇਸ ਦੀ ਐਵਰੇਜ ਦੇਖੀ ਜਾਵੇ ਤਾਂ ਆਪਾਂ 5% ਫਿਸਕਲ ਡੈਫੀਸਿਟ ਤੇ ਹਾਂ ਪਰ ਨੈਸ਼ਨਲ ਐਵਰੇਜ 3.1% ਹੈ। ਸੋ, ਮੇਰੀ ਐਫ.ਐਮ. ਸਾਹਿਬ ਨੂੰ, ਮੁੱਖ ਮੰਤਰੀ ਸਾਹਿਬ

ਨੂੰ ਅਤੇ ਇਸ ਅਜ਼ੀਮ ਸਦਨ ਨੂੰ ਬੇਨਤੀ ਹੈ ਕਿ ਜਦੋਂ ਪੰਜਾਬ ਬਿਲਕੁਲ ਧਵੱਸਤ ਹੋ ਜਾਵੇਗਾ ਤਾਂ ਆਉਣ ਵਾਲੀਆਂ ਪੀੜ੍ਹੀਆਂ ਪਿਛੋਕੜ ਦੇਖਣਗੀਆਂ।

0540/Tarlochan Singh/Rajneesh kumar

0545/mehak

ਉਸ ਵਿੱਚ ਪਿਛਲੀ ਸਰਕਾਰ ਦੀ ਵੀ ਬਹੁਤ ਵੱਡੀ ਜ਼ਿੰਮੇਵਾਰੀ ਹੈ, ਆਪਣੀ ਸਰਕਾਰ ਦੀ ਵੀ, ਇਸ ਹਾਊਸ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਸੋ, ਮੈਂ ਇਸ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਇਸ ਬਿਲ ਦੇ ਬਿਲਕੁਲ ਅਗੈਂਸਟ ਹਾਂ ਤੇ ਇਸ ਬਿਲ ਨੂੰ ਰਿਜੈਕਟ ਕੀਤਾ ਜਾਵੇ। ਧੰਨਵਾਦ ਸਪੀਕਰ ਸਾਹਿਬ।

ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ): ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਐਫ.ਆਰ.ਬੀ.ਐਮ. ਐਕਟ ਦੀ ਗੱਲ ਕੀਤੀ ਹੈ । ਜਿਹੜੀ ਅੱਜ ਦੀ ਸੋਧ ਹੋ ਰਹੀ ਹੈ, ਇਹ ਇੱਕ ਕਰਜ਼ੇ ਦੀ ਲਿਮਿਟ ਵਧਾਉਣ ਲਈ ਨਹੀਂ ਹੋ ਰਹੀ ਹੈ। ਮਾਣਯੋਗ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਬਿਲ ਤੁਹਾਡੇ ਕੋਲ 22 ਤਾਰੀਖ ਨੂੰ ਆ ਗਏ ਸੀ ਤੁਸੀਂ ਕਿਤੇ ਬਿਜ਼ੀ ਹੋਵੋਗੇ ਜਾਂ ਤੁਸੀਂ ਉਹ ਬਿਲ ਦੀ ਇੰਪੋਰਟੈਂਸ ਨਹੀਂ ਸਮਝਦੇ ਹੋਵੇਗੇ ਕਿ ਵਿਧਾਨ ਸਭਾ ਅੰਦਰ ਜਾਣਾ ਹੈ ਤਾਂ ਤਿਆਰੀ ਕਰਕੇ ਜਾਈਏ, ਬਿਲ ਪੜ੍ਹ ਕੇ ਜਾਈਏ। ਇਹ ਕਰਜ਼ੇ ਦੀ ਲਿਮਿਟ ਵਧਾਉਣ ਵਾਲਾ ਬਿਲ ਨਹੀਂ ਹੈ। ਭਾਰਤ ਸਰਕਾਰ ਜਿੰਨਾ ਸਾਨੂੰ ਲੋਨ ਪਰਮਿਟ ਕਰਦੀ ਹੈ ਸਿਰਫ ਉਸ ਦੇ ਅੰਦਰ ਰਹਿਣ ਦੀ ਗੱਲ ਹੈ ਕਿਉਂਕਿ ਹਰੇਕ ਸਾਲ ਭਾਰਤ ਸਰਕਾਰ ਦੋ-ਤਿੰਨ ਵਾਰ ਇਸ ਐਕਟ ਦੇ ਅੰਦਰ ਅਮੈਂਡਮੈਂਟ ਲੈ ਕੇ ਆਉਂਦੀ ਹੈ ਔਰ ਜਦੋਂ ਤੁਸੀਂ ਸਰਕਾਰ ਵਿੱਚ ਹੁੰਦੇ ਸੀ ਤਾਂ ਲਗਭਗ ਤੁਸੀਂ ਦੋ-ਤਿੰਨ ਵਾਰ ਇਸ ਐਕਟ ਵਿੱਚ ਸੋਧ ਕੀਤੀ ਹੈ। ਹੁਣ ਅਸੀਂ ਇਸ ਐਕਟ ਵਿੱਚ ਇੱਕੋ ਵਾਰ ਹੀ ਸੋਧ ਕਰ ਰਹੇ ਹਾਂ ਕਿ ਤਾਂ ਕਿ ਜਿੰਨੀਆਂ ਵੀ ਸੋਧਾਂ ਭਾਰਤ ਸਰਕਾਰ ਦੀਆਂ ਹੋਣਗੀਆਂ, ਜਿੰਨੀਆਂ ਵੀ ਸੋਧਾਂ ਲਿਮਿਟ ਘਟਾਉਣ, ਵਧਾਉਣ ਲਈ ਹੋਣਗੀਆਂ ਤਾਂ ਅਸੀਂ ਵਾਰ ਵਾਰ ਸੋਧਾਂ ਨਾ ਕਰੀਏ, ਇਹ ਬਿਲ ਸਿਰਫ ਇਸ ਗੱਲ ਲਈ ਹੈ। ਦੂਜੀ ਗੱਲ ਤੁਸੀਂ ਕਰਜ਼ੇ ਦੀ ਕਹੀ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤੁਸੀਂ ਟਰੇਜ਼ਰੀ ਬੈਂਚਿਜ਼ ਤੇ ਬੈਠੇ ਸੀ।

ਮਾਣਯੋਗ ਸਪੀਕਰ: ਚੇਅਰ ਨੂੰ ਐਡਰੈਸ ਕੀਤਾ ਜਾਵੇ।

ਵਿੱਤ ਮੰਤਰੀ: ਉਸ ਸਮੇਂ ਕੋਵਿਡ ਸੀ, ਪੰਜਾਬ ਵਿੱਚ ਬਹੁਤ ਸਾਰੀਆਂ ਸਕੀਮਾਂ ਬੰਦ ਸੀ, ਬਹੁਤ ਸਾਰੇ ਲੋਕ ਘਰਾਂ ਦੇ ਅੰਦਰ ਲਗਭਗ ਦੋ ਸਾਲ ਤੱਕ ਬੈਠੇ ਰਹੇ ਹਨ ਪਰ ਫਿਰ ਵੀ ਪੰਜਾਬ ਉਤੇ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਪੁਰਾਣੀ ਸਰਕਾਰ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਐਡ ਹੋਇਆ। ਇਹ ਕਹਿੰਦੇ ਕਿ ਕੁਝ ਨਹੀਂ ਹੋਇਆ। ਇਹ ਕਦੇ ਪੰਜਾਹ ਹਜ਼ਾਰ ਦੀ, ਕਦੇ ਵੀਹ ਹਜ਼ਾਰ ਦੀ, ਕਦੇ ਤੀਹ ਹਜ਼ਾਰ ਦੀ ਫਿਗਰ ਐਡ ਕਰਦੇ ਰਹਿੰਦੇ ਹਨ। ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਐਡ ਹੋਇਆ ਹੈ। ਪੁਰਾਣੇ ਪੰਜ ਸਾਲਾਂ ਵਿੱਚ ਨਾ ਤਾਂ ਕੋਈ ਸਕੂਲ ਬਣੇ, ਨਾ ਕੋਈ ਹਸਪਤਾਲ ਬਣੇ, ਨਾ ਹੀ ਕੋਈ ਸਕੀਮ ਲਾਂਚ ਹੋਈ ਕਿਉਂਕਿ ਲਗਭਗ ਦੋ-ਢਾਈ ਸਾਲ ਕੋਵਿਡ ਕਰਕੇ ਘਰ ਹੀ ਬੈਠੇ ਰਹੇ ਤੇ ਕਿਸੇ ਨੇ ਕੋਈ ਕੰਮ ਹੀ ਨਹੀਂ ਕੀਤਾ ਸੀ। ਉਸ ਸਮੇਂ ਦੇ ਮੁੱਖ ਮੰਤਰੀ ਤਾਂ ਵੈਸੇ ਹੀ ਬਾਹਰ ਨਹੀਂ ਨਿਕਲਦੇ ਸਨ ਤੇ ਵੈਸੇ ਹੀ

ਕਿਸੇ ਕੰਮ-ਕਾਰ ਲਈ ਨਹੀਂ ਜਾਂਦੇ ਸੀ ਤੇ ਫਿਰ ਵੀ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾ ਐਡ ਹੋਇਆ ਹੈ। ਸੋ, ਅਸੀਂ ਜਿੰਨੀ ਵੀ borrowing ਕਰ ਰਹੇ ਹਾਂ ਉਸ ਵਿੱਚੋਂ ਮੈਕਸੀਮਮ ਪੁਰਾਣੇ ਲੋਨ ਦੀ ਰੀਪੇਅਮੈਂਟ ਹੋ ਰਹੀ ਹੈ। ਇਸ ਦੇ ਨਾਲ ਹੀ ਜਿਹੜੀ ਜੀ.ਐਸ.ਟੀ. ਦੀ ਗੱਲ ਕਰਦੇ ਹਨ, ਪੰਜਾਬ ਦੇ ਅੰਦਰ ਸਰਕਾਰ ਬਣਨ ਤੋਂ ਬਾਅਦ 17 ਪੁਆਇੰਟ ਤੋਂ ਉੱਪਰ ਲਗਭਗ 18% ਜੀ.ਐਸ.ਟੀ ਦੀ ਕੁਲੈਕਸ਼ਨ ਪੰਜਾਬ ਵਿੱਚ ਵਧੀ ਹੈ। ਇਸ ਦੇ ਨਾਲ ਹੀ ਅਸੀਂ ਨਵੀਆਂ ਨਵੀਆਂ ਸਕੀਮਾਂ ਲੈ ਕੇ ਆ ਰਹੇ ਹਾਂ । ਮਾਣਯੋਗ ਮੁੱਖ ਮੰਤਰੀ ਸਾਹਿਬ ਹਮੇਸ਼ਾ ਹੀ ਪੰਜਾਬ ਦਾ ਮਾਲੀਆ ਵਧਾਉਣ ਵਾਸਤੇ ਯਤਨ ਕਰ ਰਹੇ ਹਨ। ਇਸ ਵਾਸਤੇ ਉਹ ਬਿਲ ਲਿਆਓ, ਇਨਾਮ ਪਾਓ ਸਕੀਮ ਲੈ ਕੇ ਆਏ। ਇਸ ਦੇ ਬਹੁਤ ਚੰਗੇ ਨਤੀਜੇ ਪੰਜਾਬ ਵਿੱਚ ਸਾਹਮਣੇ ਆ ਰਹੇ ਹਨ। ਹੁਣ ਤੱਕ ਲਗਭਗ 800 ਲੋਕਾਂ ਦਾ ਪਤਾ ਲਗਿਆ ਜਿਹੜੇ ਜਾਅਲੀ ਜਾਂ ਫਰਜ਼ੀ ਬਿਲ ਕੱਟਦੇ ਸੀ। ਅਜੇ ਇਹ ਸਕੀਮ ਲਾਂਚ ਹੋਏ ਨੂੰ ਦੋ ਮਹੀਨੇ ਹੀ ਹੋਏ ਹਨ ਅਤੇ ਦੋ ਮਹੀਨੇ ਵਿੱਚ ਹੀ 800 ਲੋਕਾਂ ਤੋਂ ਉੱਪਰ ਦਾ ਪਤਾ ਲੱਗ ਚੁੱਕਿਆ ਹੈ। ਹਾਲਾਂਕਿ ਇਸ ਸਬੰਧੀ ਅਜੇ ਇਨਵੈਸਟੀਗੇਸ਼ਨ ਜਾਰੀ ਹੈ ਤੇ ਉਨ੍ਹਾਂ ਤੇ ਕਾਰਵਾਈ ਵੀ ਹੋਵੇਗੀ। ਲੋਕਾਂ ਨੂੰ ਅੱਛੀਆਂ ਵਸਤਾਂ ਵੀ ਮਿਲਣਗੀਆਂ। ਇਸ ਦੇ ਨਾਲ ਹੀ tax intelligence unit ਦੀ ਪੰਜਾਬ ਵਿੱਚ ਸਥਾਪਨਾ ਕੀਤੀ ਹੈ। ਉਸ ਨਾਲ ਵੱਡਾ ਗਰੋਥ ਆ ਰਿਹਾ ਹੈ। ਹੁਣੇ ਹੀ ਮਾਣਯੋਗ ਮੁੱਖ ਮੰਤਰੀ ਸਾਹਿਬ ਨੇ ਸਾਡੇ ਡਿਪਾਰਟਮੈਂਟ ਦੀ ਡਿਊਟੀ ਲਗਾਈ ਤੇ ਹੈਦਰਾਬਾਦ ਆਈ.ਆਈ.ਟੀ. ਦੇ ਨਾਲ ਇੱਕ ਨਵਾਂ ਇਕਰਾਰ ਕੀਤਾ ਜਿਸ ਨਾਲ ਪੰਜਾਬ ਦਾ ਮਾਲੀਆ ਤੇ ਪੰਜਾਬ ਦਾ ਜੀ.ਐਸ.ਟੀ. ਦਾ ਰੈਵੇਨਿਊ ਬਹੁਤ ਤੇਜ਼ੀ ਨਾਲ ਵਧਣ ਦੀ ਆਸ ਹੈ। ਇਸ ਤੋਂ ਬਿਨਾਂ ਜੇ ਮੈਂ ਪੁਰਾਣੀ ਗੱਲ ਕਰਾਂ ਤਾਂ ਪੁਰਾਣੇ ਸਮੇਂ ਵਿੱਚ ਸਾਲ 2017 ਤੋਂ ਲੈ ਕੇ ਸਾਲ 2022 ਤੱਕ ਜੀ.ਐਸ.ਟੀ. ਰਿਜ਼ੀਮ ਸਿਰਫ 6% ਸੀ ਜਿਹੜਾ ਕਿ ਹੁਣ ਵੱਧ ਕੇ 17% ਹੋ ਗਿਆ ਹੈ, ਲਗਾਤਾਰ ਗ੍ਰੋਥ ਜਾਰੀ ਹੈ। ਇਸ ਤੋਂ ਬਿਨਾਂ ਅੱਜ ਮੈਨੂੰ ਹਾਊਸ ਨੂੰ ਦੱਸਦਿਆਂ ਬੜੀ ਖੁਸ਼ੀ ਹੋ ਰਹੀ ਹੈ ਕਿ ਜਦੋਂ ਦੇਸ਼ ਦੇ ਅੰਦਰ ਜੀ.ਐਸ.ਟੀ. ਰਿਜ਼ੀਮ ਆਈ ਤਾਂ ਕੰਪਨਸੇਸ਼ਨ ਭਾਰਤ ਸਰਕਾਰ ਦੇ ਰਹੀ ਸੀ ਤੇ ਰਾਜ ਸਰਕਾਰ ਕੰਪਨਸੇਸ਼ਨ ਤੇ ਡਿਪੈਂਡ ਸੀ ਤਾਂ ਉਸ ਸਮੇਂ ਕਾਂਗਰਸ ਪਾਰਟੀ ਦੇ ਵਿੱਤ ਮੰਤਰੀ ਨੇ ਆਪਣੇ ਆਂਕੜੇ, ਆਪਣਾ ਰਿਕਾਰਡ ਸਹੀ ਢੰਗ ਨਾਲ ਭਾਰਤ ਸਰਕਾਰ ਨੂੰ ਪੇਸ਼ ਨਹੀਂ ਕੀਤਾ।

0545/mehak/Rajneesh kumar

0550/Sukhpiar Singh

ਗੌਰਮਿੰਟ ਆਫ ਇੰਡੀਆ ਅਤੇ ਕੈਗ ਕੋਲ ਰਿਕਾਰਡ ਸਹੀ ਨਹੀਂ ਗਿਆ ਔਰ ਗੌਰਮਿੰਟ ਆਫ ਇੰਡੀਆ ਨੇ ਸਾਨੂੰ ਲੈਟਰ ਕੱਢਿਆ ਕਿ 3900 ਕਰੋੜ ਰੁਪਏ ਜੀ.ਐਸ.ਟੀ. ਕੰਪਨਸੇਸ਼ਨ ਦਾ ਪੰਜਾਬ ਵੱਲ ਵੱਧ ਚਲਿਆ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਇਹ ਗੱਲ ਪਹਿਲੀ ਵਾਰ ਸ਼ੇਅਰ ਹੋ ਰਹੀ ਹੈ ਕਿ 3900 ਕਰੋੜ ਰੁਪਏ ਪੰਜਾਬ ਵੱਲ ਐਕਸਟਰਾ ਪੈਸੇ ਚਲੇ ਗਏ, ਵਾਪਸ ਕਰੋ, ਇਹ ਲੈਟਰ ਸਾਡੇ ਡਿਪਾਰਟਮੈਂਟ ਕੋਲ ਆਇਆ ਸੀ। ਉਸ ਤੋਂ ਬਾਅਦ ਅਸੀਂ ਸਾਰੇ ਵਹੀ ਖਾਤੇ ਅਤੇ ਸਾਰਾ ਸਿਸਟਮ ਚੈੱਕ ਕੀਤਾ, ਲਗਾਤਾਰ ਸਾਡੇ ਡਿਪਾਰਟਮੈਂਟ ਨੇ ਮਾਣਯੋਗ ਮੁੱਖ ਮੰਤਰੀ ਸਾਹਿਬ ਤੋਂ ਗਾਈਡੈਂਸ ਲਈ ਕਿ ਅਸੀਂ ਕਿਸ ਤਰ੍ਹਾਂ ਕੰਮ ਕਰੀਏ, ਔਰ ਹੋਇਆ ਕੀ? ਉਹ 3900 ਕਰੋੜ ਰੁਪਏ ਤਾਂ ਮੁਆਫ ਕਰਵਾਇਆ ਹੀ ਕਰਵਾਇਆ ਕਿ ਇਹ ਬਕਾਇਆ ਨਹੀਂ ਨਿਕਲਦਾ, ਉਹ ਤਾਂ ਰਿਜੈਕਟ ਕਰਵਾਇਆ ਹੀ ਕਰਵਾਇਆ, ਉਸ ਦੇ ਨਾਲ ਦੀ ਨਾਲ 5005 ਕਰੋੜ ਰੁਪਏ ਦਾ ਨਵਾਂ ਕਲੇਮ ਗੌਰਮਿੰਟ ਆਫ ਇੰਡੀਆ ਕੋਲ lodge

ਕੀਤਾ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਮੈਨੂੰ ਇਹ ਗੱਲ ਸਦਨ ਨੂੰ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ 3670 ਕਰੋੜ ਰੁਪਏ ਪੰਜਾਬ ਦੀ ਖਜ਼ਾਨੇ ਵਿੱਚ ਆਏ ਹਨ। ਮੈਂ ਤਾਂ ਕਹਿੰਦਾ ਹਾਂ ਕਿ ਪਹਿਲਾਂ ਤਾਂ ਬਿਲਕੁਲ ਕੋਈ ਧਿਆਨ ਹੀ ਨਹੀਂ ਰੱਖਿਆ ਜਾਂਦਾ ਸੀ, ਇੱਥੋਂ ਤੱਕ ਨਹੀਂ ਦੇਖਿਆ ਗਿਆ ਕਿ ਕਿਹੜਾ ਕਲੇਮ ਕਰਨਾ ਹੈ, ਕਿਹੜਾ ਕਲੇਮ ਨਹੀਂ ਕਰਨਾ ਹੈ। ਸੋ, ਅੱਜ ਮੈਂ ਫਿਰ ਇਹੀ ਬੇਨਤੀ ਕਰਦਾ ਹਾਂ ਕਿ ਇਸ ਬਿਲ ਨੂੰ ਤੁਰੰਤ ਪਾਸ ਕੀਤਾ ਜਾਵੇ। ਸੋ, ਸਪੀਕਰ ਸਾਹਿਬ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।"

ਪ੍ਰਸਤਾਵ ਪ੍ਰਵਾਨ ਹੋਇਆ । (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਮਾਣਯੋਗ ਸਪੀਕਰ: ਹੁਣ ਸਦਨ ਬਿਲ ਤੇ ਕਲਾਜ਼ ਵਾਰ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ ਕਲਾਜ਼ (2)

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ। *(ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)*

ਕਲਾਜ਼ 2

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਕਲਾਜ਼ 1 ਦੀ ਸਬ ਕਲਾਜ਼ (1)

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸਿਰਲੇਖ

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਮਾਣਯੋਗ ਸਪੀਕਰ: ਮੰਤਰੀ ਜੀ, ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ: ਪ੍ਰਸਤਾਵ ਕੀਤਾ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਮਾਣਯੋਗ ਸਪੀਕਰ: ਪ੍ਰਸ਼ਨ ਹੈ-

ਕਿ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (ਸੋਧਨਾ) ਬਿਲ, 2023 ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

ਮਾਣਯੋਗ ਸਪੀਕਰ: ਹੁਣ ਸਦਨ ਬੁੱਧਵਾਰ, ਮਿਤੀ 29 ਨਵੰਬਰ, 2023 ਨੂੰ 10:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

(*5:53 ਵਜੇ ਬਾਅਦ ਦੁਪਹਿਰ) (*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 29 ਨਵੰਬਰ, 2023 ਦੇ 10:00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)